ਕੁਝ ਸ਼ਬਦ

ਵਧੇਰੇ ਸਰਮਾਇਆ...ਹੋਰ ਵਧੇਰੇ ਸਰਮਾਇਆ...ਇਕੱਠਾ ਕਰਨ ਦੀ ਹਵਸ ਅਧੀਨ, ਜਦ ਮੌਤ ਦੇ ਵਪਾਰੀ—ਮਾਇਆਧਾਰੀ, ਕਿਰਤੀਆਂ ਦੇ ਲਹੂ ਨਾਲ ਹੋਲੀ ਖੇਡ ਰਹੇ ਹੋਣ, ਤਾਂ ਫੇਰ ਭਲਾ ਕਿਰਤੀਆਂ ਦੀ ਮਾਨਸਿਕਤਾ 'ਚ ਵਿਦਰੋਹ ਦੇ ਚੰਗਿਆੜੇ ਮੱਚਣੋਂ ਕਿਵੇਂ ਰਹਿ ਸਕਦੇ ਨੇ।...ਪਰ, ਵਿਦਰੋਹ ਦੇ ਇਹਨਾਂ ਚੰਗਿਆੜਿਆਂ ਨੂੰ ਜਮਾਤੀ ਜੱਦੋ-ਜਹਿਦ ਦੀਆਂ ਲਾਟਾਂ 'ਚ ਪਲਟਣ ਲਈ, ਦਰੁੱਸਤ ਸੇਧ ਅਤੇ ਤਲੀ 'ਤੇ ਟਿਕੇ ਸਿਰਾਂ ਦੀ ਲੋੜ ਜ਼ਰੂਰ ਪੈਂਦੀ ਐ।

ਜਿਹੀ ਜਮਾਤੀ ਜੱਦੋ-ਜਹਿਦ ਦੀਆਂ ਲਾਟਾਂ, ਨਕਸਲਬਾੜੀ ਲਹਿਰ ਦੇ ਰੂਪ 'ਚ ਮੱਚੀਆਂ ਸਨ, ਉਹਨਾਂ ਲਾਟਾਂ ਦਾ ਚਾਨਣ ਅਤੇ ਸੇਕ ਈ, ਹੇਠਲੇ ਨਾਵਲ ਦੀ ਹੀਰੋ ਕਿਰਣ ਲਈ ਗੁੜਤੀ ਬਣਿਆ। ਇਸੇ ਗੁੜਤੀ ਨੇ ਈ, ਕਿਰਣ ਨੂੰ ਜਮਾਤੀ ਜੱਦੋ-ਜਹਿਦ ਦੇ ਸੰਪਰਕ 'ਚ ਖਿਚਿਆ ਇਸੇ ਗੁੜਤੀ ਨੇ ਈ, ਕਿਰਣ ਦਾ, ਕਿਰਤੀਆਂ ਦੀ ਚੱਲ ਰਹੀ ਜਮਾਤੀ ਜੱਦੋ-ਜਹਿਦ ਦੀ, ਅੰਤਮ ਰੂਪ ਵਿਚ ਹੋਣ ਵਾਲੀ ਜਿੱਤ 'ਚ, ਵਿਸ਼ਵਾਸ ਪਕੇਰਾ ਕੀਤਾ। ਇਸੇ ਗੁੜਤੀ ਨੇ ਈ ਤਾਂ ਮੌਤ ਦੇ ਵਣਜਾਰਿਆਂ ਅਤੇ ਫਿਰਕੂ-ਜਨੂੰਨੀਆਂ ਵੱਲੋਂ ਕੀਤੇ ਗਏ ਹਮਲਿਆਂ ਦਾ ਸਾਹਮਣਾ ਕਰਨ ਦੀ, ਕਿਰਣ 'ਚ, ਇਕ ਸ਼ੀਹਣੀ ਦੀ ਜੁਰਅੱਤ ਜਿਹੀ ਜੁਰਅੱਤ ਪੈਦਾ ਕੀਤੀ, ਮੌਤ ਦੇ ਵਣਜਾਰਿਆਂ ਅਤੇ ਫਿਰਕੂ-ਜਨੂੰਨੀਆਂ ਵਲੋਂ ਕੀਤੇ ਗਏ ਵਹਿਸ਼ੀਆਨਾ ਹਮਲਿਆਂ ਨੇ, ਕਿਰਣ ਦੇ ਦਿਲ ਨੂੰ [illegible] ਫੱਟੜ ਕੀਤਾ ਪਰ ਇਹ ਹਮਲੇ ਉਸ ਦੀ ਸ਼ੀਹਣੀ ਵਾਲੀ ਜੁਰਅੱਤ ਨੂੰ ਫੱਟੜ ਨਹੀਂ ਕਰ ਸਕੇ।

ਕੌਮ, ਫਿਰਕੇ ਜਾਂ ਨਸਲ ਦੇ ਨਜ਼ਰੀਏ ਨਾਲ ਟੀਰੀਆਂ ਹੋਈਆਂ ਅੱ
ਹੱਥਲੇ ਨਾਵਲ ਦੀ ਹੀਰੋ ਕਿਰਣ ਨੂੰ ਕਿਸੇ ਵੀ ਸੂਰਤ 'ਚ ਨਹੀਂ ਪਹਿਚਾ
ਸਕਦੀਆਂ। ਇਸ ਕਿਰਣ ਨੂੰ ਤਾ ਸਿਰਫ ਉਸੇ ਜਮਾਤ ਦੇ ਨਜ਼ਰੀਏ ਰਾ
ਪਹਿਚਾਣਿਆ ਜਾ ਸਕਦਾ ਹੈ, ਜਿਸ ਜਮਾਤ ਦੀ ਮੁਕਤੀ ਨਾਲ ਕਿਰਣ
ਦੁੱਖਾਂ ਦੀ ਲੜੀ ਦਾ ਅੰਤ ਬੱਝਿਆ ਹੋਇਐ। ਇਹ ਜਮਾਤ ਹੈ, ਪ੍ਰੋਲੇਤਾ
ਜਮਾਤ।

ਹੱਥਲੇ ਨਾਵਲ ਨੂੰ ਨੇਪਰੇ ਚਾੜ੍ਹਨ ਲਈ, ਸਾਥੀ 'ਜਥੇਦਾਰ' ਨੇ ਚਿੱਠੀ
ਪੱਤਰ ਰਾਹੀਂ, ਮੇਰੀ ਜਿਹੜੀ ਹੌਸਲਾ-ਅਫਜ਼ਾਈ ਕੀਤੀ, ਇਸ 'ਤੇ ਮੈਂ, ਉ
ਦਾ ਸ਼ੁਕਰ-ਗੁਜ਼ਾਰ ਹਾਂ। ਸਾਥੀ 'ਹਰਬੰਸ' ਨੇ ਹੱਥਲੇ ਨਾਵਲ ਨੂੰ ਕਲਾਤਮ
ਪੱਖੋਂ ਵਿਕਸਤ ਕਰਨ ਲਈ ਜਿਹੜੇ ਕੀਮਤੀ ਸੁਝਾ ਦਿਤੇ, ਇਸ 'ਤੇ ਮੈਂ
ਉਸ ਦਾ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦਾ। ਬਾਈ, ਜਸਮੇਲ ਕੌ
ਨੇ, ਹੱਥਲੇ ਨਾਵਲ ਨੂੰ ਗ੍ਰਾਮਰ ਪੱਖੋਂ ਸੁਧਾਰਨ 'ਚ ਜਿਹੜੀ ਬੀਮਾਰ ਹੋਣ ਦੀ
ਸੂਰਤ 'ਚ ਮਿਹਨਤ ਕੀਤੀ, ਇਸ 'ਤੇ ਮੈਂ ਉਸ ਦਾ ਧੰਨਵਾਦੀ ਹਾਂ। ਹੋ
ਦੋਸਤਾਂ ਮਿੱਤਰਾਂ ਨੇ ਹੱਥਲੇ ਨਾਵਲ ਨੂੰ ਨੇਪਰੇ ਚਾੜਨ 'ਚ, ਮੇਰਾ ਜਿਹ
ਸਾਥ ਦਿੱਤਾ, ਮੈਂ ਉਸ ਨੂੰ ਕਦੇ ਨਹੀਂ ਭੁਲਾ ਸਕਦਾ। ਭ੍ਰਾਅ ਗੁਰਸ਼ਰਨ ਜੀ
ਹੱਥਲੇ ਨਾਵਲ ਨੂੰ ਪ੍ਰਕਾਸ਼ਤ ਕਰਕੇ, ਪਾਠਕਾਂ ਤੱਕ ਪਹੁੰਚਾਉਣ ਦੀ ਜੋ ਹਿੰਮ
ਕੀਤੀ ਹੈ, ਇਸ ਦਾ ਮੈਂ ਕਦਰਦਾਨ ਹਾਂ।

ਇਨਕਲਾਬੀ ਸ਼ੁਭ-ਇਛਾਵਾਂ ਨਾ

ਬਾਰੂ ਸਤਵਰ
ਪਿੰਡ + ਡਾ: : ਮਹਿਰਾ
ਜ਼ਿਲ੍ਹਾ ਬਠਿੰਡਾ (ਪੰਜਾਬ

ਇੱਕ

'ਮੈਂ, ਤੁਹਾਡੇ ਕਮਰੇ 'ਚ, ਆਪਣੇ ਕਮਰੇ ਵਾਂਗ, ਕਿਵੇਂ ਆ ਦਾਖਲ ਹੋਈ ?'

ਗੰਭੀਰਤਾ ਨਾਲ ਭਰੀਆਂ, ਤੁਹਾਡੀਆਂ ਅੱਖਾਂ 'ਚ ਇਹੋ ਸਵਾਲ ਈ ਤਾਂ ਤੈਰ ਰਿਹਾ ਏ ਨਾ ? ਆਪਣੇ ਇਸ ਸਵਾਲ ਬਾਰੇ, ਤੁਸੀਂ ਮੇਰੇ ਕੋਲੋਂ, ਬੇਸ਼ੱਕ ਨਾ ਪੁੱਛੋ, ਪਰ ਮੈਂ, ਤੁਹਾਡੇ ਇਸ ਸਵਾਲ ਦਾ ਜਵਾਬ ਦੇ ਕੇ ਈ, ਆਪਣੀ ਹੱਡ-ਬੀਤੀ ਸੁਣਾਉਣੀ ਸ਼ੁਰੂ ਕਰਾਂਗੀ ਤਾਂ ਕਿ ਆਪਣੇ ਵਿਚਕਾਰੋਂ ਓਪਰਾਪਣ ਖਤਮ ਹੋ ਸਕੇ ਤੇ ਤੁਸੀਂ ਆਪਣਿਆਂ ਵਾਂਗ ਮੇਰੀ ਹੱਡ-ਬੀਤੀ ਸੁਣ ਸਕੋ ।

ਲਉ ਸੁਣੋ ! ਮੈਂ ਤੁਹਾਡੇ ਕੋਲ ਆਉਣ ਤੋਂ ਪਹਿਲਾਂ, ਜਿਹਨਾਂ ਜਿਹਨਾਂ ਕੋਲ, ਆਪਣੀ ਹੱਡ-ਬੀਤੀ ਸੁਣਾਉਣ ਦੀ ਆਸ ਨਾਲ ਗਈ, ਹੁਣ ਤੁਹਾਨੂੰ, ਉਹਨਾਂ ਬਾਰੇ ਦੱਸਦੀਆਂ । ਹਾਂ ! ਉੱਨੀ ਸੌ ਸੰਤਾਲੀ 'ਚ ਵਾਪਰੀਆਂ ਦਰਦਨਾਕ ਘਟਨਾਵਾਂ ਨਾਲ ਜਿਸ ਕਵਿੱਤਰੀ ਦਾ ਦਿਲ ਪਸੀਜਿਆ ਗਿਆ ਸੀ ਨਾ, ਮੈਂ ਸਭ ਤੋਂ ਪਹਿਲਾਂ, ਉਸ ਦੇ ਬੰਗਲੇ ਨੂੰ ਤੁਰੀ । ਕਿਉਂਕਿ ਉਸ ਕਵਿੱਤਰੀ ਨੇ ਮੇਰੇ ਵਰਗੀਆਂ ਪੀੜਤਾਂ ਦੀ ਹਮਦਰਦੀ 'ਚ, ਉਸ ਸਮੇਂ ਕਿੰਨੀਆਂ ਈ ਕਵਿਤਾਵਾਂ ਲਿਖੀਆਂ ਸਨ । ਮੈਂ ਜਦ ਉਸ ਦੇ ਬੰਗਲੇ ਦੇ ਬੂਹੇ 'ਤੇ ਪਹੁੰਚੀ ਤਾਂ ਉਸ ਸਮੇਂ, ਉਹ ਆਪਣੇ ਡਰਾਇੰਗ ਰੂਮ 'ਚ, ਸੋਫਾ-ਸੈਟ ਦੀ ਸੀਟ ਨਾਲ ਢੋਅ ਲਾਈ,ਮਦਹੋਸ਼ੀ ਦੀ ਹਾਲਤ 'ਚ ਬੈਠੀ ਸੀ । ਉਸ ਦੇ ਮੂਹਰੇ ਪਈ ਤਿਰਪਾਈ 'ਤੇ ਚਾਂਦੀ ਦਾ ਗਲਾਸ, ਪਾਣੀ ਦਾ ਜੱਗ ਅਤੇ ਅੱਧੀ ਬੋਤਲ ਵਿਸਕੀ ਦੀ ਪਈ ਸੀ । ਉਸਦੀਆਂ ਮੱਦਹੋਸ਼ ਅੱਖਾਂ ਦੀ ਨਜ਼ਰ, ਸਾਹਮਣੇ ਕੰਧ 'ਤੇ ਤਰਤੀਬ-ਵਾਰ ਪਏ ਉਹਨਾਂ

ਇਨਾਮਾਂ-ਸਨਮਾਨਾਂ 'ਤੇ ਟਿਕੀ ਹੋਈ ਸੀ, ਜਿਹੜੇ ਉਸ ਨੂੰ ਬੰਦੇ-ਖਾਣੀ ਹਕੂਮਤ ਕੋਲੋਂ ਮਿਲੇ ਹੋਏ ਸਨ।

ਮੈਂ ਇਹ ਸਭ-ਕੁਝ ਤੱਕ ਕੇ, ਮਨ ਈ ਮਨ 'ਚ ਹੈਰਾਨ ਰਹਿ ਗਈ ਸਾਂ, ਮੇਰੀ ਹੈਰਾਨੀ ਉਦੋਂ ਤਾਂ ਹੋਰ ਵੀ ਵਧ ਗਈ ਸੀ ਜਦ ਉਸ ਨੇ, ਇਨਾਮਾਂ-ਸਨਮਾਨਾਂ ਵੱਲ ਆਪਣੀ ਵਧਾਈ ਬਾਂਹ ਦਾ ਹੱਥ, ਲੋਰ 'ਚ ਆ ਕੇ, ਹਵਾ 'ਚ ਲਹਿਰਾਉਂਦਿਆਂ, ਗੁਣ-ਗਣਾਉਣਾ ਸ਼ੁਰੂ ਕਰ ਦਿੱਤਾ ਸੀ :

ਚੱਪਾ...ਕੁ ਚੰਨ...ਤੇ...ਮੁੱਠ ਕੁ ਤਾਰੇ...।'

ਮੇਰਾ ..ਮੱਲ ..ਬੈਠੇ ..ਅਸਮਾਨ...ਵੇ...ਹੋ ..''

ਉਸ ਦੀ ਇਹ ਆਵਾਜ਼ ਜਿਉਂ ਈ ਮੇਰੇ ਕੰਨੀਂ ਪਈ, ਤਿਉਂ ਈ ਮੈਂ, ਆਪਣੇ-ਆਪ ਨੂੰ ਆਖਿਆ :

'ਇੱਥੋਂ ਤੁਰ ਚੱਲ ਅੜੀਏ ! ਇਸ ਵਿਚਾਰੀ ਦੇ ਅਸਮਾਨ ਨੂੰ ਤਾਂ ਇਨਾਮ ਸਨਮਾਨ ਈ ਮੱਲੀ ਬੈਠੇ ਨੇ...ਤੇਰੀ ਹੱਡ-ਬੀਤੀ ਲਈ ਇਸ ਦੇ ਅਸਮਾਨ 'ਚ ਕਿੱਥੋਂ ਥਾਂ ਬਚੀ ਹੋਵੇਗੀ ?'' ਟੁੱਟੀ-ਆਸ ਨਾਲ ਮੈਂ ਉੱਥੋਂ ਤੁਰ ਪਈ ਸਾਂ।...

ਮੇਰੇ ਤੁਰਦੀ ਦੇ ਦਿਮਾਗ 'ਚ ਜਿਉਂ ਈ, ਪੈਂਹਠ-ਸੱਤਰ ਸਾਲ ਦੇ ਲੇਖਕ ਸੂਰਮੇਲ ਦਾ ਗੋਰਾ ਰੰਗ, ਮੋਟੀਆਂ-ਮੋਟੀਆਂ ਸ਼ਰਬਤੀ ਅੱਖਾਂ, ਸੁਡੋਲ ਸਰੀਰ, ਲੰਮ-ਤਲੰਮਾ ਕੱਦ ਅਤੇ ਖੁਲ੍ਹੀ-ਸਫੈਦ ਦਾੜ੍ਹੀ ਉਭਰਨੀ ਸ਼ੁਰੂ ਹੋਈ ਸੀ, ਤਿਉਂ ਈ ਮੇਰੀ ਟੁੱਟੀ ਆਸ ਗੰਢੀ ਜਾਣ ਲੱਗ ਪਈ ਸੀ। ਮੇਰੇ ਪੈਰ ਆਪ-ਮੁਹਾਰੇ, ਬੱਸਾਂ ਦੇ ਉਸ ਅੱਡੇ ਵੱਲ ਵਧਣ ਲੱਗ ਪਏ ਸਨ, ਜਿਸ 'ਤੋਂ ਸੂਰਮੇਲ ਦੇ ਪਿੰਡ ਨੂੰ ਬੱਸਾਂ ਆਮ ਚੱਲਦੀਆਂ ਸਨ ...

ਬੱਸ 'ਚ ਬੈਠੀ ਮੈਂ ਸੋਚਣ ਲੱਗ ਪਈ ਸਾਂ— ਉਹ, ਗੱਲਾਂ ਤਾਂ ਅੜੀਏ, ਗਰੀਬ ਗੁਰਬਿਆਂ ਦਾ ਲੇਖਕ ਹੋਣ ਦੀਆਂ ਕਰਦੈ। ..ਮਨੁੱਖਤਾ ਦਾ ਮੁੱਦਈ ਹੋਣ ਦੀਆਂ ਕਰਦੈ...ਸਭ ਦੀ ਆਵਾਜ਼ ਨੂੰ ਬੁਲੰਦ ਕਰਨ ਦੀਆਂ ਕਰਦੈ...ਫੇਰ, ਉਹ ...'ਗਰੀਬ ਲਾਲੋ ਦੀ ਦੁੱਖਾਂ ਮਾਰੀ ਧੀ ਦੀ ਹੱਡ-ਬੀਤੀ ਕਿਉਂ ਨਹੀਂ ਸੁਣੇਗਾ ? ...ਲੁੱਟੇਰੀ ਅਤੇ ਬੁੱਚੜ ਹਕੂਮਤ ਦਾ ਪਰਦਾ-ਫਾਸ਼ ਕਿਉਂ ਨਹੀ ਕਰੇਗਾ...ਮੈਨੂੰ ਦਿਲ ਨਹੀਂ ਛੱਡਣਾ ਚਾਹੀਦਾ...ਉਹ, ਮੇਰੀ ਹੱਡ-ਬੀਤੀ ਆਪ ਵੀ ਜ਼ਰੂਰ ਸੁਣੇਗਾ ਅਤੇ ਆਪਣੀ ਕਿਰਤ ਰਾਹੀਂ ਲੋਕਾਂ ਨੂੰ ਵੀ ਜ਼ਰੂਰ ਸੁਣਾਵੇਗਾ...''

ਮੈਂ ਇਹਨਾਂ ਸੋਚਾਂ 'ਚ ਗੁਆਚੀ ਜਦੋਂ ਸੂਰਮੇਲ ਦੀ ਕੋਠੀ ਦੇ, ਅੰਦਰੋਂ

ਬੰਦ ਕੀਤੇ ਗੇਟ ਮੂਹਰੇ ਪਹੁੰਚੀ, ਤਾਂ ਉਦੋਂ ਗੇਟੋਂ ਅੰਦਰਲੀ ਬਗੀਚੀ 'ਚ, ਇਕ ਮਾੜੂਆ ਜਿਹਾ ਨੌਕਰ ਗੋਡੀ ਕਰੀ ਜਾ ਰਿਹਾ ਸੀ।.. ਛੋਟੀ ਜਿਹੀ, ਕਾਲੀ ਕਲਗੀ ਵਾਲੀ ਇਕ ਕਾਲ-ਚਿੜੀ, ਗੁਲਾਬ ਦੇ ਬੂਟੇ ਦੁਆਲੇ, ਸੋਗੀ ਆਵਾਜ਼ 'ਚ 'ਚੀਂ ਚੀਂ...' ਕਰੀ ਜਾ ਰਹੀ ਸੀ। ਲੇਖਕ ਦੇ ਘਰ ਹੋਣ ਬਾਰੇ, ਮੈਂ ਹਾਲੇ-ਗੋਡੀ ਕਰ ਰਹੇ ਨੌਕਰ ਕੋਲੋਂ ਪੁੱਛਣ ਈ ਲੱਗੀ ਸਾਂ ਕਿ ਇਨੇਂ ਨੂੰ ਕੇਲਿਆਂ ਦੇ ਝੁੰਡ ਉਹਲਿਓਂ ਸੁਰਮੇਲ, ਆਪਣੇ ਦੂਸਰੇ ਵਿਆਹ ਦੀ ਨਵ-ਵਿਆਹੁਤਾ ਪਤਨੀ ਦੇ ਬਰਾਬਰ ਤੁਰਿਆ ਆਉਂਦਾ, ਮੇਰੀ ਨਜ਼ਰ ਪੈ ਗਿਆ ਸੀ। ਉਹ ਦੋਵੇਂ ਮੱਟਕ-ਮੱਟਕ ਤੁਰੇ ਆ ਰਹੇ ਸਨ। ਗੁਲਾਬੀ ਰੰਗ ਦੀ ਵਿਦੇਸ਼ੀ ਸਾੜ੍ਹੀ 'ਚ ਲਿਪਟੀ, ਨਵ-ਵਿਆਹੁਤਾ ਸੱਠ-ਪੈਂਹਠ ਸਾਲ ਦੀ ਹੋਣ ਦੇ ਬਾਵਜੂਦ ਵੀ ਅਲ੍ਹੜ-ਮੁਟਿਆਰ ਨਜ਼ਰ ਆ ਰਹੀ ਸੀ। ਲੇਕਕ ਦੀ ਚਿੱਟੀ, ਦੁੱਧ ਵਰਗੀ ਕਮੀਜ਼ 'ਤੇ ਕਾਲੇ ਸੱਪ ਵਾਂਗ ਲਟਕਦੀ ਨਕਟਾਈ, ਖੁਲ੍ਹੀ-ਸਫੈਦ ਦਾੜ੍ਹੀ, ਪੱਛਮ ਦੀ ਹਵਾ ਨਾਲ ਅਠਖੇਲੀਆਂ ਕਰਦੀ ਨਜ਼ਰ ਆ ਰਹੀ ਸੀ। ਵਿਦੇਸ਼ੀ ਪੈਂਟ ਅਤੇ ਸੁਰਮਈ ਪੱਗ ਘੋਟ-ਘੋਟ ਕੇ ਬੰਨ੍ਹੀ ਹੋਣ ਕਾਰਨ, ਉਹ ਪੰਜਾਬ ਦੇ ਪੇਂਡੂ ਜੱਟ ਨਾਲੋਂ ਵੱਧ ਇੰਗਲੈਂਡੀਅਨ ਸਿੱਖ ਲੱਗ ਰਿਹਾ ਸੀ।

ਉਹ ਦੋਵੇਂ, ਮੇਰੇ ਵੱਲ ਓਪਰਿਆਂ ਵਾਂਗ ਤੱਕਦੇ-ਤੱਕਦੇ, ਗੇਟੋਂ ਅੰਦਰ ਈ ਬੜ ਗਏ ਸਨ। ਗੁਲਾਬ ਦੀ ਟਾਹਣੀ 'ਤੇ ਬੈਠੀ ਚਿੜੀ ਆਪਣੀ ਸੋਗੀ ਆਵਾਜ਼ 'ਚ ਪਹਿਲਾਂ ਵਾਂਗ ਈ 'ਚੀਂ-ਚੀਂ...' ਦਾ ਰਾਗ ਅਲਾਪੀ ਜਾ ਰਹੀ ਸੀ। ਮੈਂ ਸੁਰਮੇਲ ਨੂੰ ਆਪਣੇ ਆਉਣ ਦਾ ਮਕਸਦ ਦੱਸ ਕੇ ਜਦ ਹਟੀ ਈ ਸੀ ਤਾਂ ਕਾਲੀ ਚਿੜੀ ਉਦੋਂ ਈ, ਟਾਹਣੀ ਨਾਲ ਲਮਕਦੀ ਅੱਧ-ਖਿੜੀ ਕਲੀ 'ਤੇ ਠੁੰਗਾਂ ਮਾਰਨ ਲੱਗ ਪਈ ਸੀ। ਤੇ ਸੁਰਮੇਲ ਮੇਰੇ ਵੱਲ ਬੇਗਾਨਿਆਂ ਵਾਂਗ ਤੱਕਦਾ ਬੋਲਣ ਲੱਗ ਪਿਆ ਸੀ:

—'ਵੇਖ, ਬੀਬਾ ! ਅੱਜ-ਕੱਲ ਮੈਂ ਸਭ ਤੋਂ ਪਹਿਲਾਂ ਆਪਣੇ-ਆਪ ਨੂੰ ਸਿੱਖ ਸਮਝਦਾਂ...ਫੇਰ ਉਸ ਤੋਂ ਪਿੱਛੋਂ ਆਪਣੇ-ਆਪ ਨੂੰ ਪੰਜਾਬੀ ਸਮਝਦਾਂ।... ਪੰਜਾਬ ਨੂੰ ਤੇ ਖਾਸ ਕਰ ਸਿੱਖਾਂ ਨੂੰ ਹਿੰਦੂਆਂ ਦੀ ਸਰਕਾਰ ਦਬਾਅ ਰਹੀ ਐ... ਮੇਰੀ ਸਮਝ ਮੁਤਾਬਕ ਜਿਨ੍ਹਾਂ ਚਿਰ ਪੰਜਾਬ 'ਚੋਂ ਹਿੰਦੂਆਂ ਦਾ ਰਾਜ ਖਤਮ ਨਹੀਂ ਕੀਤਾ ਜਾਂਦਾ ਓਨਾ ਚਿਰ ਪੰਜਾਬ ਸੁਖ ਦਾ ਸਾਹ ਨਹੀਂ ਲੈ ਸਕਦਾ...।'

ਗੁਰਮੇਲ ਦੇ ਸ਼ਬਦਾਂ 'ਚੋਂ ਸੱਚ ਨਾਲ ਈ ਮੈਨੂੰ ਫਿਰਕੂ-ਪੁਣੇ ਦੀ ਬੱਦਬੂ

ਆਈ ਸੀ। ਉਸ 'ਚੋਂ ਅਤੇ ਉਸ ਦੀ ਨਵ-ਵਿਆਹੁਤਾ 'ਚੋਂ, ਖੁਸ਼ਬੂਦਾਰ ਤੇਲ ਦੀ ਆਉਂਦੀ ਸੁਗੰਧੀ, ਮੈਨੂੰ ਬਗੀਚੀ ਦੇ ਫੁੱਲਾਂ ਦੀ ਸੁਗੰਧੀ ਨਾਲ ਟਕਰਾਉਂਦੀ ਜਾਪੀ ਸੀ। ਤੇ ਕਾਲ ਚਿੜੀ ਮੈਨੂੰ ਹੱਦੋਂ ਵੱਧ ਭੈੜੀ ਜਾਪੀ ਸੀ, ਜਿਸ ਨੇ ਠੂੰਗਾਂ ਮਾਰ-ਮਾਰ, ਅੱਧ-ਖਿੜੀ ਕਲੀ ਛਾਣਨੀ-ਛੇਕ ਕਰ ਦਿੱਤੀ ਸੀ। ਮੈਥੋਂ ਉੱਥੇ ਹੋਰ ਬਹੁਤ ਸਮਾਂ ਖਲੋਤਾ ਨਹੀਂ ਸੀ ਗਿਆ। ਮੈਂ ਉੱਥੋਂ, ਆਪਣੇ ਆਪ ਨੂੰ ਇਹ ਕਹਿੰਦੀ ਤੁਰ ਪਈ ਸਾਂ :

—'ਭੈੜੀਏ ! ਇਹਨਾਂ ਤਿਲਾਂ 'ਚ ਵੀ ਤੇਲ ਨਹੀਂ—ਤੇਰੀ ਹੱਡ-ਬੀਤੀ ਸੁਣਨ ਵਾਲਾ ਲੇਖਕ ਹਾਲੇ ਇਸ ਦੁਨੀਆਂ 'ਚ ਪੈਦਾ ਈ ਨਹੀਂ ਹੋਇਆ ..ਤੈਨੂੰ, ਗਰੀਬ ਲਾਲੋ ਦੀ ਧੀ ਨੂੰ ਹਾਲੇ ਆਪਣੀ ਹੱਡ-ਬੀਤੀ ਆਪਣੇ ਦਿਲ ਅਤੇ ਦਿਮਾਗ 'ਚ ਈ ਦਬਾਅ ਕੇ ਰੱਖਣੀ ਪਵੇਗੀ। .'

ਮੈਂ ਸੋਚਾਂ 'ਚ ਗੋਤੇ ਖਾਂਦੀ ਕਿੱਧਰ ਨੂੰ ਤੁਰੀ ਜਾ ਰਹੀ ਸਾਂ , ਇਸ ਗੱਲ ਦਾ ਮੈਨੂੰ ਕੋਈ ਖ਼ਿਆਲ ਨਹੀਂ ਸੀ। ਮੈਂ ਤਾਂ ਉਦੋਂ ਠੰਠਬਰ ਜਿਹੀ ਗਈ ਸਾਂ ਜਦੋਂ ਸਾਹਮਣਿਉਂ ਸੜਕੇ-ਸੜਕ ਆਉਂਦਾ ਉਹ ਬੰਦਾ ਮੇਰੇ ਕੋਲ ਆ ਕੇ ਅਚਾਨਕ ਰੁਕ ਗਿਆ ਸੀ, ਜਿਸ ਬੰਦੇ ਦੇ ਸਿਰ ਉੱਤਲੇ ਰੁੱਖੇ ਰੁੱਖੇ ਵਾਲਾਂ ਦੀਆਂ ਬੋਦੀਆਂ ਪੁਰੇ ਦੀ ਵਗ ਰਹੀ ਮੱਧਮ ਹਵਾ ਨਾਲ ਬੇਮਲੂਮੀਆਂ ਝੂੰਮ ਰਹੀਆਂ ਸਨ ਤੇ ਉਸ ਦੇ ਸ਼ੇਵ ਕੀਤੇ ਮੂੰਹ ਤੇ ਅਪਣੱਤ ਦੇ ਚਿੰਨ੍ਹ ਸਨ। ਮੇਰੀ ਮਾਨਸਿਕ ਹਾਲਤ ਨੂੰ ਭਾਂਪਦੇ ਉਸ ਬੰਦੇ ਨੇ ਸੱਜੇ ਹੱਥ ਵਿਚਲੇ ਭਾਰੇ ਬੈਗ ਨੂੰ ਖੱਬੇ ਹੱਥ 'ਚ ਬਦਲਦਿਆਂ ਮੇਰੇ ਤੇ ਸਵਾਲ ਕੀਤਾ ਸੀ :

'ਕਿਉਂ ਕਿਰਣ ! ਪਛਾਣ ਨਹੀਂ ਆਈ ? ਭੈਣੇ !''

ਮੈਂ ਉਸਦੇ ਸਵਾਲ ਤੋਂ ਤਾਂ ਅੰਦਾਜ਼ਾ ਲਾ ਗਈ ਸਾਂ ਕਿ ਹੈ ਤਾਂ ਕੋਈ ਪੁਰਾਣਾ ਵਾਕਿਫ਼, ਤਾਂ ਹੀ ਤਾਂ ਮੈਨੂੰ ਮੇਰੇ ਪੇਕਿਆਂ ਵਾਲੇ ਨਾਂ ਨਾਲ ਬੁਲਾਇਐ। ...ਪਰ ਹੈ ਕੌਣ ? ਇਸਦਾ ਮੈਨੂੰ ਉਦੋਂ ਕੋਈ ਪਤਾ ਨਹੀਂ ਸੀ ਲੱਗਿਆ। ਮੈਂ ਉਸ ਵੱਲ ਗਹੁ ਨਾਲ ਤੱਕਦੀ ਨੇ ਜਵਾਬ ਦਿੱਤਾ ਸੀ :

'ਨਹੀਂ, ਪਛਾਣ ਨਹੀਂ ਆਈ।'

'ਖ਼ੈਰ ਸਮਾਂ ਵੀ ਬਹੁਤ ਹੋ ਗਿਆ...ਤਕਰੀਬਨ-ਤਕਰੀਬਨ ਤੇਰਾਂ ਚੌਦਾਂ ਸਾਲ ਹੋ ਗਏ ਹੋਣਗੇ ਆਪਾਂ ਨੂੰ ਮਿਲਿਆਂ।...ਨਾਲੇ ਉਦੋਂ ਮੇਰੇ ਦਾੜ੍ਹੀ ਰੱਖੀ ਹੁੰਦੀ ਸੀ ਅਤੇ ਮੈਂ ਪੱਗ ਬੰਨ੍ਹਦਾ ਹੁੰਦਾ ਸੀ ..' ਬੋਲਦਾ ਬੋਲਦਾ ਉਹ ਬੰਦਾ ਮੈਨੂੰ

ਦੱਸ ਗਿਆ ਸੀ...'ਕਿਰਣ, ਮੈਂ ਤੇਰਾ ਕਾਮਰੇਡ ਬਾਈ ਆ ਭੈਣੇ !'

ਉਸਦੇ ਮੂੰਹੋਂ ਨਿਕਲਿਆ 'ਬਾਈ' ਸ਼ਬਦ ਸੁਣਦਿਆਂ ਈ ਮੈਨੂੰ ਇਉਂ ਮਹਿਸੂਸ ਹੋਇਆ ਜਿਵੇਂ ਮੇਰੀਆਂ ਗੁਆਚੀਆਂ ਕੀਮਤੀ ਚੀਜ਼ਾਂ 'ਚੋਂ ਮੈਨੂੰ ਕੋਈ ਚੀਜ਼ ਲੱਭ ਗਈ ਸੀ, ਤੇ ਮੇਰੇ ਬੁਲ੍ਹਾਂ ਤੇ ਮੁਸਕਰਾਹਟ ਓਵੇਂ ਚਮਕ ਪਈ ਸੀ ਜਿਵੇਂ ਗੂੜ੍ਹੀ ਝੜੀ ਦੀ ਰੁੱਤੇ ਕੁੱਝ ਪਲਾਂ ਲਈ ਘਨਘੋਰ ਕਾਲੇ-ਸ਼ਾਹ ਬੱਦਲਾਂ ਤੋਂ ਸੂਰਜ ਬਾਹਰ ਆਇਆ ਹੁੰਦੈ । ਮੈਂ ਉਦਰੇਵੇਂ ਭਰੇ ਅੰਦਾਜ਼ 'ਚ ਚੀਕ ਪਈ ਸਾਂ ।

'ਸੱਚ ਨਾਲ ਈ ਤੁਸੀਂ ਕਾਮਰੇਡ ਬਾਈ ਹੋ...?' ਫੇਰ ਮੇਰਾ ਬੋਲਣ ਦਾ ਅੰਦਾਜ਼ ਗਿਲੇ 'ਚ ਬਦਲਿਆ ਸੀ..''ਮੈਨੂੰ ਤਾਂ ਤੁਸੀਂ ਬਾਈ ! ਉਂਝ ਈ ਮਰੀ ਸਮਝ ਛੱਡਿਆ । ਮੁੜਕੇ ਇੱਟ ਵੀ ਨਹੀਂ ਵਗਾਹੀ । ਤਹਾਨੂੰ ਕੀ ਪਤੈ ਮੇਰੇ ਸਿਰ ਉੱਤੋਂ ਦੀ ਕਿੰਨੇ ਖ਼ੂਨੀ ਝੱਖੜ ਝੁੱਲ ਚੁੱਕੇ ਨੇ...।'

'ਬੱਸ ਭੈਣੇਂ ! ਪੁੱਛ ਨਾ । ਪਾਰਟੀ 'ਚ ਖਿੰਡਾਅ ਆਉਣ ਕਰਕੇ ਕੰਮ ਈ ਇੰਨੇ ਵੱਧ ਗਏ ਸਿਰ ਖੁਰਕਣ ਦੀ ਵਿਹਲ ਵੀ ਨਹੀਂ ਮਿਲੀ...।' ਬੋਲਦੇ ਬੋਲਦੇ, ਬਾਈ ਕਾਮਰੇਡ ਦੀ ਆਵਾਜ਼ 'ਚ ਪਸ਼ਚਾਤਾਪ ਝਲਕ ਪਿਆ ਸੀ,

'ਬਹੁਤ ਅਫਸੋਸ ਐ ਭੈਣੇਂ !ਮੈਂ, ਤੇਰਾ ਪਤਾ ਲੈਣ ਵੀ ਨਾ ਆ ਸਕਿਆ... ਸਾਥੀ ਗੁਰਮੀਤ ਰਾਹੀਂ ਤੁਹਾਡੇ ਦੁਖਾਂਤ ਬਾਰੇ ਉਂਝ ਮੈਨੂੰ ਪਤਾ ਲੱਗਦਾ ਰਿਹਾ ਸੀ ।...ਪਾਰਟੀ ਨੇ ਹਰਪਾਲ ਨੂੰ ਸਮਝਾਉਣ ਦੀ ਬੇਹੱਦ ਕੋਸ਼ਿਸ਼ ਕੀਤੀ—ਪਰ, ਉਹ ਸਮਝ ਨਾ ਸਕਿਆ ।...'

''ਚਲੋ, ਬਾਈ ਜੋ ਕੁਝ ਹੋਣਾ ਸੀ ਉਹ ਹੋ ਗਿਆ..।' ਮੈਂ, ਅਪਣੱਤ ਨਾਲ ਬੋਲਦੀ ਨੇ ਉਸ ਕੋਲੋਂ ਪੁੱਛਿਆ, 'ਕੀ, ਤੁਸੀਂ ਹੁਣ ਮੇਰੀ ਹੱਡ-ਬੀਤੀ ਸੁਣਨ ਜਿੰਨਾਂ ਸਮਾਂ ਕੱਢ ਸਕਦੇ ਹੋ ?'

'...ਹੁਣ ਕਿਰਣ ?' ਆਪਣੇ ਗੁੱਟ ਉੱਤਲੀ ਘੜੀ ਦੀਆਂ ਸੂਈਆਂ ਵੱਲ ਤੱਕਦੇ ਬਾਈ ਕਾਮਰੇਡ ਨੇ ਆਖਿਆ—'...ਵੇਖ. ਭੈਣੇਂ ! ਪੂਰੇ ਛੇ ਵੱਜ ਚੁੱਕੇ ਨੇ ..ਅਗਾਹਾਂ ਮੈਂ ਜਿੱਥੇ ਜਾ ਕੇ ਮਜ਼ਦੂਰਾਂ ਦੀ ਮੀਟਿੰਗ ਕਰਵਾਉਣੀ ਐ, ਉੱਥੋਂ ਦਾ ਰਾਹ ਘੱਟ ਤੋਂ ਘੱਟ ਪੌਣੇ ਘੰਟੇ ਦਾ ਐ...ਤੇ ਤੈਨੂੰ ਪਤੈ, ਪੂਰੇ ਸੱਤ ਵਜੇ ਸ਼ਹਿਰ 'ਚ ਕਰਫਿਊ ਲੱਗ ਜਾਣੈ ..।'

'ਐਵੇਂ ਬਹੁਤੀਆਂ ਬੁਝਾਰਤਾਂ ਕਿਉਂ ਪਾਉਨੇ ਓ ਬਾਈ !...' ਮੈਨੂੰ ਉਸ ਦੀ

ਨਾਂਹ ਤੋਂ ਚਿੜ੍ਹ ਜਿਹੀ ਹੋ ਗਈ ਸੀ, 'ਸਿੱਧਾ ਕਿਉਂ ਨਹੀਂ ਆਖਦੇ ਤੁਸੀਂ ਕਿ ਹੁਣ ਤੁਹਾਡੇ ਕੋਲ ਮੇਰੀ ਹੱਡ-ਬੀਤੀ ਸੁਣਨ ਜਿੰਨਾਂ ਵੀ ਸਮਾਂ ਨਹੀਂ ?'

'ਨਹੀਂ, ਕਿਰਣ ! ਇਹ ਗੱਲ ਨਹੀਂ...' ਉਹ, ਆਸੇ-ਪਾਸੇ, ਘੋਖਵੀਂ ਨਜ਼ਰ ਨਾਲ ਤੱਕਦਾ ਪਹਿਲਾਂ ਨਾਲੋਂ ਮੱਧਮ ਅਵਾਜ਼ 'ਚ ਬੋਲਣ ਲੱਗ ਪਿਆ ਸੀ, '...ਬਾਕੀ ਤੈਨੂੰ ਪਤੈ ਭੈਣੇਂ ! ਮੈਂ ਉਦੋਂ ਤੋਂ ਈ ਲੋਕ-ਦੁਸ਼ਮਣ ਸਰਕਾਰ ਦਾ ਇਸ਼ਤਿਹਾਰੀ ਮੁਜਰਿਮ ਤੁਰਿਆ ਆਉਨਾਂ ਜਦੋਂ ਤੋਂ ਨਕਸਲਵਾੜੀ ਦੀ ਮਹਾਨ ਬਗਾਵਤ ਨੇ ਭਾਰਤ ਦੇ ਲੁੱਟੇ-ਪੁੱਟੇ ਜਾ ਰਹੇ ਲੋਕਾਂ ਦਾ ਰਾਹ ਰੁਸ਼ਨਾਇਐ...ਤੇ ਤੈਨੂੰ ਪਤੈ ਭੈਣੇਂ ! ਮੇਰਾ ਸੜਕ 'ਤੇ ਬਹੁਤਾ ਸਮਾਂ ਖੜਨਾ ਠੀਕ ਨਹੀਂ। ਫੇਰ ਕਰਫਿਊ ਦੇ ਦਿਨਾਂ 'ਚ ਤਾਂ ਖੜ੍ਹਨਾ ਕਿਵੇਂ ਵੀ ਠੀਕ ਨਹੀਂ...।'

'ਚਲੋ, ਬਾਈ ! ਥੋਡੀ ਮਰਜ਼ੀ ਐ, ਮੇਰਾ ਕਿਹੜਾ ਥੋਡੇ 'ਤੇ ਕੋਈ ਜ਼ੋਰ ਏ।'

'ਨਹੀਂ, ਕਿਰਣ ! ਨਹੀਂ, ਇਹ ਗੱਲ ਨਹਾਂ ਭੈਣੇ !' ਬਾਈ ਕਾਮਰੇਡ ਅਪਣੱਤ ਜਤਾਉਂਦਾ ਬੋਲਿਆ ਸੀ—'ਮੈਂ ਤੈਨੂੰ ਜਲਦੀ ਈ ਮਿਲਣ ਆਵਾਂਗਾ ਭੈਣੇਂ ! ..ਤੇ ਹੁਣ ਤੂੰ ਐਂ ਕਰ, ਸਿੱਧੀ ਆਪਣੇ ਪਾਰਟੀ ਲੇਖਕ ਕੋਲ ਚਲੀ ਜਾ... ਉਹ ਤੇਰੀ ਹੱਡ-ਬੀਤੀ ਆਪ ਈ ਪੂਰੇ ਧਿਆਨ ਨਾਲ ਨਹੀਂ ਸੁਣੇਗਾ...ਸਗੋਂ ਆਪਣੀ ਲਿਖਤ ਦੇ ਰੂਪ 'ਚ, ਲੋਕਾਂ ਸਾਹਮਣੇ ਵੀ ਰੱਖੇਗਾ।'

ਬਾਈ ਕਾਮਰੇਡ ਦੀ ਇਹ ਗੱਲ, ਸੱਚ ਨਾਲ ਈ ਮੇਰੇ ਫੱਟੜ ਦਿਲ 'ਤੇ, ਮਲ੍ਹਮ ਭਰੇ ਰੂੰ ਦੇ ਫੰਬੇ ਵਾਂਗ ਜਾ ਟਿਕੀ ਸੀ। ਬਾਈ ਕਾਮਰੇਡ ਨੇ ਕੁਝ ਮਿੰਟਾਂ 'ਚ ਮੈਨੂੰ ਤੁਹਾਡੇ ਬਾਰੇ ਮੋਟੀ-ਮੋਟੀ ਜਾਣਕਾਰੀ ਦਿੱਤੀ ਸੀ ਤੇ ਫੇਰ ਉਹ ਆਪਣੇ ਹੱਥ ਵਿਚਲਾ ਭਾਰਾ ਬੈਗ ਲਟਕਾਉਂਦਾ, ਕਾਹਲੇ-ਕਾਹਲੇ ਕਦਮੀਂ ਤੁਰ ਪਿਆ ਸੀ। ਮੈਂ, ਆਪਣੇ ਹੱਥ ਵਿਚਲਾ ਪਰਸ ਲਟਕਾਉਂਦੀ, ਤੁਹਾਡੇ ਪਿੰਡ ਨੂੰ ਆਉਣ ਲਈ, ਟਾਂਗਿਆਂ ਵਾਲੇ ਅੱਡੇ 'ਤੇ ਆ ਕੇ ਟਾਂਗੇ 'ਚ ਬੈਠ ਗਈ ਸਾਂ। ਟਾਂਗੇ 'ਚ ਬਸ ਅਸੀਂ ਤਿੰਨ ਜਾਣੇ ਈ ਸਾਂ। ਇਕ ਤਾਂ ਟਾਂਗੇ ਦੇ ਪੈੜਦਾਨ 'ਤੇ ਪੈਰ ਟਿਕਾਈ ਬੈਠਾ ਟਾਂਗੇ ਵਾਲਾ ਗਰੀਬੂ, ਇਕ ਮੂਹਰਲੀ ਸੀਟ ਤੇ ਬੈਠਾ ਢਿੱਡਲ ਜਿਹਾ ਬੰਦਾ। ਇਕ ਪਿਛਲੀ ਸੀਟ 'ਤੇ ਬੈਠੀ ਮੈਂ। ਟਾਂਗੇ ਦੇ ਮੂਹਰੇ ਜੁੜਿਆ, ਮਾੜੂਆ ਜਿਹਾ ਘੋੜਾ ਸਾਨੂੰ ਤਿੰਨਾਂ ਜਾਣਿਆਂ ਨੂੰ ਮਸਾਂ ਈ ਖਿੱਚ ਰਿਹਾ ਸੀ। ਚੀਚੂੰ-ਚੀਚੂੰ ਕਰਦਾ ਟਾਂਗਾ ਈ ਬੱਸ, ਸੜਕ 'ਤੇ ਪਸਰੀ ਹੋਈ ਸੁੰਨ-ਸਰਾਂ ਨੂੰ ਤੋੜ ਰਿਹਾ ਸੀ। ਮੈਨੂੰ ਢਿੱਡਲ ਜਿਹੇ ਬੰਦੇ 'ਚੋਂ ਸ਼ਰਾਬ ਦੀ ਆਉਂਦੀ ਬਦਬੂ ਸਾਫ਼ ਮਹਿਸੂਸ ਹੋ ਰਹੀ

ਸੀ। ਉਦੋਂ ਤਾਂ ਇਹ ਬਦਬੂ ਇਕ ਤਰ੍ਹਾਂ ਮੈਨੂੰ ਪਹਿਲਾਂ ਨਾਲੋਂ ਵੀ ਵੱਧ ਮਹਿਸੂਸ ਹੋਈ ਸੀ ਜਦੋਂ ਉਸ ਢਿੱਡਲ ਬੰਦੇ ਨੇ ਆਪਣਾ ਮੂੰਹ ਪਿਛੇ ਨੂੰ, ਮੇਰੇ ਵੱਲ ਭੂਆ ਭੇੜੀ ਜਿਹੀ ਤੱਕਣੀ ਤੱਕਦਿਆਂ ਪੁੱਛਿਆ ਸੀ।

'ਕੀਹਦੇ ਜਾਣੈ ਤੂੰ ?'

'ਕਾਮਰੇਡ ਲੇਖਕ ਦੇ ਘਰ ਜਾਣਾ ਮੈਂ ਤਾਂ, ਤੂੰ ਦੱਸ ਕੀ ਲੈਣੈ ?'

ਢਿੱਡਲ ਨੂੰ ਖੜਕਵੀਂ ਆਵਾਜ਼ 'ਚ ਜਵਾਬ ਦੇਣ ਸਮੇਂ, ਮੇਰੀ ਗੁਸੱਲੀ ਤੱਕਣੀ ਨੇ ਉਸਦੀ ਭੇੜੀ ਜਿਹੀ ਤੱਕਣੀ ਨੂੰ ਘੂਰਿਆ ਸੀ ਤੇ ਉਹ ਆਪਣਾ ਮੂੰਹ ਸਿੱਧਾ ਕਰਕੇ ਟਾਂਗੇ ਵਾਲੇ ਕੋਲੋਂ ਪੁੱਛਣ ਲੱਗਾ ਸੀ,

'ਕਿਉਂ, ਓਏ ਗਰੀਬੂ ! ਭਲਾ ਆਪਣੇ ਪਿੰਡੋਂ ਕਾਮਰੇਟ ਲੇਖਕ ਕਿਹੜਾ ਹੋਇਆ ?'

'ਸਰਦਾਰਾ, ਮਖਾਂ ਕਾਮਰੇਟ ਲੇਖਕ, ਆਪਣਾ ਪ੍ਰਤਾਪ ਸਿਉਂ ਕਾਰੀਗਰ ਦਾ ਮੁੰਡਾ ਜੀ...।' ਟਾਂਗੇ ਵਾਲਾ ਗਰੀਬੂ ਹੱਥਲਾ ਛਾਂਟਾ ਘੋੜੇ ਉਤੋਂ ਦੀ ਲਹਿਰਾਉਣ ਦੇ ਨਾਲ ਨਾਲ ਟਿਚਕਾਰੀ ਮਾਰਦਾ; ਤੁਹਾਡੇ ਬਾਰੇ ਦੱਸਣ ਲੱਗ ਪਿਆ ਸੀ "...ਲੂਮ ਦੇ ਬ੍ਰਾਦਰ ਦਾ ਇਹੋ ਨਾਉਂ ਈ ਲੈਂਦੇ ਐ ਜੀ...।"

'ਅੱਛਾ ! ਅੱਛਾ...' ਗੋਗੜ ਵਾਲਾ 'ਹਾਅ...ਹਾਅ' ਕਰਕੇ ਭੱਦੀ ਜਿਹੀ ਹਾਸੀ ਹੱਸਦਾ ਬੋਲਦਾ ਰਿਹਾ ਸੀ 'ਗਰੀਬੂਆ ! ਓਹੀ ਐ ਕਾਮਰੇਟ ਲੇਖਕ, ਜਿਹੜਾ ਸਾਰੀ ਦੁਨੀਆਂ ਦੇ ਕੰਮੀਆਂ—ਕਮੀਣਾਂ ਨੂੰ ਕੱਠੇ ਕਰਨ ਦਾ ਠੇਕਾ ਲਈ ਫਿਰਦੈ, ਜੀਹਦੇ ਬਾਰੇ ਥਾਣੇਦਾਰ ਸਾਬ੍ਹ ਗੱਲ ਕਰਦੇ ਹੁੰਦੇ ਐ...ਹਾਅ...ਹਾਅ... ਜ਼ਾਤ ਦੀ ਕੋਹੜ-ਕਿਰਲੀ ਸ਼ਤੀਰਾਂ ਨੂੰ ਜੱਫੀਆਂ . ਹਾਅ ..ਅ...ਹਾਅ।'

'ਮਖਾਂ ਸਰਦਾਰਾ ! ਤੁਸੀਂ ਮੰਨੋ ਭਾਵੇਂ ਨਾ ਮੰਨੋ...' ਗਰੀਬੂ ਪੈਰਾਂ 'ਚ ਵਿਸਮਦੇ ਘੋੜੇ ਦੀ ਪੂਛ ਨੂੰ ਮਰੋੜਦਾ ਤੁਹਾਡੇ ਹੱਕ 'ਚ ਬੋਲਣ ਲੱਗ ਪਿਆ ਸੀ... '...ਆਪਣਾ ਬ੍ਰਾਦਰ ਸਿਉਂ ਬੰਦਾ ਸੂਰਮਾ ਮਖਾਂ, ਪੂਰਾ ਵਰ੍ਹਾ ਅਮਰਜੈਂਸੀ ਮੌਕੇ ਕੈਦ 'ਚ ਰਿਹਾ 'ਪਰ ਮਾਂ ਦੇ ਦੂਲੇ ਨੇ ਰੱਤੀ ਭਰ ਪੋਲ ਨਹੀਂ ਵਿਖਾਈ ਜੀ। .'

ਟਾਂਗੇ ਵਾਲਾ ਗਰੀਬੂ ਸਾਰੇ ਰਾਹ ਤੁਹਾਡੇ ਪੱਖ 'ਚ ਬੋਲਦਾ ਰਿਹਾ ਸੀ ਅਤੇ ਢਿੱਡਲ ਸਾਰੇ ਰਾਹ ਤੁਹਾਡੀ ਵੱਡਵੀਂ ਕਰਦਾ ਰਿਹਾ ਸੀ। ਮੈਂ ਉਹਨਾਂ ਦੋਵਾਂ ਦੀਆਂ ਗੱਲਾਂ ਚੁੱਪ ਚਾਪ ਬੈਠੀ ਸੁਣਦੀ ਰਹੀ ਸਾਂ। ਟਾਂਗਾ ਤੁਹਾਡੇ ਪਿੰਡ ਦੇ ਬੱਸ ਸਟੈਂਡ ਉੱਤੇ ਆ ਕੇ ਰੁਕਿਆ ਸੀ। ਬੱਸ ਸਟੈਂਡ 'ਤੇ ਕੋਈ ਸਵਾਰੀ ਨਹੀਂ

ਸੀ। ਇਕ ਤਰ੍ਹਾਂ ਬੱਸ ਸਟੈਂਡ ਤੇ ਕਾਂ ਈ ਪੈ ਰਹੇ ਸਨ। ਮੈਨੂੰ ਤੁਹਾਡੇ ਘਰ ਵੱਲ ਜਾਣ ਵਾਲੇ ਉਸ ਕਾਮੇ ਨਾਲ ਗਰੀਬੂ ਨੇ ਤੋਰਿਆ ਜਿਹੜਾ ਖੇਤ ਕੇ ਲਿਆਂਦੇ ਪੱਠਿਆਂ ਦੀ ਪੰਡ ਚੁੱਕੀ ਜਾ ਰਿਹਾ ਸੀ। ਮੈਂ ਅਤੇ ਉਹ ਕਾਮਾ ਬੱਸ ਸਟੈਂਡ ਤੋਂ ਪਿੰਡ ਵਿੱਚ ਨੂੰ ਕੁੱਝ ਕੁ ਕਰਮਾਂ ਈ ਗਏ ਹੋਵਾਂਗੇ ਕਿ ਇੰਨੇ ਨੂੰ ਸਾਡੇ ਕੰਨਾਂ ਵਿੱਚ ਫਿਰਨੀ ਵਲੋਂ ਆਉਣ ਲੱਗੀ ਸਪੀਕਰ ਦੀ ਆਵਾਜ਼ ਆ ਪਈ ਸੀ। ਅਸੀਂ ਦੋਵੇਂ ਜਣੇ ਪਿੱਛਾ ਭਉਂਕੇ, ਫਿਰਨੀ ਵੱਲ ਤੱਕਣ ਲੱਗ ਪਏ ਸਾਂ। ਫਿਰਨੀ ਉੱਤੋਂ ਦੀ ਮਿਲਟਰੀ ਵਾਲਿਆਂ ਦੇ ਪੂਰੇ ਪੰਜ ਟੈਂਕ ਅੱਗੜ ਪਿੱਛੜ ਇਉਂ ਤੁਰੇ ਜਾ ਰਹੇ ਸਨ ਜਿਵੇਂ ਲੜਾਈ ਦੇ ਮੈਦਾਨ 'ਚ ਦੀ ਜਾਂਦੇ ਹੋਣ। ਟੈਂਕਾਂ 'ਚ ਖੜ੍ਹੂ, ਮਰਹੱਟੇ, ਬਿਹਾਰੀ ਅਤੇ ਗੋਰਖੇ ਫੌਜੀਆਂ ਨੇ ਆਪਣੇ ਮਾਰੂ ਹਥਿਆਰ ਇਉਂ ਤਾਣੇ ਹੋਏ ਸਨ, ਜਿਵੇਂ ਉਹਨਾਂ ਨੂੰ ਆਲਿਓਂ-ਦੁਆਲਿਓ ਭਾਰੀ ਹਮਲਾ ਹੋਣ ਦਾ ਖਤਰਾ ਹੋਵੇ। ਟੈਂਕਾਂ ਦੇ ਮੂਹਰੇ ਮੂਹਰੇ ਪੁਲਿਸ ਵਾਲਿਆਂ ਦੀ ਜੀਪ ਤੁਰੀ ਜਾ ਰਹੀ ਸੀ। ਜੀਪ ਤੇ ਟੰਗੇ ਸਪੀਕਰ 'ਚੋਂ ਆਵਾਜ਼ ਆ ਰਹੀ ਸੀ :

'ਕੰਨ ਖੋਲ੍ਹ ਕੇ ਸੁਣ ਲਵੋ। ਪੂਰੇ ਸੱਤ ਵਜੇ ਤੋਂ ਬਾਅਦ ਥੋੜੇ ਪਿੰਡ ਵਿਚ ਪੂਰਾ ਕਰਫਿਊ ਲੱਗ ਜਾਵੇਗਾ। ਸੱਤ ਵਜੇ ਤੋਂ ਬਾਅਦ 'ਚ ਕਿਸੇ ਨੇ ਵੀ ਆਪਣੇ ਘਰੋਂ ਬਾਹਰ ਨਹੀਂ ਨਿਕਲਣਾ। ਭੁੱਲ-ਭੁਲੇਖੇ ਜਾਂ ਜਾਣਕੇ ਜੇ ਕੋਈ ਵੀ ਆਪਣੇ ਘਰੋਂ ਬਾਹਰ ਨਿਕਲਿਆ ਤਾਂ ਉਸਨੂੰ ਗੋਲੀ ਮਾਰ ਕੇ ਮਾਰ ਦਿੱਤਾ ਜਾਵੇਗਾ।...'

'ਇਹ, ਔਂਤਰੇ ਦਾ ਕਰਫਿਊ ਇਥੇ ਵੀ ਮੇਰੇ ਮੂਹਰੇ ਆ ਪਹੁੰਚਿਆ', ਮੇਰੇ ਤੁਹਾਡੇ ਘਰ ਵੱਲ ਤੁਰਦੀ ਦੇ ਮੂੰਹੋਂ ਆਪ ਮੁਹਾਰੇ ਈ ਇਹ ਸ਼ਬਦ ਨਿਕਲੇ ਸਨ ਤੇ ਆਕਾਸ਼ 'ਚ, ਪਿੰਡ ਦੇ ਸਿਰ ਉੱਤੇ ਭਉਂਦੀ ਗਿਰਝਾਂ ਦੀ ਡਾਰ ਮੈਨੂੰ ਬਹੁਤ ਈ ਭੈੜੀ ਲੱਗੀ ਸੀ। ਮੇਰੇ ਨਾਲ ਤੁਰਦੇ ਉਸ ਕਾਮੇ ਨੇ ਦੁੱਖ ਅਤੇ ਗੁੱਸੇ ਭਰੀ ਆਵਾਜ਼ 'ਚ ਬੋਲਣਾ ਸ਼ੁਰੂ ਕੀਤਾ ਸੀ :

'ਬੱਸ ਪੁੱਛ ਨਾ ਭਾਈ ਬੀਬੀ! ਏਸ ਬਚੜੀ ਮਰਨੇ ਕਲਛੂ ਨੇ ਤਾਂ ਊਈਂ ਮੂਤੜ ਧਮਾਤੜ ਸੰਘਟ 'ਚ ਲਿਆਤੇ... ਅੱਗੇ ਦਿਹਾੜੀ ਚੱਪਾ ਚੱਲੀ ਜਾਂਦਾ ਸੀ। ਹੁਣ ਉਹ ਵੀ ਠੱਪ ਐ।...ਪਤਾ ਨਹੀਂ ਬਚੜੀ ਮਰਨੇ ਦਾ ਇਹ ਰਾਜ ਰੌਲਾ ਕਦੋਂ ਕੁ ਮੁੱਕੂ..।'

ਉਸ ਕਾਮੇ ਦੀ ਦੁੱਖ ਅਤੇ ਗੁੱਸੇ ਭਰੀ ਗੱਲ ਸੁਣਦੀ ਜਾਂਦੀ ਮੈਂ ਸੋਚਣ ਲੱਗ ਪਈ ਸਾਂ,

'ਵਿਚਾਰੇ ਪਿੰਡਾਂ ਦੇ ਕਿਰਤੀ ਲੋਕ ਵੀ ਕਰਫਿਊ ਕਰਕੇ ਅੰਬੇ ਪਏ ਨੇਂ। ਸ਼ਹਿਰੀ ਕਿਰਤੀ-ਕਾਮਿਆਂ ਦੀ ਤਾਂ ਕਰਫਿਊ ਨੇ ਵੀ ਜਿੰਦ ਖਾ ਲਈ ਏ।... ਕੋਈ ਚੀਜ਼ ਨਹੀਂ ਮਿਲਦੀ। ਸੜਕਾਂ ਤੇ ਗੰਦ ਅੱਡ ਉੱਭਰਿਆ ਪਿਐ...ਕਰਫਿਊ ਦੀ ਆੜ 'ਚ ਵੱਖਰੀ ਮਜ਼ਦੂਰਾਂ-ਮੁਲਾਜ਼ਮਾਂ ਤੇ ਛਾਂਟੀ ਦਾ ਕੁਹਾੜਾ ਵਾਹ ਰਹੀ ਏ ..ਬਲੈਕੀਆਂ ਨੇ ਵੱਖਰੇ ਹੱਥ ਰੰਗਣੇ ਸ਼ੁਰੂ ਕੀਤੇ ਹੋਏ ਨੇ...।'

ਮੇਰੀ ਸੋਚ ਦੀ ਲੜੀ ਉਦੋਂ ਟੁੱਟੀ, ਜਦੋਂ ਮੇਰੇ ਕੰਨਾਂ 'ਚ ਉਸ ਕਾਮੇ ਦੇ ਇਹ ਸ਼ਬਦ ਪਏ—'ਇਹੋ ਘਰ ਐ ਭਾਈ ਬੀਬੀ ਬ੍ਰਾਦਰ ਸਿਉਂ ਦਾ' ਮੈਨੂੰ ਤੁਹਾਡੇ ਘਰ ਦੇ ਬੂਹੇ ਦੇ ਮੂਹਰੇ ਛੱਡ ਕੇ ਉਹ ਕਾਮਾ ਆਪਣੇ ਘਰ ਨੂੰ ਚਲਾ ਗਿਆ। ਅਗਾਹਾਂ ਤੁਹਾਡੇ ਪਿਤਾ ਜੀ ਆਪਣੀ ਕੰਮ ਵਾਲੀ ਥਾਂ 'ਤੇ ਬੈਠੀ ਦਾਤੀ ਦੇ ਦੰਦੇ ਕੱਢੀ ਜਾ ਰਹੇ ਸੀ । ਤੁਹਾਡੇ ਮਾਤਾ ਜੀ ਉੱਬਲੇ ਆਲੂਆਂ ਤੋਂ ਛਿਲਕੇ ਲਾਹੀ ਜਾ ਰਹੇ ਸਨ। ਤੁਹਾਡੀ ਪਤਨੀ ਖੇਤਾਂ 'ਚੋਂ ਖੋਤਕੇ ਲਿਆਂਦੇ ਪੱਠਿਆਂ ਨਾਲੋਂ ਮਿੱਟੀ ਝਾੜੀ ਜਾ ਰਹੀ ਸੀ। ਤੁਹਾਡੇ ਬੱਚੇ ਗਲੇਲ ਨਾਲ ਖੇਡੀ ਜਾ ਰਹੇ ਸਨ।

ਸੱਚ ਨਾਲ ਈ ਤੁਸੀਂ ਯਕੀਨ ਕਰਨਾ, ਮੈਨੂੰ ਤੁਹਾਡਾ ਘਰ ਪਹਿਲੀ ਨਜ਼ਰ ਵੀ ਓਪਰਾ ਨਹੀਂ ਲੱਗਿਆ। ਤੁਹਾਡੇ ਘਰ ਵਾਲਿਆਂ ਦੀ ਅਪਣੱਤ ਨੇ ਤਾਂ ਮੇਰੇ ਮਨ ਨੂੰ ਇਕ ਤਰ੍ਹਾਂ ਮੋਹ ਈ ਲਿਆ। ਤੁਹਾਡੀ ਪਤਨੀ ਜਿਹੜੀ ਚਾਹ ਮੇਰੇ ਪੀਣ ਲਈ ਕਰਕੇ ਲਿਆਈ ਸੀ, ਉਸ ਚਾਹ 'ਚੋਂ ਸੱਚੀਓਂ ਮੈਨੂੰ ਅੰਮ੍ਰਿਤ ਵਰਗਾ ਸੁਆਦ ਮਿਲਿਆ। ਮੈਂ ਤੁਹਾਡੇ ਕਮਰੇ 'ਚ ਪਹੁੰਚਣ ਤੋਂ ਦਸ ਪੰਦਰਾਂ ਮਿੰਟ ਪਹਿਲਾਂ ਤੁਹਾਡੀ ਮਾਤਾ ਜੀ ਅਤੇ ਪਤਨੀ ਨਾਲ ਇਉਂ ਗੱਲਾਂ ਮਾਰਦੀ ਰਹੀ ਸਾਂ, ਜਿਵੇਂ ਮੈਂ ਉਹਨਾਂ ਦੀ ਪੁਰਾਣੀ ਵਾਕਫ਼ ਹੋਵਾਂ। ਤੁਹਾਡੇ ਕਮਰੇ 'ਚ ਪਹੁੰਚਣ ਤੇ ਤੁਹਾਡੇ ਵੱਲੋਂ ਵਿਖਾਈ ਗਈ ਅਪਣੱਤ ਨੇ ਤਾਂ ਮੇਰੇ ਮਨ ਨੂੰ ਇੱਕ ਤਰ੍ਹਾਂ ਜਿੱਤ ਹੀ ਲਿਆ ਏ।... o

ਦੋ

ਠੀਕ ਏ ! ਤੁਸੀਂ ਆਪਣਾ ਕਮਰਾ ਘਰ ਨਾਲੋਂ ਨਿਰਾਲਾ, ਇਕ ਪਾਸੇ ਨੂੰ ਤਾਂ ਹੀ ਬਣਾਇਐ ਤਾਂ ਕਿ ਤੁਹਾਨੂੰ ਲਿਖਣ ਸਮੇਂ ਪੂਰੀ ਇਕਾਂਤ ਮਿਲ ਸਕੇ।

ਕਮਰੇ ਦੇ ਬੂਹੇ ਨੂੰ ਸਾਹਮਣੇ ਖੜੇ, ਲੰਮੇ-ਤਲੰਮੇ ਸਫੈਦਿਆਂ ਦੇ ਰੁੱਖਾਂ ਦਾ ਝੁੰਡ ਕਮਰੇ ਦੇ ਆਲੇ ਦੁਆਲੇ ਨੂੰ ਹੋਰ ਵੀ ਮਨਮੋਹਣਾ ਬਣਾ ਰਿਹਾ ਏ। ਔਹ ! ਸਾਹਮਣੇ ਵੇਖੋ ਨਾ ! ਸਫੈਦਿਆਂ ਦੇ ਝੁੰਡ ਉਤੇ ਦੀ ਪੱਛਮ ਦੀ ਗੋਦ 'ਚ ਸਵੇਰੇ ਚੜ੍ਹਨ ਲਈ ਜਾ ਰਿਹਾ ਸੂਰਜ ਕਿੰਨਾ ਪਿਆਰਾ ਲੱਗ ਰਿਹਾ ਏ। ਸਫੈਦਿਆਂ ਦੇ ਝੁੰਡ ਦੇ ਦੁਆਲੇ ਉੱਡਦੇ ਪੰਛੀਆਂ ਦੀ ਚਹਿਚਹਾਟ ਸੁਣੋ ! ਕਿੰਨੀ ਸੰਗੀਤਮਈ ਸੁਣਾਈ ਦੇ ਰਹੀ ਏ।......

ਤੁਸੀਂ ਸੋਚਦੇ ਹੋਵੋਗੇ ਕਿ ਮੈਂ ਕਿਹੋ ਜਿਹੀਆਂ ਝੱਲ-ਵਲੱਲੀਆਂ ਗੱਲਾਂ ਕਰਨ ਲੱਗ ਪਈ। ਯਕੀਨ ਕਰਨਾ, ਸੱਚ ਨਾਲ ਈ, ਤੁਹਾਡੇ ਕਮਰੇ ਦੇ ਖੂਬਸੂਰਤ ਆਲੇ ਦੁਆਲੇ ਦੀ ਤਾਰੀਫ ਕਰੇ ਬਿਨਾਂ ਮੈਂ ਰਹਿ ਈ ਨਹੀਂ ਸੀ ਸਕਦੀ।... ਤੁਸੀਂ ਬੁਰਾ ਨਾ ਮਨਾਉਣਾ, ਮੈਨੂੰ ਤੁਹਾਡੇ ਕਮਰੇ ਵਿਚਲੀ ਇਕ ਘਾਟ ਜ਼ਰੂਰ ਰੜਕ ਰਹੀ ਏ। ਉਹ ਘਾਟ ਇਹ ਐ ਕਿ ਤੁਸੀਂ ਆਪਣੇ ਕਮਰੇ 'ਚ ਗੁਰੂ ਗੋਬਿੰਦ ਸਿੰਘ, ਮਾਰਕਸ, ਏਂਗਲਜ਼, ਲੈਨਿਨ, ਸਟਾਲਿਨ ਅਤੇ ਮਾਉਜੇ ਤੁੰਗ ਹੋਰਾਂ ਦੀਆਂ ਤਸਵੀਰਾਂ ਲਾਈਆਂ ਹੋਈਆਂ ਨੇ, ਪਰ ਕਿਸੇ ਇਸਤਰੀ ਦੀ ਕੋਈ ਫੋਟੋ ਨਜ਼ਰ ਨਹੀਂ ਆ ਰਹੀ। ਕੀ ਤੁਹਾਡੀ ਸਮਝ ਮੁਤਾਬਕ, ਕੋਈ ਇਸਤਰੀ ਮਹਾਨ ਈ ਨਹੀਂ ਹੋਈ ? ਅੱਛਾ...ਅੱਛਾ.. ਤੁਸੀਂ ਕਾਮਰੇਡ ਮਾਉ-ਜ਼ੇ-ਤੁੰਗ ਦੀ ਪਤਨੀ ਕਾਮਰੇਡ ਚਿੰਙ-ਚਿਆਂਙ ਨੂੰ ਦ੍ਰਿੜ ਇਸਤਰੀ ਸਮਝਦੇ ਹੋ ਤੇ ਉਸ ਬਹਾਦਰ ਇਸਤਰੀ ਦੀ ਤਸਵੀਰ ਤੁਸੀਂ ਤਾਂ ਨਹੀਂ ਲਾ ਸਕੇ, ਕਿਉਂਕਿ ਉਸਦੀ ਤਸਵੀਰ ਤੁਹਾਨੂੰ ਮਿਲ ਨਹੀਂ ਸਕੀ।...ਸੱਚ ਨਾਲ ਈ ਕਾਮਰੇਡ ਚਿੰਙ-ਚਿਆਂਙ ਬਹੁਤ ਹੀ ਦ੍ਰਿੜ ਅਤੇ ਬਹਾਦਰ ਇਸਤਰੀ ਏ। ਫਾਂਸੀ ਕੋਠੀ 'ਚ ਵੀ ਉਸਦਾ ਹੌਸਲਾ ਨਹੀਂ ਡੋਲਿਆ।

ਭਲਾ ! ਇਸ 'ਚ ਪੁੱਛਣ ਵਾਲੀ ਕਿਹੜੀ ਗੱਲ ਏ। ਤੁਸੀਂ ਬੜੀ ਖ਼ੁਸ਼ੀ ਨਾਲ ਬੀੜੀ ਪੀ ਸਕਦੇ ਹੋ। ਨਾਲੇ ਮੈਂ ਕਿਹੜੀ ਕੋਈ ਸਿੱਖ ਆਂ। ਇਸ ਦਾ ਅਰਥ ਇਹ ਵੀ ਨਾ ਕੱਢ ਲੈਣਾ ਕਿ ਜੇ ਮੈਂ ਸਿੱਖ ਨਹੀਂ ਤਾਂ ਹਿੰਦੂ ਹੋਵਾਂਗੀ। ਮੈਨੂੰ ਤਾਂ ਫਿਰਕਿਆਂ ਦੀ ਵੰਡ ਨਾਲ ਬੇਹੱਦ ਨਫ਼ਰਤ ਏ। ਮੈਂ ਤਾਂ ਨਾ ਹਿੰਦੂ ਹਾਂ ਅਤੇ ਨਾਂ ਈ ਸਿੱਖ ਹਾਂ। ਮੈਂ ਤਾਂ ਗਰੀਬ ਲਾਲੋ ਦੀ ਧੀ ਹਾਂ। ਉਸ ਗਰੀਬ ਲਾਲੋ ਦੀ ਧੀ, ਜਿਹੜਾ ਕਿਰਤੀ ਮਜ਼ਦੂਰ ਏ। ਜਿਹੜਾ ਦਸਾਂ ਗੁਰੂਆਂ ਦੇ ਸਮਿਆਂ 'ਚ ਵੀ ਲੁੱਟਿਆ ਪੁੱਟਿਆ ਜਾਂਦਾ ਰਿਹਾ ਤੇ ਅੱਜ ਵੀ ਲੁੱਟਿਆ ਪੁੱਟਿਆ ਜਾ ਰਿਹਾ ਏ। ਜਿਸਦੀ ਧੀ ਦੇ ਸਿਰ ਉਤੇ ਦੀ ਕਿੰਨੀਆਂ ਈ ਖੂਨੀ ਹਨੇਰੀਆਂ ਵਗ ਰਹੀਆਂ ਨੇ।

ਪਰ ਇਹ ਖੂਨੀ ਹਨੇਰੀਆਂ, ਲਾਲੋ ਦੀ ਧੀ ਦਾ ਸਿਰ ਨਹੀਂ ਝੁਕਾ ਸਕੀਆਂ। ਮੇਰੀ,
ਲਾਲੋ ਦੀ ਧੀ ਦੀ ਤਾਂ ਬੱਸ ਤਮੰਨਾ ਏ ਕਿ ਤੁਸੀਂ ਮੇਰੀ ਹੱਡ ਬੀਤੀ ਪਹਿਲਾਂ ਆਪ
ਪੂਰੇ ਧਿਆਨ ਨਾਲ ਸੁਣੋ, ਫੇਰ ਇਸਨੂੰ ਆਪਣੀ ਲਿਖਤ 'ਚ ਪੂਰੀ ਇਮਾਨਦਾਰੀ
ਨਾਲ ਰੂਪਮਾਨ ਕਰਕੇ ਦੁਨੀਆਂ ਦੇ ਲੋਕਾਂ ਨੂੰ ਸੁਣਾਓ ਤਾਂ ਕਿ ਲੁਟੇਰਿਆਂ ਵਲੋਂ
'ਜਮਹੂਰੀਅਤ' ਦੇ ਪਾਏ ਜਾ ਰਹੇ ਚੀਕ-ਚਿਹਾੜੇ ਦਾ ਪਾਜ ਖੁੱਲ ਸਕੇ। ਤਾਂ ਕਿ
ਲੁਟੇਰਿਆਂ ਦੇ 'ਅਮਨ' ਦਾ ਚਿਹਰਾ ਬੇਨਕਾਬ ਹੋ ਸਕੇ। ਤਾਂ ਕਿ...

ਤੇ ਹਾਂ। . ਅਸੀਂ ਪੰਜਾਬ ਦੀ ਇਕ ਮੰਡੀ 'ਚ ਰਹਿੰਦੇ ਹੁੰਦੇ ਸੀ। ਮੇਰੀ
ਮਾਂ ਬਹੁਤ ਦਿਆਲੂ ਸੁਭਾ ਦੀ ਇਸਤਰੀ ਸੀ। ਮੇਰੇ ਪਿਤਾ ਜੀ ਉਸੇ ਮੰਡੀ 'ਚ
ਈ ਲੱਕੜ ਦੇ ਇੱਕ ਖੋਖੇ ਮੂਹਰੇ ਸਾਇਕਲਾਂ ਦੀ ਮੁਰੰਮਤਦਾ ਕੰਮ ਕਰਦੇ ਹੁੰਦੇ ਸਨ,
ਉਹਨਾਂ ਨੇ ਬੇਸ਼ਕ ਦਾਹੜੀ ਕੇਸ ਨਹੀਂ ਸੀ ਰੱਖੇ ਪਰ ਉਨਾਂ ਨੂੰ ਗੁਰੂ ਗ੍ਰੰਥ ਸਾਹਿਬ
'ਚ ਅਪਾਰ ਸ਼ਰਧਾ ਸੀ। ਉਹ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਸਾਖੀਆਂ
ਅਜੀਬ ਖੁਮਾਰੀ ਦੇ ਨਸ਼ੇ 'ਚ ਸੁਣਾਉਂਦੇ। ਇਸ ਕਰਕੇ ਤਾਂ ਲੋਕਾਂ ਨੇ ਮੇਰੇ ਪਿਤਾ
ਜੀ ਦਾ ਨਾਂ 'ਲਾਲ ਚੰਦ' ਨੂੰ ਛੱਡਕੇ 'ਭਾਈ ਲਾਲੋ' ਧਰਿਆ ਸੀ। ਮੇਰੇ ਪਿਤਾ
ਜੀ ਵਾਂਗੂ ਮੇਰੀ ਮਾਂ ਨੂੰ ਸਿੱਖ ਧਰਮ 'ਚ ਐਨੀ ਬਹੁਤੀ ਸ਼ਰਧਾ ਨਹੀਂ ਸੀ। ਪਰ
ਉਸ ਨੂੰ ਬਾਤਾਂ, ਕਹਾਣੀਆਂ ਅਤੇ ਦਿਲ ਖਿੱਚਵੀਆਂ ਗੱਲਾਂ ਬਣਾਉਣ ਦੀ
ਵਧੀਆ ਆਦਤ ਸੀ। ਉਹ ਇਕ ਦਰਦਨਾਕ ਘਟਨਾ ਬਾਰੇ ਮੈਨੂੰ ਅਤੇ ਮੈਥੋਂ
ਛੋਟੇ ਵੀਰ ਸਵਰਨ ਨੂੰ ਵੈਰਾਗਮਈ ਲਹਿਜ਼ੇ 'ਚ ਦੱਸਦੀ ਹੁੰਦੀ। ਮੇਰੀ ਮਾਤਾ ਜੀ
ਦੇ ਦੱਸਣ ਮੁਤਾਬਕ ਓਹ ਘਟਨਾ ਕਾਲਪਨਿਕ ਨਹੀਂ ਸੀ, ਸਗੋਂ ਉਸਦੀਆਂ ਅੱਖਾਂ
ਸਾਹਮਣੇ ਵਾਪਰੀ ਸੱਚ ਘਟਨਾ ਸੀ। ਮਾਤਾ ਜੀ ਤੋਂ ਕਈ ਵਾਰ ਸੁਣੀ ਉਸ
ਘਟਨਾ ਦੀ ਮੇਰੀ ਚੇਤਨਾ 'ਤੇ ਇਕ ਤਰ੍ਹਾਂ ਮੋਹਰ ਜਿਹੀ ਲੱਗੀ ਹੋਈ ਏ।
ਸਮਿਆਂ ਦੇ ਬੀਤਣ ਨਾਲ ਮੋਹਰ ਫਿੱਕੀ ਨਹੀਂ ਪਈ ਸਗੋਂ ਹੋਰ ਵੀ ਗੂੜ੍ਹੀ ਹੋ
ਗਈ ਏ। ਉਸ ਘਟਨਾ ਬਾਰੇ ਮੈਂ ਤੁਹਾਨੂੰ ਦੱਸੇ ਬਿਨਾਂ ਨਹੀਂ ਰਹਿ ਸਕਦੀ।
ਸੁਣੋ! ਉਸ ਘਟਨਾ ਦਾ ਸੰਖੇਪ ਦੱਸਦੀ ਆਂ :

ਉੱਨੀਂ ਸੌ ਸੰਤਾਲੀ ਤੋਂ ਪਹਿਲਾਂ ਸਾਡੇ ਗੁਆਂਢ 'ਚ ਮੁਸਲਮਾਨ ਪਰਿਵਾਰ
ਹੁੰਦਾ ਸੀ। ਪਰਿਵਾਰ ਕਿਹੜਾ ਸੀ ਬਸ, ਇੱਕ ਘਰ ਦਾ ਮੁਖੀਆ ਅਲੀ ਮੁਹੰਮਦ।
ਇੱਕ ਅਲੀ ਮੁਹੰਮਦ ਦੇ ਘਰ ਵਾਲੀ ਨੂਰਾਂ, ਅਤੇ ਇੱਕ ਉਹਨਾਂ ਦਾ ਗਿਆਰਾਂ-
ਬਾਰਾਂ ਸਾਲਾਂ ਦਾ ਪੁੱਤਰ ਬਸ਼ੀਰਾ। ਨੂਰਾਂ ਅਤੇ ਮੇਰੀ ਮਾਂ ਚੁੰਨੀਆਂ ਵਟਾ ਕੇ ਧਰਮ
ਦੀਆਂ ਭੈਣਾਂ ਬਣੀਆਂ ਹੋਈਆਂ ਸਨ। ਮੇਰੀ ਮਾਂ ਦੇ ਦੱਸਣ ਮੁਤਾਬਕ ਨੂਰਾਂ ਅਤੇ
ਮੇਰੀ ਮਾਂ ਦਾ ਆਪਸ 'ਚ ਪਿਆਰ ਸਕੀਆਂ ਭੈਣਾਂ ਨਾਲੋਂ ਵੱਧ ਸੀ। ਉਹ ਇੱਕ

ਦੂਸਰੀ ਦੇ ਵੱਜੇ ਕੰਡੇ ਦੀ ਪੀੜ ਨਹੀਂ ਸੀ ਜਰਦੀਆਂ। ਉੱਨੀਂ ਸੌ ਸੰਤਾਲੀ ਅਗਸਤ ਮਹੀਨੇ 'ਚ ਨੂਰਾਂ ਨੇ ਇੱਕ ਗੁਲਾਬ ਦੇ ਫੁੱਲ ਵਰਗੇ ਮੁੰਡੇ ਜਨਮ ਦਿੱਤਾ। ਜੱਚਾ ਤੇ ਨੂਰਾਂ ਨੂੰ ਮੇਰੀ ਮਾਂ ਇੱਕ ਪੱਲ ਵੀ ਛੱਡ ਕੇ ਪਾ ਨਹੀਂ ਸੀ ਹੁੰਦੀ। ਨੂਰਾਂ ਦੇ ਨਵ ਜਨਮੇਂ ਬੱਚੇ ਦਾ ਨਾਂ ਬੂਟਾ ਵੀ ਮੇਰੀ ਮਾਂ ਈ ਧਰਿਆ ਸੀ। ਮੇਰੀ ਮਾਂ ਨੂੰ ਅਤੇ ਨੂਰਾਂ ਨੂੰ ਉਸ ਸਮੇਂ ਹੌਲ ਜਿਹਾ ਪੈ ਜਾਂਦ ਜਦ ਉਹ ਫਿਰਕੂ ਦੰਗੇ ਫਸਾਦਾਂ ਬਾਰੇ ਉੱਡਦੀਆਂ ਖਬਰਾਂ ਸੁਣਦੀਆਂ। ਸਾ ਮੰਡੀ 'ਚ ਫਿਰਕੂ ਜਨੂੰਨੀਆਂ ਦੇ ਜਥੇ ਦੇ ਪਹੁੰਚਣ ਬਾਰੇ ਚਰਚਾ ਪ੍ਰਚੱਲਤ ਚੁੱਕੀ ਸੀ। ਇਹ ਚਰਚਾ ਉਸ ਦਿਨ ਤਾਂ ਹਕੀਕਤ 'ਚ ਵੱਟ ਗਈ ਸੀ ਜਿਸ ਦਿ ਮੇਰੀ ਮਾਂ ਅਤੇ ਨੂਰਾਂ ਨੂੰ ਇਕ ਗੁਆਂਢਣ ਨੇ ਮੰਡੀ ਲਾਗਲੇ ਨੂਰਾਂ ਦੇ ਖੇਤ ਫਿਰਕੂ ਜਨੂਨੀਆਂ ਹੱਥੋਂ ਕਤਲ ਹੋਏ ਅਲੀ ਮੁਹੰਮਦ ਅਤੇ ਬਸ਼ੀਰੇ ਬਾਰੇ ਖਬ ਆ ਦੱਸੀ ਸੀ। ਖਬਰ ਸੁਣਦਿਆਂ ਹੀ ਨੂਰਾਂ ਅਤੇ ਮੇਰੀ ਮਾਂ ਨੂੰ ਹੌਲ ਜਿਹਾ ਗਿਆ ਸੀ। ਨੂਰਾਂ ਤਾਂ ਆਪਣਾ ਦਿਮਾਗੀ ਸਮਤੋਲ ਵੀ ਗੁਆ ਬੈਠੀ। ਕੁੱਝ ਦਿ ਤਾਂ ਮੇਰੀ ਮਾਤਾ ਮਾਤਾ ਪਿਤਾ ਜੀ ਨੇ ਪਾਗਲ ਨੂਰਾਂ ਅਤੇ ਬੂਟੇ ਨੂੰ ਆਪਣੇ ਘ ਛੁਪਾ ਕੇ ਰੱਖਿਆ ਪਰ ਇੱਕ ਆਥਣ ਫਿਰਕੂ ਜਨੂੰਨੀਆਂ ਦੀਆਂ ਨਜ਼ਰਾਂ ਤੋਂ ਨੂ ਅਤੇ ਬੂਟਾ ਬਚ ਕੇ ਨਾਂ ਰਹਿ ਸਕੇ। ਉਨਾਂ ਦਰੰਿਦਆਂ ਨੇ ਸਾਡੇ ਘਰ 'ਚ ਨੂਰਾਂ ਅ ਬੂਟੇ ਨੂੰ ਇਉਂ ਧੂਹ ਲਿਆ ਜਿਵੇਂ ਆਲ੍ਹਣੇ 'ਚ ਘੁੱਗੀ ਦੇ ਬੋਟਾਂ ਨੂੰ ਧੂੰਹਦੇ ਨੇ। ਪ ਬੇਵੱਸ ਅਤੇ ਮਜ਼ਬੂਰ ਹੋਏ ਮੇਰੇ ਮਾਤਾ ਅਤੇ ਪਿਤਾ ਜੀ ਉਨ੍ਹਾ ਜਨੂੰਨੀਆਂ ਮਗਰ ਉ ਤਰ੍ਹਾਂ ਨਾਂ ਪੈ ਸਕੇ ਜਿਵੇਂ ਘੁੱਗੀ ਕਾਂ ਮਗਰ ਪੈ ਜਾਂਦੀ ਏ। ਮੇਰੇ ਮਾਤਾ ਜੀ ਦੇ ਦੱਸ ਮੁਤਾਬਕ ਉਨ੍ਹਾਂ ਜਨੂਨੀਆਂ ਨੇ ਪਹਿਲਾਂ ਨੂਰਾਂ ਦੀਆਂ ਅੱਖਾਂ ਦੇ ਸਾਹਮਣੇ ਗੁਲਾ ਦੇ ਫੁੱਲ ਵਰਗੇ ਬੂਟੇ ਨੂੰ ਬਰਛੇ ਦੀ ਤਿੱਖੀ ਨੋਕ ਤੇ ਗੁਲਗਲੇ ਵਾਗ ਟੰਗਿਆ ਬਰਛੇ ਦੀ ਨੋਕ ਤੇ ਤੜਪਦੇ ਬੂਟੇ ਨੂੰ ਤੱਕ ਕੇ ਨੂਰਾਂ ਦੁਹੱਥੜੀਂ ਪਿੱਟਦੀ ਰਹੀ ਫੇਰ ਉਨ੍ਹਾਂ ਜਨੂੰਨੀ ਦਰੰਿਦਆਂ ਨੇ ਹਾਲੋਂ-ਬੇਹਾਲ ਹੋਈ ਨੂਰਾਂ ਦੀ ਧੌਣ ਨੂੰ ਧ ਨਾਲੋਂ ਅੱਡ ਕੀਤਾ। . .

ਮਾਂ ਕੋਲੋਂ ਇਹ ਦਰਦਨਾਕ ਘਟਨਾ ਸੁਣਕੇ ਮੈਂ ਤਾਂ ਮਨ ਈ ਮਨ 'ਚ ਉਨ੍ਹ ਜਨੂੰਨੀ ਦਰਿੰਦਿਆਂ ਨੂੰ ਕੋਸਦੀ ਰਹੀ ਪਰ ਗੁੱਸੇ ਨਾਲ ਭਰਿਆ-ਪੀਤਾ ਸਵਰਨ ਆਖਦਾ-'ਮਾਂ ਉਹਨਾਂ ਬੁੱਚੜ ਜਨੂੰਨੀਆਂ ਨੂੰ ਗੋਲੀ ਨਾਲ ਉਡਾਉਣਾ ਚਾਹੀਦ ਸੀ। ਜੇ ਉਦੋਂ ਮਾਂ ਮੈਂ ਹੁੰਦਾ ਤਾਂ ਉਹਨਾਂ ਕਾਤਲਾਂ ਨੂੰ ਲੀਰਾਂ ਕਰ ਦਿੰਦਾ।

ਸਵਰਨ ਸੱਚ ਨ ਲ ਈ ਆਪਣੀ ਉਮਰ ਨਾਲੋਂ ਵੱਧ ਦਲੇਰ ਅਤੇ ਸਿਆਣ ਸੀ। ਉਸ ਨੇ ਇਕ ਦਿਨ ਮੇਰੇ ਬਾਪੂ ਤੋਂ ਬਹੁਤ ਈ ਵੱਡਾ ਸਵਾਲ ਪੁੱਛਿਆ

ਸੀ। ਉਸ ਸਵਾਲ ਦਾ ਜਵਾਬ ਉਸ ਸਮੇਂ ਸਾਡੇ 'ਚੋਂ ਕਿਸੇ ਨੂੰ ਵੀ ਨਹੀਂ ਸੀ ਔੜਿਆ। ਸਵਾਲ ਸੀ,

'ਸਾਡੇ ਹਿਸਾਬ ਦੀ ਕਿਤਾਬ 'ਚ ਬਾਪੂ! ਲਿਖਿਐ ਵਈ ਜੇ ਇਕ ਕਿੱਲੋ ਦੁੱਧ 'ਚ ਅੱਧਾ ਕਿਲੋ ਪਾਣੀ ਪਾ ਦੇਈਏ ਤਾਂ ਦੱਸੋ ਦੁੱਧ ਵੇਚਣ ਵਾਲੇ ਨੂੰ ਕਿੰਨਾ ਲਾਭ ਹੋਵੇਗਾ?'.. ਭਲਾ ਬਾਪੂ! ਹਿਸਾਬ ਬਣਾਉਣ ਵਾਲੇ 'ਲਾਭ' ਦੀ ਥਾਂ ਧੋਖਾ ਜਾਂ ਬੇਈਮਾਨੀ' ਕਿਉਂ ਨਹੀਂ ਲਿਖਦੇ? ਜਦੋਂ ਕਿ ਦੁੱਧ ਦੇ ਭਾਅ ਪਾਣੀ ਵੇਚਣਾ ਧੋਖਾ ਅਤੇ ਬੇਈਮਾਨ ਈ ਤਾਂ ਹੁੰਦੀ ਐ।'

ਇਸ ਸਵਾਲ ਦਾ ਢੁੱਕਵਾਂ ਜੁਆਬ ਨਾ ਮਿਲਣ ਕਾਰਨ ਸਵਰਨ ਦੀ ਪੜ੍ਹਾਈ 'ਚ ਰੁਚੀ ਪਹਿਲਾਂ ਨਾਲੋਂ ਵੀ ਘਟ ਗਈ। ਉਹ ਪੜ੍ਹਾਈ ਛੱਡ ਕੇ, ਮੇਰੇ ਬਾਪੂ ਨਾਲ ਸਾਈਕਲਾਂ ਦੀ ਮੁਰੰਮਤ ਦੇ ਕੰਮ 'ਚ ਹੱਥ ਵਟਾਉਣ ਲਈ ਦੁਕਾਨ ਤੇ ਜਾਣ ਲੱਗ ਪਿਆ। ਸਾਈਕਲ ਦੀ ਟਿਊਬ ਨੂੰ ਪੰਚਰ ਲਾਉਂਦਾ ਜਾਂ ਹੋਰ ਕਿਸਮ ਦੀ ਮੁਰੰਮਤ ਕਰਦਾ ਮੇਰਾ ਪਿਤਾ ਜਦ ਅਜੀਬ ਖੁਮਾਰੀ ਦੇ ਨਸ਼ੇ 'ਚ ਆਇਆ, ਆਪਣੇ ਗਾਹਕਾਂ ਨੂੰ ਭਾਈ ਲਾਲੋ ਅਤੇ ਮਲਿਕ ਭਾਗੋ ਜਾਂ ਗੁਰੂ ਤੇਗ ਬਹਾਦਰ ਦੇ ਸੀਸ ਕੱਟਵਾਉਣ ਜਾਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਸਾਖ਼ੀ ਸੁਣਾ ਰਿਹਾ ਹੁੰਦਾ ਤਾਂ ਚੁੱਪ-ਚਾਪ ਸਾਈਕਲਾਂ ਦੇ ਚੱਕੇ ਦਾ ਵਲ ਕੱਢ ਰਿਹਾ ਸਵਰਨ ਸਾਖੀ ਪੂਰੇ ਧਿਆਨ ਨਾਲ ਸੁਣਦਾ।...

ਜਿਸ ਸਾਲ ਮੈਂ ਦਸਵੀਂ ਪਾਸ ਕਰਕੇ ਜੇ. ਬੀ. ਟੀ ਦੇ ਟਰੇਨਿੰਗ ਸੈਂਟਰ 'ਚ ਦਾਖਲਾ ਲਿਆ ਸੀ ਉਸ ਸਾਲ ਸਵਰਨ ਦੇ ਗੋਲ-ਗੋਰੇ ਮੂੰਹ ਤੇ ਲਵ੍ਹੀ-ਲਵ੍ਹੀ ਦਾਹੜੀ ਦੀਆਂ ਤੂੰਈਆਂ ਫੁੱਟ ਰਹੀਆਂ ਸਨ। ਤੇ ਉਹ ਸਾਈਕਲਾਂ ਦੀ ਮੁਰੰਮਤ ਦੇ ਕੰਮ 'ਚੋਂ ਮੰਡੀ 'ਚ ਗਿਣਿਆ ਜਾਣ ਲੱਗ ਪਿਆ ਸੀ।

ਮੈਂ ਉਸ ਦਿਨ ਹੈਰਾਨ ਈ ਰਹਿ ਗਈ ਸਾਂ, ਜਿਸ ਦਿਨ ਸਵਰਨ ਦੁਕਾਨ ਤੋਂ ਵਾਪਸ ਮੁੜਦਾ ਹੋਇਆ ਮਾਉਂ-ਜ਼ੇ-ਤੁੰਗ ਦੀ ਤਸਵੀਰ ਲੈ ਕੇ ਆਇਆ ਸੀ। ਮੈਂ ਮਾਉਂ-ਜ਼ੇ-ਤੁੰਗ ਬਾਰੇ ਉਸ ਦਿਨ ਪਹਿਲੀ ਵਾਰ ਸਵਰਨ ਕੋਲੋਂ ਜਾਣਕਾਰੀ ਪ੍ਰਾਪਤ ਕੀਤੀ ਸੀ। ਉਸ ਦਿਨ ਮੇਰੀ ਮਾਂ ਕਾਗਜ਼ਾਂ ਦੇ ਬਣਾਏ ਲਿਫਾਫੇ ਮੰਡੀ 'ਚ ਵੇਚਕੇ ਹਾਲੇ ਮੁੜੀ ਨਹੀਂ ਸੀ। ਨਾ ਈ ਮੇਰੇ ਪਿਤਾ ਜੀ ਹਾਲੇ ਦੁਕਾਨ ਤੋਂ ਆਏ ਸਨ। ਮੈਂ ਬਰਾਂਡੇ 'ਚ ਵਿਛੀ ਦਰੀ 'ਤੇ ਬੈਠੀ, ਚਾਰਟ ਉਤਲੀ ,ਪੰਜਾਬੀ ਦੀ ਪੈਂਤੀ 'ਚ ਬੁਰਛ ਨਾਲ ਸ਼ੀਸ਼ੀਆਂ ਦੇ ਰੰਗ ਭਰ ਰਹੀ ਸਾਂ। ਸਵਰਨ, ਕਾਮਰੇਡ

ਮਾਉ-ਜ਼ੇ-ਤੁੰਗ ਦੀ ਹੱਥਲੀ ਤਸਵੀਰ ਮੇਰੇ ਕੋਲ ਦਰੀ ਤੇ ਰੱਖਕੇ ਅੰਦਰ ਕਮਰੇ 'ਚ ਚਲਾ ਗਿਆ ਸੀ ਤੇ ਕਮਰੇ 'ਚੋਂ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਲਾਹ ਲਿਆਇਆ ਸੀ। ਉਸਨੇ ਦੋਵੇਂ ਤਸਵੀਰਾਂ ਬਰਾ-ਬਰਾਬਰ ਰੱਖ ਲਈਆਂ ਸਨ। ਮੈਂ ਹੈਰਾਨ ਹੁੰਦੀ ਤੱਕੀ ਜਾ ਰਹੀ ਸਾਂ। ਉਦੋਂ ਤਾਂ ਮੇਰੀ ਹੈਰਾਨੀ ਹੋਰ ਵੀ ਵਧ ਗਈ ਸੀ ਜਦੋਂ ਉਸਨੇ ਮੇਰੇ ਹੱਥੋਂ ਫੜੇ ਬੁਰਸ਼ ਨੂੰ ਲਾਲ ਰੰਗ ਦੀ ਸ਼ੀਸ਼ੀ 'ਚ ਡੁਬੋ ਕੇ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਹੇਠਲੇ ਖਾਲੀ ਕਾਗਜ਼ ਤੇ ਮੋਤੀਆਂ ਵਰਗੇ ਅੱਖਰ ਲਿਖਣੇ ਸ਼ੁਰੂ ਕਰ ਦਿੱਤੇ ਸਨ।

'ਕੋ ਕਾਹੂ ਕੋ ਰਾਜ ਨਾ ਦੇਹਿ, ਜੋ ਲੇਹਿ ਨਿੱਜ ਬਲ ਸੇ ਲੇਹਿ।'

ਫੇਰ ਉਸਨੇ ਪਹਿਲਾਂ ਵਾਂਗ ਈ ਚੁਪ-ਚਾਪ ਮਾਉਂ-ਜ਼ੇ-ਤੁੰਗ ਦੀ ਤਸਵੀਰ ਹੇਠਲੇ ਖ਼ਾਲੀ ਕਾਗਜ਼ ਮੋਤੀਆਂ ਵਰਗੇ ਅੱਖਰ ਲਿਖਣੇ ਸ਼ੁਰੂ ਕੀਤੇ ਸਨ,

'ਰਾਜਸੀ ਤਾਕਤ, ਬੰਦੂਕ ਦੀ ਨਾਲੀ ਚੋਂ ਨਿਕਲਦੀ ਹੈ।'

ਉਹ ਦੋਵਾਂ ਤਸਵੀਰਾਂ ਹੇਠ ਲਿਖੇ ਅੱਖਰਾਂ ਨੂੰ ਇਕ ਟਕ ਨੀਝ ਨਾਲ ਤੱਕਣ ਲੱਗ ਪਿਆ ਸੀ। ਮੇਰੀ ਹੈਰਾਨੀ ਇਸ ਹੱਦ ਤੱਕ ਵੱਧ ਗਈ ਸੀ ਕਿ ਮੇਰੇ ਕੋਲੋਂ ਪੁੱਛੇ ਬਿਨਾਂ ਨਾ ਰਿਹਾ ਗਿਆ :

'ਸਵੱਰਨੇ ! ਤੂੰ ਇਹ ਕੀ ਲਿਖਿਐ ...?'

'ਉਹ ਸੱਚ ਲਿਖਿਐ ਕਿਰਣੀ ! ਜਿਸ ਸੱਚ ਮੁਤਾਬਿਕ ਚੱ ਲਿਆ ਈ ਲੋਕਾਂ ਨੂੰ ਆਜ਼ਾਦੀ ਮਿਲ ਸਕਦੀ ਐ ...' ਸਵੱਰਨਾ ਵੱਡੇ ਗਿਆਨੀਆਂ ਵਾਂਗ ਮੈਨੂੰ ਸਮਝਾਉਣ ਲੱਗ ਪਿਆ ਸੀ...' ਕਿਰਣੀ 'ਕਾਮਰੇਡ ਮਾਉ-ਜ਼ੇ-ਤੁੰਗ ਅਤੇ ਗੁਰੂ ਗੋਬਿੰਦ ਸਿੰਘ ਸੂਰਮੇ ਬੰਦੇ ਸਨ। ਉਨਾਂ ਸੂਰਮਿਆਂ ਨੇ ਲਿਖਿਐ ਕਿ ਤਾਕਤ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ। ਕਾਮਰੇਡ ਮਾਉਂ-ਜ਼ੇ-ਤੁੰਗ ਨੇ ਚੀਨੀ ਲੁੱਟੇਰਿਆਂ ਅਤੇ ਜ਼ਾਲਮ ਰਾਜਿਆਂ ਕੋਲੋਂ ਰਾਜ ਖੋਹਣ ਲਈ ਖਾਲਸਾ ਫੌਜ ਬਣਾਈ।... ਸਿੱਖ ਇਤਿਹਾਸ ਦੀ ਆਡ 'ਚ ਸਿੱਖ ਇਤਹਾਸ, ਕਿਰਣੀ ! ਬਹੁਤ ਖਾੜਕੂ ਇਤਿਹਾਸ ਹੈ। ਪਰ ਅੱਜ ਦੇ ਮਸੰਦ, ਸਿੱਖ-ਇਤਿਹਾਸ ਦੀ ਆਡ 'ਚ ਸਿੱਖ ਇਤਿਹਾਸ ਨੂੰ ਬਦਨਾਮ ਕਰ ਰਹੇ ਹਨ।...' ਸਵਰਨ ਹੋਰ ਕਿੰਨਾਂ ਚਿਰ ਮੈਨੂੰ ਸਿੱਖ ਇਤਿਹਾਸ ਦੀ ਮਹੱਤਤਾ ਬਾਰੇ ਦੱਸਦਾ ਰਿਹਾ ਸੀ। ਮੈਨੂੰ ਉਸ ਸਮੇਂ ਇਉਂ ਮਹਿਸੂਸ ਹੋਣ ਲੱਗ ਪਿਆ ਸੀ ਜਿਵੇਂ ਉਮਰ 'ਚ ਤਾਂ ਮੈਂ ਸਵਰਨ ਨਾਲੋਂ ਬੇਸ਼ਕ ਵੱਡੀ ਹਾਂ, ਪਰ ਗਿਆਨ ਦੇ ਪੱਖੋਂ ਸਵਰਨ ਸੱਚੀਓਂ ਮੇਰੇ ਨਾਲੋਂ ਵੱਡਾ ਏ।

ਸਵਰਨ ਉਸ ਦਿਨ ਤੋਂ ਬਾਦ ਘਰ ਅਕਸਰ ਲੇਟ ਈ ਆਉਣ ਲੱਗ ਪਿਆ। ਦਿਨਾਂ ਦੇ ਗੁਜ਼ਰਨ ਨਾਲ ਉਹ ਘਰ ਆਉਣ 'ਚ ਨਾਗਾ ਪਾਉਣ ਲੱਗਾ। ਉਸ ਨਾਲ ਸਾਡੇ ਘਰ ਅਜਨਬੀ ਜਿਹੇ ਮੁੰਡੇ ਆਉਣ ਲੱਗ ਪਏ। ਆਉਣ ਵਾਲੇ ਮੁੰਡਿਆਂ ਵਿਚੋਂ ਕਿਸੇ ਦੇ ਪੱਗ ਬੰਨ੍ਹੀ ਹੁੰਦੀ. ਕਿਸੇ ਦੀਆਂ ਬੋਦੀਆਂ ਦੀਆਂ ਰੁੱਖੀਆਂ ਤ੍ਰੁਈਆਂ ਉੱਪਰ ਨੂੰ ਖੜ੍ਹੀਆਂ ਹੁੰਦੀਆਂ। ਬਾਈ ਕਾਮਰੇਡ ਵੀ ਉਹਨੀਂ ਦਿਨੀਂ ਈਂ ਸਾਡੇ ਘਰ ਆਉਣ ਲੱਗਿਆ ਸੀ। ਪਰ ਹੁਣ ਵਾਂਗੂੰ ਉਹਨੀਂ ਦਿਨੀਂ ਬਾਈ ਕਾਮਰੇਡ ਬੋਦੀਆਂ ਵਾਹ ਕੇ ਨਹੀਂ ਸੀ ਰੱਖਦਾ। ਸਗੋਂ ਪੱਗ ਬੰਨ੍ਹਕੇ ਰੱਖਦਾ ਹੁੰਦਾ ਸੀ। ਤੇ ਨਾ ਹੀ ਉਨ੍ਹੀਂ ਦਿਨੀਂ ਬਾਈ ਕਾਮਰੇਡ ਦੇ ਸਿਰ ਦੀਆਂ ਬੋਦੀਆਂ ਦੇ ਅੱਧੇ ਵਾਲ ਚਿੱਟੇ ਸਨ। ਉਹਨੀਂ ਦਿਨੀਂ ਤਾਂ ਉਸਦੇ ਸਿਰ ਅਤੇ ਦਾੜ੍ਹੀ ਦੇ ਵਾਲ ਕਾਂ ਦੀ ਪੂਛ ਵਰਗੇ ਕਾਲੇ ਸ਼ਾਹ ਹੁੰਦੇ ਸਨ। ਉਂਝ ਤਾਂ ਆਉਣ-ਜਾਣ ਵਾਲੇ ਸਾਰੇ ਮੁੰਡਿਆਂ ਨਾਲ ਈ ਸਾਡੀ ਅਪਣੱਤ ਬਣ ਗਈ ਸੀ। ਪਰ ਬਾਈ ਕਾਮਰੇਡ ਤਾਂ ਆਪਣੀ ਲਿਆਕਤ ਅਤੇ ਬੇਹੱਦ ਮਿਲਾਪੜੇ ਸੁਭਾ ਕਾਰਨ ਇਕ ਤਰ੍ਹਾਂ ਸਾਡੇ ਘਰ ਦੇ ਜੀਆਂ ਵਾਂਗ ਈ ਬਣ ਗਿਆ ਸੀ। ਮੇਰੇ ਮਾਤਾ ਪਿਤਾ ਜੀ ਉਸਨੂੰ ਸਵਰਨ ਜਿੰਨਾ ਈ ਮੋਹ ਕਰਦੇ ਸਨ।

ਬਾਈ ਕਾਮਰੇਡ, ਲੁਟੇਰਿਆਂ ਅਤੇ ਜ਼ਾਲਮਾਂ ਖਿਲਾਫ਼ ਉੱਠੀ ਨਕਸਲਬਾੜੀ ਦੀ ਹਥਿਆਰਬੰਦ ਬਗਾਵਤ ਬਾਰੇ ਜਿਸ ਰਾਤ ਸਾਨੂੰ ਦੱਸ ਰਹੇ ਸਨ, ਉਸ ਰਾਤ ਅਸਮਾਨ 'ਚ ਬੱਦਲਾਂ ਦੀ ਤਿੱਤਰ-ਖੰਭੀ ਛਾਈ ਹੋਈ ਸੀ। ਅਸੀਂ ਸਾਰੇ ਆਪੋ-ਆਪਣੀਆਂ ਰਜ਼ਾਈਆਂ 'ਚ ਬੈਠੇ, ਬਾਈ ਕਾਮਰੇਡ ਦੀਆਂ ਹੌਂਸਲੇ, ਦ੍ਰਿੜਤਾ ਅਤੇ ਦਲੇਰੀ ਵਾਲੀਆਂ ਗੱਲਾਂ ਸੁਣੀ ਜਾ ਰਹੇ ਸਾਂ। ਲੰਮੇਂ ਸਮੇਂ ਦੀ ਗੱਲ ਬਾਤ ਤੋਂ ਬਾਦ ਉਸਨੇ ਆਪਣੇ ਸਰਹਾਣੇ ਪਏ ਭਾਰੇ ਬੈਗ 'ਚੋਂ ਇਕ ਬਾਰਾਂ-ਬੋਰ ਦਾ ਪਸਤੌਲ ਕੱਢ ਕੇ ਮੇਰੇ ਬਾਪੂ ਨੂੰ ਆਖਿਆ ਸੀ,

'ਪਤਾ ਲੱਗਿਐ ਬਾਪੂ ਜੀ! ਤੁਸੀਂ ਸੰਦ ਵੀ ਠੀਕ ਕਰ ਲੈਂਦੇ ਹੋ?... ਇਸ ਦਾ ਘੋੜਾ ਨਹੀਂ ਵਰ੍ਹਦਾ...ਇਸੇ ਨੂੰ ਠੀਕ ਕਰ ਦੇਵੋ।'

'ਪੁਤਰੋ! ਮੈਂ ਵਿਗੜੇ ਹੋਏ ਸੰਦ ਈ ਠੀਕ ਨਹੀਂ ਕਰ ਸਕਦਾ। ਮੈਂ ਤਾਂ ਤੁਹਾਨੂੰ ਨਵੇਂ ਸੰਦ ਬਣਾਕੇ ਦੇਣ 'ਚ ਵੀ ਅਲਾਹੀ ਖੁਸ਼ੀ ਪ੍ਰਾਪਤ ਕਰਾਂਗਾ...ਜੇ ਤੁਸੀਂ ਮੇਰੇ ਬਣਾਏ ਸੰਦਾਂ ਨੂੰ ਅੱਜ ਦੇ ਔਰੰਗਿਆਂ ਨੂੰ ਖ਼ਤਮ ਕਰਨ ਲਈ ਵਰਤੋਗੇ?'

'ਹੋਰ ਬਾਪੂ! ਬਾਈ ਹੋਰੀਂ ਕਾਸ ਖਾਤਰ ਸਿਰ ਤੇ ਕੱਫਣ ਬੰਨ੍ਹੀ ਫਿਰਦੇ

ਐ'...ਬਾਈ ਕਾਮਰੇਡ ਦੇ ਬੋਲਣ ਤੋਂ ਪਹਿਲਾਂ ਸਵਰਨ ਕਰਾਰੀ ਜਿਹੀ ਆਵਾਜ਼ 'ਚ ਬੋਲ ਪਿਆ ਸੀ। ਸਵਰਨ ਦੇ ਬੋਲਣ ਤੋਂ ਬਾਦ, ਬਾਈ ਕਾਮਰੇਡ ਸੰਜੀਦਗੀ ਭਰੇ ਅੰਦਾਜ਼ 'ਚ ਬੋਲਿਆ ਸੀ।

...'ਬਾਪੂ ਜੀ! ਸਵਰਨ ਨੇ ਠੀਕ ਈ ਆਖਿਐ। ਸਾਮਰਾਜ ਅਤੇ ਉਸਦੇ ਪਾਲਤੂ ਕੁੱਤੇ ਦਲਾਲ ਨੌਕਰਸ਼ਾਹ ਜਗੀਰਦਾਰਾਂ ਅਤੇ ਸਰਮਾਏਦਾਰਾਂ ਦਾ ਸਫਾਇਆ ਕਰੇ ਤੋਂ ਬਿਨਾਂ ਆਪਾਂ ਕਿਰਤੀ ਕਾਮੇ ਮੁਕਤ ਨਹੀਂ ਹੋ ਸਕਦੇ। ਇਹਨਾਂ ਜ਼ਾਲਮ ਲੁਟੇਰਿਆਂ ਖਿਲਾਫ ਹਥਿਆਰ ਚੁੱਕ ਕੇ ਜੂਝਣਾ ਜ਼ਰੂਰੀ ਐ। ਜੇ ਅਸੀਂ ਨਾ ਜੂਝਾਂਗੇ ਤਾਂ ਇਹ ਹਤਿਆਰੇ ਸਾਨੂੰ ਕਿਰਤੀਆਂ ਕਾਮਿਆਂ ਨੂੰ ਖਾਂਦੇ ਰਹਿਣਗੇ।'

'ਜੇ ਸੱਚ ਇਹ ਐ ਪੁੱਤਰੋ! ਤਾਂ ਫੇਰ ਮੈਨੂੰ ਤੁਹਾਨੂੰ ਨਵੇਂ ਸੰਦ ਬਣਾਕੇ ਦੇਣ 'ਚ ਇਲਾਹੀ ਖੁਸ਼ੀ ਮਿਲੇਗੀ..' ਹੌਂਸਲੇ ਅਤੇ ਨਿਡਰਤਾ ਨਾਲ ਬੋਲਦੇ ਮੇਰੇ ਪਿਤਾ ਜੀ ਨੇ ਬਾਈ ਕਾਮਰੇਡ ਦੇ ਹੱਥੋਂ ਫੜੇ ਪਿਸਤੌਲ ਦਾ ਘੋੜਾ ਨਪਿਆ। ਪਰ ਘੋੜਾ ਜਾਮ ਹੋਣ ਕਾਰਨ ਵਰ੍ਹ ਨਹੀਂ ਸੀ ਰਿਹਾ।

ਅਫਸੋਸ! ਮੇਰੇ ਪਿਤਾ ਜੀ ਅੱਜ ਦੇ ਔਰੰਗਿਆਂ ਦਾ ਸਫਾਇਆ ਕਰਨ ਲਈ, ਬਾਈ ਹੋਰਾਂ ਨੂੰ ਨਵੇਂ ਸੰਦ ਬਣਾਕੇ ਨਾ ਦੇ ਸਕੇ। ਕਿਉਂ ਨਾ ਦੇ ਸਕੇ? ਇਸ ਸਵਾਲ ਦਾ ਉਤਰ ਦੇਣ ਤੋਂ ਪਹਿਲਾਂ ਮੈਨੂੰ ਪਾਣੀ ਚਾਹੀਦਾ ਏ। ਘਬ-ਰਾਉਣ ਦੀ ਲੋੜ ਨਹੀਂ ਮੇਰੇ ਦਿਲ 'ਚ ਇਉਂ ਲਾਟ ਜਿਹੀ ਅਕਸਰ ਉੱਠ ਈ ਖੜ੍ਹਦੀ ਏ। ਮੈਨੂੰ ਕੁਝ ਨਹੀਂ ਹੋਣ ਲੱਗਿਆ। ਤੁਸੀਂ ਮੈਨੂੰ ਦਸੋ ਪਾਣੀ ਕਿੱਥੇ ਏ...।'

ਤਿੰਨ

ਮੈਂ ਪਾਣੀ ਵਾਲਾ ਜੱਗ ਆਪਣੇ ਕੋਲ ਈ ਧਰ ਲੈਂਦੀ ਆਂ। ਕਿਉਂਕਿ ਮੈਨੂੰ ਹੱਡ-ਬੀਤੀ ਦਾ ਜਦੋਂ ਚੇਤਾ ਆਇਆ ਹੁੰਦਾ ਏ ਜਾਂ ਮੈਂ ਆਪਣੀ ਹੱਡ-ਬੀਤੀ ਸੁਣਾ ਰਹੀ ਹੁੰਦੀ ਆਂ ਤਾਂ ਇਹ ਲਾਟ ਜਿਹੀ ਮੇਰੇ ਦਿਲ 'ਚ ਉਠ ਈ ਖੜਦੀ ਏ।

ਪਰ ਮੈਂ ਜਦ ਪਾਨੀ ਦੀ ਘੁੱਟ ਪੀ ਲੈਂਦੀ ਆਂ ਤਾਂ ਮੇਰਾ ਦਿਲ ਕੁਝ ਨਾ ਕੁਝ ਸੰਭਾਲਾ ਲੈ ਲੈਂਦਾ ਏ।

...ਤੇ ਹਾਂ! ਮੇਰੇ ਪਿਤਾ ਜੀ ਅੱਜ ਦੇ ਔਰੰਗਿਆਂ ਨੂੰ ਸੋਧਣ ਖਾਤਰ ਬਾਈ ਹੋਰਾਂ ਨੂੰ ਨਵੇਂ ਸੰਦ ਬਣਾ ਕੇ ਦੇਣ ਦੀ ਇਲਾਹੀ ਖੁਸ਼ੀ ਕਿਉਂ ਨਾ ਲੈ ਸਕੇ? ਇਸ ਬਾਰੇ ਮੈਂ ਤੁਹਾਨੂੰ ਹੁਣ ਦੱਸਦੀ ਆਂ:

ਇਹ ਗੱਲ ਇਉਂ ਬਣੀ ਕਿ ਇਕ ਸ਼ਾਮ ਦੇ ਮੂੰਹ-ਹਨੇਰੇ, ਮੇਰਾ ਵੀਰ ਸਵਰਨਾ ਅਤੇ ਬਾਈ ਕਾਮਰੇਡ ਸਾਡੇ ਘਰ ਨੂੰ ਆ ਰਹੇ ਸਨ। ਘਰ ਤੋਂ ਕੁਝ ਕਰਮਾਂ ਦੀ ਵਿੱਥ ਤੇ ਈ ਉਹਨਾਂ ਨੂੰ ਉਹ ਸੀ. ਆਈ. ਡੀ. ਵਾਲਾ ਮਿਲ ਗਿਆ ਜਿਹੜਾ ਕਿਤੇ ਬਾਈ ਕਾਮਰੇਡ ਨੂੰ ਜਾਣਦਾ-ਪਛਾਣਦਾ ਸੀ, ਉਸਨੇ ਸੜਕ ਉੱਤਲੀ ਟਿਊਬ ਦੀ ਰੌਸ਼ਨੀ 'ਚ ਤੁਰੇ ਆਉਂਦੇ ਬਾਈ ਕਾਮਰੇਡ ਅਤੇ ਸਵਰਨੇ ਨੂੰ ਪਛਾਣ ਲਿਆ। ਉਹਨਾਂ ਨੇ ਵੀ ਉਸਨੂੰ ਪਛਾਣ ਲਿਆ ਸੀ ਪਰ ਉਹਨਾਂ ਦੀ ਕੋਈ ਪੇਸ਼ ਨਹੀਂ ਸੀ ਗਈ। ਕਿਉਂਕਿ ਜਦ ਬਾਈ ਕਾਮਰੇਡ ਨੇ ਹੱਥ ਆਪਨੀ ਡੱਬ ਵੱਲ ਨੂੰ ਕੀਤਾ ਸੀ ਤਾਂ ਉਸ ਵੇਲੇ ਈ ਸੀ. ਆਈ. ਡੀ. ਵਾਲੇ ਨੇ ਆਪਣੇ ਹੇਠਲੇ ਸਕੂਟਰ ਨੂੰ ਪੂਰੀ ਰੇਸ ਦੇ ਦਿੱਤੀ ਸੀ, ਤੇ ਪਲਾਂ 'ਚ ਈ ਸਕੂਟਰ ਉਹਨਾਂ ਦੀਆਂ ਅੱਖਾਂ ਤੋਂ ਉਹਲੇ ਹੋ ਗਿਆ ਸੀ। ਬਾਈ ਹੋਰੀਂ ਫਟਾ ਫੱਟ ਘਰ ਆ ਗਏ ਸਨ। ਸਾਨੂੰ ਅਚਾਨਕ ਵਾਪਰੀ ਇਸ ਘਟਨਾ ਬਾਰੇ ਪਲਾਂ 'ਚ ਦੱਸ ਕੇ ਉਹਨੀਂ ਪੈਰੀ ਵਾਪਿਸ ਮੁੜ ਗਏ ਸਨ।

ਬਾਈ ਹੋਰਾਂ ਦੇ ਚਲੇ ਜਾਣ ਬਾਦ ਈ ਪੁਲਸ ਦਾ ਭਰਿਆ ਟੈਂਪੂ ਸਾਡੇ ਘਰ ਦੇ ਮੂਹਰੇ ਆ ਰੁਕਿਆ। ਚਾਰ ਪੰਜ ਪੁਲਸੀਏ ਪਲਾਂ 'ਚ ਈ ਆਪਣੇ ਹੱਥਾਂ ਵਿਚਲੀਆਂ ਤਣੀਆਂ ਬੰਦੂਕਾਂ ਲੈ ਕੇ ਕੋਠੇ ਦੀ ਛੱਤ ਤੇ ਜਾ ਖੜੇ। ਅੱਠ ਦਸ ਪੁਲਸੀਏ ਭੈੜੇ ਜਿਹੇ ਡੇਲਿਆਂ ਵਾਲੇ ਥਾਣੇਦਾਰ ਦੀ ਨਿਗਰਾਨੀ ਹੇਠ ਤਣੀਆਂ ਬੰਦੂਕਾਂ ਦੇ ਘੋੜਿਆਂ ਵਿਚ ਉਂਗਲੀਆਂ ਪਾਈ ਸਾਡੇ ਘਰ ਦੇ ਵਿਹੜੇ 'ਚ ਆ ਧੱਸੇ।

'ਖ਼ਬਰਦਾਰ! ਜੇ ਕੋਈ ਆਪਣੀ ਥਾਂ ਤੋਂ ਹਿੱਲਿਆ ਤਾਂ ਗੋਲੀ ਮਾਰ ਕੇ ਮਾਰ ਦਿੱਤਾ ਜਾਊ...' ਸਾਡੇ ਘਰ ਦੇ ਵਿਹੜੇ 'ਚ ਧੁੱਸੇ ਪੁਲਸੀਆਂ ਦੀ ਕਮਾਂਡ ਕਰ ਰਹੇ ਡੇਲੂਲ ਥਾਣੇਦਾਰ ਦੇ ਖ਼ੂਨੀ ਬਘਿਆੜ ਵਾਂਗ ਗਰਜਣ ਸਮੇਂ ਖੁੱਲ੍ਹੀਆਂ ਵਰਾਛਾਂ 'ਚੋਂ ਥੁੱਕ ਡਿੱਗਣ ਲੱਗ ਪਿਆ ਸੀ। ਅਸੀਂ ਸਾਰੇ ਆਪਣੀ ਆਪਣੀ ਥਾਂ

ਤੇ ਬੈਠੇ ਰਹੇ ਸਾਂ। ਸਾਰੇ ਪੁਲਸੀਆਂ ਨੇ ਆਪੋ ਆਪਣੇ ਥਾਈਂ ਪੁਜੀਸ਼ਨਾਂ ਇਉਂ ਲੈ ਲਈਆਂ ਸਨ ਜਿਵੇਂ ਸ਼ਿਕਾਰੀ ਸ਼ਿਕਾਰ ਨੂੰ ਫੁੰਡਣ ਲਈ ਪੁਜ਼ੀਸ਼ਨ ਲੈਂਦਾ ਏ। ਡੋਲੂਲ ਥਾਣੇਦਾਰ ਬਰਾਛਾਂ 'ਚ ਥੁੱਕ ਸੁੱਟਣ ਲੱਗ ਪਿਆ ਸੀ।

'ਉਏ ! ਲਾਲੂਆ, ਦੱਸ ਕਿੱਥੇ ਐ ਉਹ ਨਕਸਲਵਾੜੀਆ, ਜਿਹੜਾ ਕੁੱਝ ਮਿੰਟ ਪਹਿਲਾਂ ਤੇਰੇ ਛੋਕਰੇ ਨਾਲ ਆਇਆ ਸੀ ?'

ਮੈਨੂੰ ਕਿਸੇ ਗੱਲ ਦਾ ਕੋਈ ਪਤਾ ਨਹੀਂ...।'

ਮੇਰੇ ਪਿਤਾ ਜੀ ਆਪਣੀ ਇਸ ਗੱਲ ਤੋਂ ਨਾ ਬਦਲੇ। ਡੋਲੂਲ ਥਾਣੇਦਾਰ ਥੁੱਕ ਸੁੱਟਦਾ ਰਿਹਾ। ਸਾਡੇ ਘਰ ਦਾ ਸਾਰਾ ਸਮਾਨ ਇਧਰ ਓਧਰ ਖਿੰਡਾਇਆ ਗਿਆ। ਗੰਦੀਆਂ ਗਾਲਾਂ ਦੀ ਧੂੜ ਵਰ੍ਹਾਈ ਗਈ। ਮੇਰੇ ਪਿਤਾ ਨੂੰ ਬੋਦੀਆਂ ਤੋਂ ਘੜੀਸ ਕੇ ਟੈਂਪੂ 'ਚ ਸੁੱਟਿਆ ਗਿਆ। ਮੈਨੂੰ ਅਤੇ ਮੇਰੀ ਮਾਂ ਨੂੰ ਸੁੱਝੇ ਨਾ ਕਿ ਕੀ ਕਰੀਏ ਕੀ ਨਾ ਕਰੀਏ। ਕਿਸ ਕੋਲ ਜਾਈਏ ? ਅਸੀਂ ਦੋਵੇਂ ਜਾਣੀਆਂ ਸਾਰੀ ਰਾਤ ਗਿੱਲੇ ਗੋਹੇ ਵਾਂਗ ਸੁੰਦਕਦੀਆਂ ਰਹੀਆਂ। ਸੂਰਜ ਚੜ੍ਹਦੇ ਨਾਲ ਈ ਗੁਆਂਢੀ ਸਾਡੇ ਨਾਲ ਹਮਦਰਦੀ ਵਿਖਾਉਣ ਲਈ ਆਉਣ ਲੱਗ ਪਏ, ਇੱਕ ਗੁਆਂਢੀ ਨੇ ਸਾਨੂੰ ਸਲਾਹ ਦਿੱਤੀ ਕਿ ਅਸੀਂ ਮੰਡੀ ਦੇ ਮਿਊਂਸਪਲਟੀ ਦੇ ਪ੍ਰਧਾਨ ਰਾਜਾ ਰਾਮ ਕੋਲ ਜਾਈਏ। ਉਹ ਮੇਰੇ ਪਿਤਾ ਜੀ ਨੂੰ ਛੁਡਾਉਣ 'ਚ ਸਾਡੀ ਸਹਾਇਤਾ ਜ਼ਰੂਰ ਕਰੇਗਾ। ਉਸ ਗੁਆਂਢੀ ਦੀ ਸਲਾਹ ਮੰਨ ਕੇ ਮੈਂ ਅਤੇ ਮੇਰੀ ਮਾਂ ਰਾਜਾ ਰਾਮ ਦੀ ਕੋਠੀ ਵੱਲ ਤੁਰ ਪਈਆਂ। ਅਗਾਹਾਂ ਰਾਜਾ ਰਾਮ ਆਪਣੇ ਮਿਲਣ ਵਾਲੇ ਕਮਰੇ 'ਚ ਬੈਠਾ ਅਕਾਲੀ ਪਾਰਟੀ ਦੇ ਐਮ. ਐਲ. ਏ. ਸ਼ੋਭਾ ਸਿੰਘ ਨਾਲ ਕੋਈ ਗੱਲ ਕਰੀ ਜਾ ਰਿਹਾ ਸੀ ਉਨ੍ਹਾਂ ਵਿਚਕਾਰ ਚਲਦੀ ਗੱਲ ਤਿਉਂ ਹੀ ਬੰਦ ਹੋ ਗਈ, ਜਿਉਂ ਈ ਉਹਨਾਂ ਨੇ ਸਾਨੂੰ ਬੂਹੇ 'ਚ ਖੜੀਆਂ ਨੂੰ ਤੱਕਿਆਂ। ਮੇਰੀ ਨਜ਼ਰ ਬੂਹੇ 'ਚ ਪਹੁੰਚਣ ਤੇ ਈ ਰਾਜਾ ਰਾਮ ਦੇ ਕਮਰੇ ਦੀ ਸਾਹਮਣੀ ਕੰਧ ਤੇ ਲਮਕਦੇ ਕਲੰਡਰ ਨਾਲ ਜਾ ਟਿਕਰਾਈ ਸੀ। ਇਸ ਕਲੈਂਡਰ ਉਪਲੀ ਸੀਨਰੀ 'ਚ ਇਕ ਬਗਲਾ ਪਾਣੀ 'ਚ ਇਕ ਲੱਤ ਦੇ ਭਾਰ ਹੋਇਆ ਖੜਾ ਸੀ। ਉਸੇ ਪਾਣੀ 'ਚ ਖੜੇ ਰੁੱਖ ਦੀ ਟਾਹਣੀ 'ਤੇ ਇਕ ਨੀਲੀ ਕਲਗੀ ਵਾਲਾ ਮੋਰ ਬੈਠਾ ਵਿਖਾਈ ਦੇ ਰਿਹਾ ਸੀ। ਮੈਂ ਹਾਲ੍ਹੇ ਇਸ ਸੀਨਰੀ ਵੱਲ ਸੁਭਾਵਿਕ ਤੱਕ ਈ ਰਹੀ ਸੀ ਕਿ ਇੰਨੇ ਨੂੰ ਰਾਜਾ ਰਾਮ ਦੀ ਆਵਾਜ਼ ਸੁਣਾਈ ਦਿੱਤੀ :

'ਆਉ ! ਤੁਸੀਂ ਕਿਵੇਂ ਆਈਆਂ ?'

'ਬੱਚਿਆਂ ਵਾਲਿਓ ! ਕੱਲ੍ਹ ਆਥਣੇ ਪੁਲਸ ਕਿਰਣ ਦੇ ਬਾਪੂ ਨੂੰ ਫੜ ਲਿਆਈ .' 'ਕਾਹਦੇ ਦੋਸ਼ 'ਚ ਫੜ ਲਿਆਈ ਪੁਲਸ ਉਹਨੂੰ ?' ਰਾਜਾ ਰਾਮ ਦਾ ਸਵਾਲ ਮੈਨੂੰ ਦੁਬਿਧਾ 'ਚ ਪਾ ਗਿਆ। ਇਕ ਪਲ 'ਚ ਮੈਂ ਸੋਚ ਗਈ ਕਿ ਆਪਣੇ ਪਿਤਾ ਦੇ ਫੜੇ ਜਾਣ ਵਾਲੇ ਕਾਰਨ ਬਾਰੇ ਦੱਸਾਂ ਜਾਂ ਨਾ ਦੱਸਾਂ। ਪਰ ਮੇਰੀ ਮਾਂ ਪਹਿਲਾਂ ਈ ਗੱਲ ਗੋਲ ਮੋਲ ਕਰਦੀ ਬੋਲ ਪਈ।

'...ਆਂਹੁਦੇ ਥੋੜੇ ਘਰ ਸੁਰਜੀਤ ਨਾਉਂ ਦਾ ਨਕਸਲੀਆ ਆਇਆ ਸੀ... ...ਸੱਚ ਨਾਲ ਈ ਬੱਚਿਆਂ ਵਾਲਿਓ ! ਸਾਡੇ ਪਰੇਸਤੇ ਵੀ ਸੁਰਜੀਤ ਨਾਉਂ ਦੇ ਨਕਸਲੀਏ ਨੂੰ ਨਹੀਂ ਜਾਣਦੇ। ਅਸੀਂ ਤਾਂ ਜਾਨਣਾ ਈ ਕੀ ਸੀ..."

'ਕੋਈ ਨਾ ਕੋਈ ਗੱਲ ਤਾਂ ਹੋਊਗੀ...?' ਐਮ.ਐਲ.ਏ. ਸ਼ੋਭਾ ਸਿੰਘ ਨੇ ਸਿਰ ਤੇ ਬੰਨ੍ਹੀ ਨੀਲੀ ਪੱਗ ਨੂੰ ਕੰਨ ਕੋਲੋਂ ਠੀਕ ਕਰਦਿਆਂ ਮੇਰੀ ਮਾਂ ਵੱਲ ਘੋਖਵੀਂ ਨਜ਼ਰ ਨਾਲ ਤੱਕਿਆ ਸੀ। ਮੈਂ ਮੌਕਾ ਸੰਭਾਲਦੀ ਬੋਲ ਪਈ ਸਾਂ :

'ਜੇ ਕੋਈ ਗੱਲ ਹੁੰਦੀ ਜੀ ! ਤਾਂ ਅਸੀਂ ਸੱਚੋ ਸੱਚ ਦੱਸ ਦਿੰਦੀਆਂ।'

'ਬਿਨਾਂ ਗੱਲ ਤੋਂ ਬੀਬਾ ਕਿਵੇਂ ਫੜ ਲਿਆਏ ? ਪੁਲਸ ਵਾਲਿਆਂ ਦਾ ਸਿਰ ਤਾਂ ਨਹੀਂ ਭਮਿਆਂ ਵਾ...ਵਈ...ਐਵੇਂ ਫੜ ਲਿਆਏ ?'

'ਅੱਜ ਕੱਲ ਐਮ. ਐਲ. ਏ. ਸਾਹਿਬ, ਵੈਸੇ ਪੰਜਾਬ ਪੁਲਸ ਦਾ ਭੈੜਾ ਹਾਲ ਈ ਐ...' ਰਾਜਾ ਰਾਮ ਨੇ ਆਪਣੀ ਟਚਨ-ਮਚਨ ਕੀਤੀ ਠੋਡੀ ਖੁਰਕੀ।

'ਅੱਜ ਕੱਲ ਲਾਲਾ ! ਪੰਜਾਬ ਪੁਲਸ ਦਾ ਹਾਲ ਤਾਹੀਂ ਭੈੜਾ ਐ ਨਾ ਕਿ ਪੰਜਾਬ 'ਚ ਕਾਂਗਰਸ ਦੀ ਥਾਂ ਅਕਾਲੀ ਪਾਰਟੀ ਦੀ ਸਰਕਾਰ ਬਣੀ ਹੋਈ ਐ ?" ਸ਼ੋਭਾ ਸਿੰਘ ਨੇ ਰਾਜਾ ਰਾਮ ਨੂੰ ਵਿਅੰਗ ਮਾਰਿਆ। ਉਸਦੇ ਮਾਰੇ ਵਿਅੰਗ ਦੇ ਬਦਲ 'ਚ ਰਾਜਾ ਰਾਮ 'ਹੀਂ ... ਹੀਂ'...ਕਰਦਾ ਛਿੱਥੀ ਜਿਹੀ ਆਵਾਜ਼ 'ਚ ਬੋਲਿਆ :

'ਨਹੀਂ !... ਨਹੀਂ ਐਮ.ਐਲ.ਏ. ਸਾਹਿਬ ! ਤੁਸੀਂ ਗਲਤ ਸਮਝ ਗਏ, ਮੈਂ ਤਾਂ ਵੈਸੇ ਈ ਗੱਲ ਕੀਤੀ ਸੀ...।'

ਮੈਂ ਉਹਨਾਂ ਦੀ ਬੇਮਤਲਬੀ 'ਹਾਂਅ...ਹਾਂਅ...' 'ਹੀਂ'...ਹੀਂ'...ਤੋਂ ਉਕਤਾ ਗਈ ਸੀ।

'ਤੁਸੀਂ ਸਾਡੀ ਕੋਈ ਮੱਦਦ ਕਰ ਸਕਦੇ ਹੋ ਜਾਂ ਨਹੀਂ...?"

'ਬੀਬੀ ! ਘਬਰਾ ਨਾ...' ਰਾਜਾ ਰਾਮ ਮੈਨੂੰ ਖਿੱਝੀ ਆਵਾਜ਼ 'ਚ ਕਹਿਣ

ਪਿਛੋਂ ਹਲੀਮੀ ਭਰੀ ਆਵਾਜ਼ 'ਚ ਸ਼ੋਭਾ ਸਿੰਘ ਨੂੰ ਆਖਣ ਲੱਗਿਆ :

'ਵੈਸੇ ਐਮ. ਐਲ. ਏ. ਸਾਹਿਬ ! ਵਿਚਾਰਾ ਲਾਲੋ ਤਾਂ ਬੰਦਾ ਦੇਵਤੈ...'

'ਤੇਰੀ ਮਰਜ਼ੀ ਐ ਲਾਲਾ। ਡੀ. ਐਸ. ਪੀ. ਸਾਹਿਬ ਨਾਲ ਟੈਲੀਫੂਨ ਤੇ ਗੱਲ ਕਰਕੇ ਕੇਮ ਦਾ ਖਤਾ ਕਰ ਲੈਂਦੇ ਹਾਂ।'

ਐਮ. ਐਲ. ਏ. ਨੇ ਆਪਣੇ ਖੱਬੇ ਹੱਥ ਪਏ ਮੇਜ਼ ਉੱਤਲੇ ਟੈਲੀਫੂਨ ਦਾ ਰਸੀਵਰ ਚੁੱਕਿਆ। ਮੈਂ ਅਤੇ ਮੇਰੀ ਮਾਂ ਆਸ ਜਿਹੀ ਨਾਲ ਟੈਲੀਫੂਨ ਤੇ ਡੀ. ਐਸ. ਪੀ. ਨਾਲ ਮੱਧਮ ਆਵਾਜ਼ 'ਚ ਗੱਲ ਕਰ ਰਹੇ ਐਮ. ਐਲ. ਏ ਵੱਲ ਤੱਕਣ ਲੱਗ ਪਈਆਂ। ਰਾਜਾ ਰਾਮ ਅੱਖਾਂ ਤੋਂ ਲਾਹੀ ਐਨਕ ਦੇ ਚਿੱਟੇ ਸ਼ੀਸ਼ੇ ਆਪਣੇ ਰੁਮਾਲ ਨਾਲ ਸਾਫ਼ ਕਰਨ ਲੱਗ ਪਿਆ। ਕੁਝ ਮਿੰਟਾਂ ਬਾਦ ਰਸੀਵਰ ਰੱਖਦੇ ਐਮ. ਐਲ. ਏ. ਨੇ ਰਾਜਾ ਰਾਮ ਨੂੰ ਸੰਬੋਧਨ ਕਰਕੇ ਦੱਸਣਾ ਸ਼ੁਰੂ ਕੀਤਾ।

'ਲਾਲਾ ਜੀ ! ਡੀ. ਐਸ. ਪੀ. ਸਾਹਿਬ ਤਾਂ ਇਹ ਦੱਸਦੇ ਨੇ ਕਿ ਸਾਡੀ ਪੁਲਸ ਨੇ ਲਾਲ ਚੰਦ ਦੇ ਘਰ, ਸੁਰਜੀਤ ਨਕਸਲੀਏ ਦੇ ਸ਼ੱਕ 'ਚ ਛਾਪਾ ਤਾਂ ਜ਼ਰੂਰ ਮਾਰਿਆ ਸੀ। ਪਰ ਗ੍ਰਿਫ਼ਤਾਰ ਕੋਈ ਨਹੀਂ ਕੀਤਾ...' ਐਮ. ਐਲ. ਏ.' ਹਾਲੇ ਬੋਲ ਹੀ ਰਿਹਾ ਸੀ ਕਿ ਮੇਰੇ ਮੂੰਹ 'ਚੋਂ ਆਪ-ਮੁਹਾਰੇ ਇਹ ਸ਼ਬਦ ਨਿਕਲ ਗਏ ਸਨ :

'ਐਡਾ ਵੱਡਾ ਝੂਠ !...ਸਾਰੇ ਮੁਹੱਲੇ ਦੇ ਸਾਹਮਣੇ ਕੱਲ ਆਥਣੇ ਮੇਰੇ ਪਿਤਾ ਜੀ ਨੂੰ ਫੜ ਕੇ ਲਿਆਏ ਨੇ—ਤੇ ਅੱਗੋਂ ਆਖਦੇ ਨੇ ਕੋਈ ਗ੍ਰਿਫ਼ਤਾਰ ਨਹੀਂ ਕੀਤਾ...।'

ਮੇਰੀ ਇਹ ਗੱਲ ਐਮ. ਐਲ. ਏ. ਨੂੰ ਸੱਪ ਵਾਂਗ ਸੁੰਘ ਗਈ। ਉਸਨੇ ਆਪਣੀਆਂ ਵੱਡੀਆਂ ਵੱਡੀਆਂ ਅੱਖਾਂ ਦੇ ਕੋਇਆਂ ਵਿਚਦੀ ਤਲਖੀ ਨਾਲ ਮੇਰੇ ਵੱਲ ਤੱਕਿਆ। ਰਾਜਾ ਰਾਮ ਆਪਣੀ ਟਚਨ-ਮਚਨ ਠੋਡੀ ਨੂੰ ਖੁਰਕਦਾ ਰਿਹਾ। ਮੈਂ ਪਿੜ-ਪੱਲੇ ਕੁਝ ਨਾ ਪੈਂਦਾ ਤੱਕ ਕੇ ਆਪਣੀ ਮਾਂ ਨੂੰ ਨਾਲ ਲੈ ਆਪਣੇ ਘਰ ਆ ਗਈ ਮੇਰੀ ਮਾਂ ਦੀਆਂ ਅੱਖੀਆਂ ਡੁਲ੍ਹਣੋਂ ਨਹੀਂ ਸੀ ਹੱਟਦੀਆਂ। ਮੇਰੀ ਚੈਨ ਦਾ ਖਹਿੜਾ, ਇਹ ਸਵਾਲ ਨਹੀਂ ਸੀ ਛੱਡਦਾ...'ਪੁਲਸੀਏ ਮੇਰੇ ਪਿਤਾ ਜੀ ਜੀ ਦੀ ਗ੍ਰਿਫ਼ਤਾਰੀ ਕਿਉਂ ਨਹੀਂ ਵਿਖਾ ਰਹੇ ?' ਇਹੋ ਸਵਾਲ ਓਦੋਂ ਵੀ ਮੇਰੀ ਚੈਨ ਨੂੰ ਹਲਾਲ ਕਰੀ ਜਾ ਰਿਹਾ ਸੀ, ਜਦੋਂ ਮੇਰੇ ਪਿਤਾ ਜੀ ਦੀ ਗ੍ਰਿਫ਼ਤਾਰੀ ਤੋਂ

ਦੋ ਦਿਨ ਬਾਦ ਸਾਡੇ ਘਰ ਸਵਰਨ ਦਾ ਦੋਸਤ ਗੁਰਮੀਤ ਅਤੇ ਹਰਪਾਲ ਹੋਰੀਂ ਆਏ ਸਨ। ਹਰਪਾਲ ਨੂੰ ਉਦੋਂ ਮੈਂ ਪਹਿਲੀ ਵਾਰੀ ਤੱਕਿਆ ਸੀ ਤੇ ਉਹ ਸਾਡੇ ਘਰ ਉਦੋਂ ਆਇਆ ਵੀ ਪਹਿਲੀ ਵਾਰ ਸੀ।

ਗੁਰਮੀਤ ਤਾਂ ਸਾਡੇ ਨਾਲ ਪੁਲਸ ਵਲੋਂ ਕੀਤੀ ਗਈ ਵਧੀਕੀ ਤੇ ਦੁੱਖ ਪਰਗਟ ਕਰਨ ਲੱਗ ਪਿਆ ਸੀ ਤੇ ਹਰਪਾਲ ਚੁੱਪ ਬੈਠਾ ਰਿਹਾ ਸੀ। ਚੁੱਪ ਬੈਠਾ ਹਰਪਾਲ ਕਦੇ ਕਦੇ ਅੱਖਾਂ ਦੇ ਕੋਇਆਂ ਵਿਚ ਦੀ ਮੇਰੇ ਵੱਲ ਤੱਕ ਲੈਂਦਾ ਸੀ। ਉਸਦੀ ਇਹ ਤੱਕਣੀ ਮੈਨੂੰ ਚੰਗੀ ਨਹੀਂ ਸੀ ਲੱਗੀ। ਪਰ ਮੈਂ ਮੂੰਹੋਂ ਕੁਝ ਨਹੀਂ ਬੋਲੀ ਸਾਂ। ਮੇਰੀ ਮਾਂ ਨੂੰ ਗੁਰਮੀਤ ਵਲੋਂ ਵਿਖਾਈ ਜਾ ਰਹੀ ਹਮਦਰਦੀ ਸੰਤੁਸ਼ਟ ਨਹੀਂ ਸੀ ਕਰ ਸਕੀ। ਤੇ ਮੇਰੀ ਮਾਂ ਨੇ ਉਸਨੂੰ ਆਖਿਆ ਸੀ :

"ਬੇਟਾ ! ਸਾਨੂੰ ਕੁਛ ਨਹੀਂ ਹੋਣ ਲੱਗਾ। ਤੁਸੀਂ ਆਪਣੇ ਬਾਪੂ ਜੀ ਦਾ ਪਤਾ ਕਰੋ। ਔਂਤਰੇ ਪੁਲਸੀਏ ਤਾਂ ਉਸ ਦੀ ਗ੍ਰਿਫਤਾਰੀ ਤੋਂ ਈ ਮੁਕੱਰ ਰਹੇ ਨੇ ..'

'ਮਾਂ ਜੀ ! ਤੁਸੀਂ ਇਸ ਗੱਲ ਦੀ ਚਿੰਤਾ ਲਾ ਕਰੋ...' ਹਰਪਾਲ ਆਪਣੀਆਂ ਮੁੱਛਾਂ ਨੂੰ ਸੁਭਾਵਿਕ ਮੋਰੜਦਾ ਬੋਲਣ ਲਗ ਪਿਆ ਸੀ...'ਪਾਰਟੀ ਬਾਪੂ ਜੀ ਦਾ ਪਤਾ ਕਰਨ ਲਈ ਆਪਣੀ ਪੂਰੀ ਵਾਹ ਲਾ ਰਹੀ ਐ।'

"ਜਿਉਂਦਾ ਰਹੁ ਬੇਟਾ ! ਰੱਬ ਥੋਡੀ ਉਮਰ ਲੰਮੀ ਕਰੇ...'

'ਮਾਤਾ ਜੀ ! ਇਹ ਸਾਡਾ ਫਰਜ਼ ਐ ਅਸੀਂ ਤੁਹਾਡੇ ਤੇ ਕੋਈ ਅਹਿਸਾਨ ਨਹੀਂ ਕਰ ਰਹੇ।' ਗੁਰਮੀਤ ਨੂੰ ਮੇਰੀ ਮਾਤਾ ਜੀ ਵਲੋਂ ਦਿੱਤੀਆਂ ਗਈਆਂ ਅਸੀਸਾਂ ਧੰਨਵਾਦ ਦੇ ਬਰਾਬਰ ਲੱਗੀਆਂ ਸਨ। ਇਸ ਕਰਕੇ ਤਾਂ ਉਹ ਮਾਂ ਦੀ ਗੱਲ ਦੇ ਵਿਚਕਾਰ ਦੀ ਈ ਬੋਲ ਪਿਆ ਸੀ। ਫੇਰ ਉਸ ਨੇ ਦੱਸਿਆ ਕਿ ਅਗਾਹਾਂ ਤੋਂ ਹਰਪਾਲ ਸਾਡੇ ਘਰ ਸਾਡਾ ਪਤਾ-ਸੁਤਾ ਲੈਣ ਆਇਆ ਕਰੇਗਾ। ਇਹ ਡਿਊਟੀ ਗੁਰਮੀਤ ਦੀ ਪਾਰਟੀ ਵਲੋਂ ਇਸ ਕਰਕੇ ਲਾਈ ਸੀ ਕਿ ਗੁਰਮੀਤ ਨੂੰ ਤਾਂ ਮੰਡੀ ਦੇ ਬਹੁਤੇ ਲੋਕ ਜਾਣਦੇ ਸਨ। ਪਰ ਹਰਪਾਲ ਨੂੰ ਮੰਡੀ ਦਾ ਕੋਈ ਟਾਵਾਂ-ਟੱਲਾ ਈ ਜਾਣਦਾ ਸੀ।

ਉਹ ਦੋਵੇਂ ਜਦੋਂ ਜਾਣ ਲਈ ਉੱਠੇ ਸਨ ਤਾਂ ਮੇਰੀ ਮਾਂ ਨੇ ਉਨ੍ਹਾਂ ਸਾਹਮਣੇ ਆਪਣੀ, ਸਵਰਨ ਨੂੰ ਮਿਲਣ ਦੀ ਮੰਗ ਰੱਖ ਦਿੱਤੀ ਸੀ। ਮਾਂ ਦੀ ਇਸ ਮੰਗ ਦੀ ਮੈਂ ਤਾਇਦ ਕਰ ਦਿੱਤੀ ਸੀ। ਸਾਡੀ ਮੰਗ ਨੂੰ ਮੰਨਣ 'ਚ ਉਹਨਾਂ ਨੇ ਨਾ ਤਾਂ

ਸਿੱਧੀ ਹਾਂ ਕੀਤੀ ਸੀ ਤੇ ਨਾ ਈ ਸਿੱਧੀ ਨਾਂਹ ਕੀਤੀ ਸੀ। ਉਹਨਾਂ ਨੇ ਤਾਂ ਸਾਡੇ ਨਾਲ ਇਹ ਵਾਅਦਾ ਕੀਤਾ ਸੀ ਕਿ ਉਹ ਸਾਡੀ ਮੰਗ ਪਾਰਟੀ ਤੱਕ ਪਹੁੰਚਾ ਦੇਣਗੇ। ਤੇ ਜੇ ਪਾਰਟੀ ਨੇ ਸਵਰਨ ਨੂੰ ਮਿਲਣ ਆਉਣ ਲਈ ਇਜਾਜ਼ਤ ਦੇ ਦਿੱਤੀ ਤਾਂ ਉਹ ਮਿਲਾ ਦੇਣਗੇ।

ਉਸ ਦਿਨ ਤੋਂ ਚਾਰ ਦਿਨ ਬਾਦ ਸਵੇਰ ਦੇ ਚਾਰ ਵਜੇ ਈ ਹਰਪਾਲ ਨੇ ਸਾਡੇ ਘਰ ਦਾ ਬੂਹਾ ਆ ਖੜਕਾਇਆ। ਉਹ ਮੇਰੀ ਮਾਤਾ ਜੀ ਦੇ ਕੰਨ ਕੋਲ ਕੁਝ ਆਖਕੇ ਉਨ੍ਹੀਂ ਪੈਰੀਂ ਈ ਵਾਪਿਸ ਮੁੜ ਗਿਆ। ਮੇਰੀ ਮਾਂ ਨੇ ਨਿੱਕੀ ਆਵਾਜ਼ 'ਚ ਮੈਨੂੰ ਸਵਰਨ ਨੂੰ ਮਿਲਣ ਦੀ ਖ਼ੁਸ਼ਖ਼ਬਰੀ ਦੱਸੀ। ਮਿੰਟਾਂ-ਸੈਕਿੰਡਾਂ 'ਚ ਈ ਅਸੀਂ ਕਮਰੇ ਨੂੰ ਜਿੰਦਰਾ ਲਾਇਆ। ਮੇਰੀ ਮਾਂ ਹੱਥਲੀ ਪਾਣੀ ਦੀ ਗੜਵੀ ਚੁੱਕ ਕੇ ਮੂਹਰੇ ਮੂਹਰੇ ਤੁਰੀ। ਅਸੀਂ ਪੰਦਰਾਂ-ਵੀਹ ਮਿੰਟਾਂ 'ਚ ਮੰਡੀ ਲੰਘਕੇ ਗੱਡੀ ਦੀ ਲਾਈਨ ਉਤਲੇ ਬਾਹਰਲੇ ਫਾਟਕ ਤੇ ਪਹੁੰਚ ਗਈਆਂ। ਫਾਟਕ ਤੋਂ ਅਸੀਂ ਸੱਜੇ ਹੱਥ ਨੂੰ ਵੀਹ-ਪੱਚੀ ਕਰਮਾਂ ਦੀ ਵਿੱਥ ਉਤਲੀ ਟਾਹਲੀ ਵੱਲ ਨੂੰ ਮੁੜੀਆਂ। ਅਗਾਹਾਂ ਟਾਹਲੀ ਹੇਠ, ਹੱਥ 'ਚ ਗੰਡਾਸਾ ਲਈ ਖੜ੍ਹਾ ਹਰਪਾਲ ਸਾਡੀ ਉਡੀਕ ਈ ਕਰੀ ਜਾ ਰਿਹਾ ਸੀ। ਸਾਡੇ ਟਾਹਲੀ ਹੇਠ ਪਹੁੰਚਦਿਆਂ ਈ ਹਰਪਾਲ ਮੂਹਰੇ ਮੂਹਰੇ ਤੁਰ ਪਿਆ! ਅਸੀਂ ਉਸਦੇ ਪਿੱਛੇ ਪਿੱਛੇ ਹੋ ਤੁਰੀਆਂ। ਅਸੀਂ ਤਿੰਨੇ ਜਣੇ ਪੀਲੇ ਫੁੱਲਾਂ ਨਾਲ ਭਰੀ ਸਰ੍ਹੋਂ ਦੇ ਖੇਤ ਅਤੇ ਚੁੱਪ-ਚਾਪ ਖੜੇ ਕਮਾਦ ਦੇ ਖੇਤ ਵਿਚ ਦੀ ਜਾਂਦੇ ਖਾਲ੍ਹੇ ਖਾਲ ਤੁਰੇ ਜਾ ਰਹੇ ਸਾਂ। ਮੱਢੇ ਤੇ ਗੰਡਾਸਾ ਰੱਖ ਕੇ ਸਾਡੇ ਮੂਹਰੇ ਮੂਹਰੇ ਤੁਰਿਆ ਜਾ ਰਿਹਾ ਹਰਪਾਲ ਮੈਨੂੰ ਚੰਦਰ ਸ਼ੇਖਰ ਅਜ਼ਾਦ ਵਰਗਾ ਲੱਗ ਰਿਹਾ ਸੀ। ਖਾਲ੍ਹ ਦੀ ਵੱਟ ਉਤਲੇ ਘਾਹ ਵਿਚਲੇ ਬਿੰਡਿਆਂ ਦੀ .. 'ਟੀਂ.. ਟੀਂ' ਧਤਲੇ ਪੈਂਦੇ ਜਾ ਰਹੇ ਹਨੇਰੇ ਵਿਚ ਪਸਰੇ ਚੁੱਪ ਦੇ ਸੱਨਾਟੇ ਨੂੰ ਤੋੜੀ ਜਾ ਰਹੀ ਸੀ। ਆਲੇ-ਦੁਆਲੇ ਦੇ ਰੁੱਖਾਂ ਉਤਲੇ ਆਲ੍ਹਣਿਆਂ ਵਿਚੋਂ ਉੱਡ ਰਹੇ ਪੰਛੀਆਂ ਦੀ ਚਹਿ-ਚਹਾਟ, ਮਹੌਲ 'ਚ ਅਨੋਖਾ ਸੰਗੀਤ ਖਿੰਡਾਉਣ ਲੱਗ ਪਈ ਸੀ।

ਪੂਰਬ ਦੀ ਗੋਦ 'ਚੋਂ ਲਾਲ ਉਭਾਰ ਉਭਰਨਾ ਸ਼ੁਰੂ ਹੋ ਗਿਆ ਸੀ। ਤੀਹ ਚਾਲੀ ਕਰਮਾਂ ਦੀ ਵਿੱਥ ਤੇ ਭੌਂਕਦੇ ਕੁੱਤੇ ਦੀ ਆਵਾਜ਼ ਸਾਨੂੰ ਸੁਣਾਈ ਦੇਣ ਲੱਗ ਪਈ ਸੀ। ਕੁੱਤੇ ਦੇ ਭੌਂਕਣ ਦੀ ਆਵਾਜ਼ ਪਲੋ-ਪਲ ਸਾਡੇ ਵਲ ਆ ਰਹੀ ਸੀ।

'ਬੇਬੇ ਜੀ! ਇਹ ਆਪਣੇ ਕੁੱਤੇ ਦੀ ਈ ਆਵਾਜ਼ ਐ। ਘਬਰਾਉਣ ਦੀ ਲੋੜ ਨਹੀਂ।' ਸਾਡੇ ਮੂਹਰੇ ਮੂਹਰੇ ਤੁਰੇ ਜਾ ਰਹੇ ਹਰਪਾਲ ਨੇ ਮੇਰੀ ਮਾਂ ਨੂੰ ਸੰਬੋਧਨ

ਕਰਦਿਆਂ ਦੱਸਿਆ। ਕੁੱਤੇ ਦੀ ਆਵਾਜ਼ ਜਦੋਂ ਸਾਡੇ ਕੋਲੋਂ ਮਸਾਂ ਦਸਾਂ-ਬਾਰਾਂ-ਕਰਮਾਂ ਦੀ ਵਿੱਥ ਤੇ ਰਹਿ ਗਈ ਤਾਂ ਉਦੋਂ ਹਰਪਾਲ ਨੇ ਬੁਸ਼ਕਰ ਮਾਰਨੀ ਸ਼ੁਰੂ ਕੀਤੀ। ਪੂਛ ਮਾਰਦਾ ਅਤੇ ਭੌਂਕਣੋਂ ਹਟਿਆ ਸ਼ੇਰ ਵਰਗਾ ਕੁੱਤਾ ਸਾਨੂੰ ਨਜ਼ਰ ਆਉਣ ਲੱਗ ਪਿਆ ਸੀ। ਕੁੱਤਾ ਪੂਛ ਹਿਲਾਉਂਦਾ ਹਰਪਾਲ ਦੇ ਅੱਗੇ ਅੱਗੇ ਤੁਰਨ ਲੱਗ ਪਿਆ ਸੀ। ਇਹ ਸੀਮਿੰਟਿਡ ਘਰ ਹਰਪਾਲ ਦੇ ਮਾਮੇ ਦਾ ਸੀ। ਇਸ ਘਰ ਦੇ ਇਕ ਕਮਰੇ 'ਚ ਡਹੇ ਮੰਜਿਆਂ ਤੇ ਵਿਛੇ ਬਿਸਤਰਿਆਂ 'ਚ ਬੈਠੇ, ਸਵਰਨ ਅਤੇ ਬਾਈ ਕਾਮਰੇਡ ਹੋਰੀਂ ਸਾਡੀ ਉਡੀਕ ਕਰ ਰਹੇ ਸਨ। ਇਸ ਕਮਰੇ ਦੇ ਬੂਹੇ ਮੂਹਰੇ ਮੈਨੂੰ ਅਤੇ ਮੇਰੀ ਮਾਂ ਨੂੰ ਛੱਡ ਕੇ ਹਰਪਾਲ ਉਸ ਪਾਸੇ ਵੱਲ ਨੂੰ ਮੁੜ ਗਿਆ, ਜਿਸ ਪਾਸੇ ਰਸੋਈ 'ਚ ਬੈਠਾ ਇਕ ਭਈਆ ਚਾਹ ਗਿਲਾਸਾਂ 'ਚ ਪਾ ਰਿਹਾ ਸੀ। ਸਵਰਨ ਅਤੇ ਬਾਈ ਨੇ ਸਾਨੂੰ ਵਾਰੀ ਵਾਰੀ ਸਤਿ ਸ੍ਰੀ ਅਕਾਲ ਬੁਲਾਈ। ਮੈਂ ਤਾਂ ਉਨ੍ਹਾਂ ਦੀ ਸਤਿ ਸ੍ਰੀ ਅਕਾਲ ਦਾ ਜਵਾਬ ਦੇ ਦਿੱਤਾ ਪਰ ਮਨ ਭਰਿਆ ਹੋਣ ਕਾਰਨ ਮੇਰੀ ਮਾਂ ਜੁਆਬ ਨਾ ਦੇ ਸਕੀ। ਅਸੀਂ ਦੋਵੇਂ ਜਾਣੀਆਂ ਸਵਰਨ ਵਾਲੇ ਮੰਜੇ ਤੇ ਪੈਰ ਹੇਠਾਂ ਨੂੰ ਲਮਕਾ ਕੇ ਬੈਠ ਗਈਆਂ ਸਾਂ।

'ਕਿਉਂ ਬਾਈ! ਪਿਤਾ ਜੀ ਦਾ ਕੋਈ ਪਤਾ ਲੱਗਿਆ...?' ਮੈਂ ਸਵਾਲ ਕਰਕੇ ਚਾਹ ਲਈ ਖੜੇ ਮਾੜੂਏ ਜਿਹੇ ਭਈਏ ਦੇ ਹੱਥੋਂ ਚਾਹ ਦਾ ਗਿਲਾਸ ਫੜਿਆ।

'ਹਾਂ ਕਿਰਣ! ਪਤਾ ਲੱਗ ਗਿਐ ਬਾਪੂ ਦਾ' ਸਵਰਨ ਦੀ ਆਵਾਜ਼ 'ਚ ਦਰਦ ਅਤੇ ਗੁੱਸਾ ਸਮਾਇਆ ਹੋਇਆ ਸੀ। ਮੇਰੀ ਮਾਂ ਨੇ ਭਈਏ ਕੋਲੋਂ ਫੜਿਆ ਚਾਹ ਵਾਲਾ ਗਿਲਾਸ ਹੇਠਾਂ ਰੱਖ ਦਿੱਤਾ। ਬਾਈ ਕਾਮਰੇਡ ਗੰਭੀਰ ਜਿਹੇ ਅੰਦਾਜ਼ ਵਿਚ ਦੱਸਣ ਲੱਗ ਪਿਆ ਸੀ:

'ਬਾਪੂ ਜੀ ਨੇ ਬਹੁਤ ਹੌਂਸਲਾ, ਦ੍ਰਿੜਤਾ ਅਤੇ ਦਲੇਰੀ ਵਿਖਾਈ। ਪੁਲਸ ਵਾਲਿਆਂ ਨੂੰ ਪਾਰਟੀ ਦਾ ਕੋਈ ਭੇਤ ਨਹੀਂ ਦਿੱਤਾ।.. ਸੱਚ ਨਾਲ ਈ ਬਾਪੂ ਜੀ ਨੇ ਅੱਜ ਦੇ ਔਰੰਗਿਆਂ ਨੂੰ ਦੱਸ ਦਿਤਾ ਕਿ ਭਾਈ ਮਨੀ ਸਿੰਘ ਹੋਰੀਂ ਮਰੇ ਨਹੀਂ .. ਹਾਲੇ ਵੀ ਜਿਉਂਦੇ ਨੇ ..'

ਬਾਈ ਕਾਮਰੇਡ ਦੀ ਚਲਦੀ ਗੱਲ ਦੇ ਵਿਚ ਈ ਬੋਲਦਿਆਂ ਮੈਂ ਆਪਣੇ ਪਹਿਲੇ ਸਵਾਲ ਦਾ ਉਤਰ ਈ ਪੁੱਛਿਆ:

'ਹਾਂ! ਕੀ ਪਤਾ ਲੱਗਿਆ ਬਾਪੂ ਦਾ..?'

'ਦੱਸ ਦਿੰਦੇ ਆਂ ਕਿਰਣ ! ਤੁਸੀਂ ਚਾਹ ਤਾਂ ਪੀ ਲਵੋ', ਬਾਈ ਕਾਮਰੇਡ ਨੇ ਆਖਿਆ। ਮੇਰੀ ਥਾਂ ਮੇਰੀ ਮਾਂ ਆਪਣੀ ਭਾਰੀ ਹੋਈ ਆਵਾਜ਼ 'ਚ ਬੋਲੀ,

'ਚਾਹ ਉਨਾ ਚਿਰ ਬੇਟਾ ਸਾਡੇ ਸੰਘੋਂ ਹੇਠਾਂ ਨਹੀਂ ਲੱਥਦੀ, ਜਿੰਨਾਂ ਚਿਰ ਤੁਸੀਂ ਆਪਣੇ ਬਾਪੂ ਬਾਰੇ ਨਹੀਂ ਦਸਦੇ।'

ਮਾਂ ਦੀ ਗੱਲ ਸੁਣਕੇ ਬਾਈ ਤਾਂ ਦੁੱਖ ਦੇ ਸਮੁੰਦਰ 'ਚ ਗੋਤੇ ਖਾਂਦਾ ਚੁੱਪ ਹੋ ਗਿਆ। ਸਵਰਨ ਮਨ ਨੂੰ ਕਰੜਾ ਕਰਕੇ ਜੇਰੇ ਨਾਲ ਦੱਸਣ ਲੱਗਾ..'ਬੇਬੇ ਮੇਰਾ ਬਾਪੂ ਜੀ... ਅੱਜ ਦਾ ਮਤੀ ਦਾਸ ਅੱਜ ਦਾ ਭਾਈ ਦਿਆਲਾ, ਅੱਜ ਦੇ ਔਰੰਗਿਆਂ ਅਤੇ ਨਾਦਰਸ਼ਾਹਾਂ ਦੇ ਮੁਕੱਦਮਾਂ ਨੇ ਨਿਗਲ ਲਿਆ। ਉਹ ਇਹਨਾਂ ਮੁਕੱਦਮ-ਕੁੱਤਿਆਂ ਦੇ ਕੀਤੇ ਅਤਿਆਚਾਰ ਦਾ ਮੂੰਹ ਚਿੜ੍ਹਾਉਂਦਾ ਸ਼ਹੀਦ ਹੋ ਹੋ ਗਿਆ ।

ਸਵਰਨ ਮੇਰੇ ਪਿਤਾ ਜੀ ਦੀ ਮੌਤ ਬਾਰੇ ਹੌਂਸਲੇ ਭਰੇ ਅੰਦਾਜ਼ 'ਚ ਦੱਸੀ ਜਾ ਰਿਹਾ ਸੀ, ਮੇਰੀ ਮਾਂ ਦੀਆਂ ਅੱਖਾਂ ਨੇ ਇਕ ਤਰ੍ਹਾਂ ਅੱਥਰੂਆਂ ਦੀ ਝੜੀ ਈ ਲਾ ਦਿੱਤੀ ਸੀ। ਰੁੱਖਾਂ ਤੇ ਚਹਿ ਚਹਾ ਰਹੇ ਪੰਛੀਆਂ ਦੀ ਆਵਾਜ਼ ਮੈਨੂੰ 'ਵੈਣਾਂ' ਵਰਗੀ ਸੁਣਾਈ ਦੇਣ ਲੱਗ ਪਈ ਸੀ ਤੇ ਮੇਰੇ ਦਿਲ 'ਚ ਲਾਟ ਜਿਹੀ ਨਿਕਲ ਪਈ ਸੀ—ਉਹੀ ਲਾਟ ਹੁਣ ਵੀ ਮੇਰੇ ਦਿਲ 'ਚੋਂ ਉੱਠ ਰਹੀ ਏ। ੦

ਚਾਰ

.. ਤੇ ਹਾਂ ! ਮੇਰੇ ਪਿਤਾ ਜੀ ਦੀ ਮੌਤ, ਮੇਰੇ ਅਤੇ ਮੇਰੀ ਮਾਂ ਦੇ ਦਿਲ ਨੂੰ ਵਿੰਨ੍ਹ ਗਈ। ਪਿਤਾ ਜੀ ਦੀ ਮੌਤ ਨਾਲ ਸਾਡੇ ਦਿਲਾਂ ਤੇ ਹੋਇਆ ਜ਼ਖ਼ਮ ਮਿਲਿਆਂ ਤਾਂ ਨਹੀਂ ਸੀ, ਪਰ ਫੇਰ ਵੀ ਦਿਨ...ਹਫ਼ਤੇ ਮਹੀਨਿਆਂ ਦੇ ਗੁਜ਼ਰਨ ਨਾਲ ਉਸ ਤੇ ਅੰਗੂਰ ਜਿਹਾ ਜ਼ਰੂਰ ਆ ਗਿਆ ਸੀ। ਉਸ ਜ਼ਖ਼ਮ ਦੀ ਚਸਕਣ ਉਸ ਸਮੇਂ ਪਹਿਲਾਂ ਨਾਲੋਂ ਹੋਰ ਵੀ ਵਧ ਜਾਂਦੀ, ਜਿਸ ਸਮੇਂ ਸਾਡੇ ਜ਼ਿਲ੍ਹੇ 'ਚ ਕਿਸੇ ਜਾਗੀਰਦਾਰ

ਜਾਂ ਸੂਦਖੋਰ ਜਾਂ ਪੁਲਿਸ ਮੁਖ਼ਬਰ ਜਾਂ ਪੁਲਿਸ ਅਫ਼ਸਰ ਦੇ ਕਤਲ ਹੋਣ ਕਰਕੇ ਪੁਲਿਸ ਦੀ ਧਾੜ ਸਾਡੇ ਘਰ ਵੱਲ ਇਉਂ ਵਹਿ ਤੁਰਦੀ, ਜਿਵੇਂ ਉਚਾਣ ਵਲੋਂ ਪਾਣੀ ਨਿਵਾਣ ਵੱਲ ਵਹਿ ਤੁਰਦੈ ਤੇ ਸਾਨੂੰ ਪੁਲਿਸ ਅਫਸਰਾਂ ਦੇ ਇਹ ਚੁਗਲੇ ਬੋਲ ਸੁਣਨੇ ਪੈਂਦੇ :

'ਭਲੀ...ਭਲੀ ਪੱਤ ਨਾਲ ਤੁਸੀਂ ਆਵਦੇ ਖਸਮ ਸਵਰਨੇ ਨੂੰ ਪੇਸ਼ ਕਰ ਦਿਉ...ਨਹੀਂ ਥੋਡਾ ਵੀ ਉਹੀ ਹਸ਼ਰ ਹੋਊਗਾ, ਜਿਹੜਾ ਹਸ਼ਰ ਹਰਾਮਜ਼ਾਦੇ ਲਾਲੋ ਦੇ ਬੱਚੇ ਦਾ ਹੋਇਐ...।'

ਪੁਲਸ ਅਫ਼ਸਰਾਂ ਦੇ ਚੁਗਲੇ ਇਹ ਸ਼ਬਦ, ਸਾਡੀ ਜ਼ਮੀਰ ਨੂੰ ਪੁੱਛਣ ਦੇ ਨਾਲ, ਨਾਲ ਸਾਡੇ ਦਿਲਾਂ ਉਤਲੇ ਜ਼ਖ਼ਮ 'ਚ ਵੀ ਸੇਲੇ ਵਾਂਗ ਜਾ ਧਸਦੇ। ਪਰ ਅਸੀਂ ਆਪਣੇ ਮਨ ਦੀ ਪੀੜ ਨੂੰ ਮਨ ਈ ਮਨ 'ਚ ਜਜ਼ਬ ਕਰ ਜਾਂਦੀਆਂ।... ਤੇ ਜਦ ਕਦੇ ਰਾਤ ਬਰਾਤੇ ਹਰਪਾਲ ਸਾਡਾ ਪਤਾ ਸੁਤਾ ਕਰਨ ਆਉਂਦਾ ਤਾਂ ਮੈਥੋਂ ਪਾਕ ਭਰੇ ਫੋੜੇ ਵਾਂਗ ਫਿੱਸੇ ਤੋਂ ਬਿਨਾਂ ਨਾ ਰਿਹਾ ਜਾਂਦਾ :

'ਬਈ ਹੋਰਾਂ ਨੂੰ ਆਖਣਾ...ਪੁਲਸ ਸਾਨੂੰ ਪਰੇਸ਼ਾਨ ਕਰਦੀ ਰਹਿੰਦੀ ਐ। ...ਬਾਹਰ ਕਿਤੇ ਸਾਡੇ ਰਹਿਣ ਦਾ ਬੰਦੋਬਸਤ ਕਰ ਦੇਣ ਉਹ..।'

ਹਰਪਾਲ ਹਰ ਗੇੜੇ ਇਹੋ ਜਵਾਬ ਦਿੰਦਾ...'ਪਾਰਟੀ ਥੋਡਾ ਬਾਹਰ ਰਹਿਣ ਦਾ ਪ੍ਰਬੰਧ ਕਰ ਰਹੀ ਐ। ਬਸ ਕੁਝ ਦਿਨਾਂ 'ਚ ਈ ਪ੍ਰਬੰਧ ਹੋ ਜਾਊ।' ਖੈਰ ਵਾਹਵਾ ਲੰਮੇ ਸਮੇਂ ਪਿਛੋਂ ਮੈਨੂੰ ਸਾਡੀ ਮੰਡੀ ਤੋਂ ਕੋਈ ਤੀਹ-ਪੈਂਤੀ ਮੀਲ ਦੀ ਦੂਰੀ ਉਤਲੇ ਬਠਿੰਡਾ ਸ਼ਹਿਰ ਦੇ ਇਕ ਪਰਾਈਵੇਟ ਸਕੂਲ 'ਚ ਕਿਸੇ ਪਾਰਟੀ ਕੰਨਟੈਕਟ ਦੀ ਸਿਫ਼ਾਰਸ਼ ਨਾਲ ਮਾਸਟਰੀ ਦੀ ਨੌਕਰੀ ਮਿਲ ਗਈ। ਉਸੇ ਸ਼ਹਿਰ ਦੀ ਗੰਗੂਆਣਾ ਬਸਤੀ 'ਚ ਈ, ਹਰਪਾਲ ਦੀ ਭੱਜ-ਨੱਠ ਸਦਕਾ ਮਕਾਨ ਕਿਰਾਏ ਤੇ ਮਿਲ ਗਿਆ। ਸਾਡੀ ਮੰਡੀ ਵਿਚਲੇ ਆਪਣੇ ਜੱਦੀ ਘਰ ਨੂੰ ਮੈਂ ਅਤੇ ਮੇਰੀ ਮਾਂ ਜਿੰਦਰਾ ਲਾ ਕੇ ਬਠਿੰਡੇ 'ਚ ਕਿਰਾਏ ਤੇ ਲਏ ਮਕਾਨ 'ਚ ਆ ਕੇ ਰਹਿਣ ਲੱਗੀਆਂ। ਦਿਨੇ ਮੈਂ ਤਾਂ ਸਕੂਲ ਪੜ੍ਹਾਉਣ ਚਲੀ ਜਾਂਦੀ ਤੇ ਮੇਰੀ ਮਾਂ ਘਰ ਬੈਠੀ ਰੱਦੀ ਕਾਗਜ਼ਾਂ ਦੇ ਲਿਫ਼ਾਫੇ ਬਣਾਉਂਦੀ ਰਹਿੰਦੀ। ਹਰਪਾਲ, ਪੰਜਵੇਂ ਸਤਵੇਂ ਦਿਨ ਆ ਕੇ ਸਾਡਾ ਪਤਾ-ਸੁਤਾ ਲੈਂਦਾ ਰਹਿੰਦਾ। ਕਦੇ ਨਾ ਕਦੇ ਬਾਈ ਹੋਰੀਂ ਵੀ ਰਾਤ ਬਰਾਤੇ ਗੇੜਾ ਮਾਰ ਲੈਂਦੇ।

ਉਹ ਰਾਤ—ਜਿਸ ਰਾਤ ਬਾਈ ਹੋਰੀਂ ਸਾਨੂੰ ਮਿਲਣ ਆਏ ਹੋਏ ਸਨ,

ਅੱਜ ਦੀ ਰਾਤ ਵਰਗੀ ਈ ਰਾਤ ਸੀ। ਅੱਜ ਵਾਂਗ ਹੀ ਚੰਨ ਉਸ ਰਾਤ ਵੀ ਆਪਣੀ ਚਾਂਦੀ ਰੰਗੀ ਚਾਨਣੀ ਡੋਲ੍ਹੀ ਜਾ ਰਿਹਾ ਸੀ। ਤਾਰੇ ਅਸਮਾਨ 'ਚ ਲੁਕਣ ਮੀਟੀ ਖੇਡੀ ਜਾ ਰਹੇ ਸਨ। ਪੁਰੇ ਦੀ ਰੁਮਕਦੀ ਹਵਾ ਨਾ ਬਹੁਤੀ ਤੱਤੀ ਲੱਗ ਰਹੀ ਸੀ ਤੇ ਨਾ ਹੀ ਬਹੁਤੀ ਠੰਢੀ ਮਹਿਸੂਸ ਹੋ ਰਹੀ ਸੀ। ਅੱਜ ਵਾਂਗ ਈ ਅਸੀਂ ਉਸ ਰਾਤ ਵੀ ਕਮਰੇ ਅੰਦਰ ਈ ਬੈਠੇ ਸਾਂ। ਬਾਈ ਕਾਮਰੇਡ ਉਸ ਰਾਤ ਕੁੱਝ ਸਮਾਂ ਤਾਂ ਸਾਨੂੰ ਇਹ ਸਮਝਾਉਂਦਾ ਰਿਹਾ ਸੀ ਕਿ ਕਾਂਗਰਸ ਸਰਕਾਰ ਅਤੇ ਅਕਾਲੀ ਸਰਕਾਰ ਦੇ ਰਾਜ 'ਚ ਕੋਈ ਖਾਸ ਫ਼ਰਕ ਨਹੀਂ। ਕਿਉਂਕਿ ਅਕਾਲੀਆਂ ਦੀ ਵਜ਼ਾਰਤ ਵੀ ਉਹਨਾਂ ਈ ਲੁੱਟ ਚੋਂਘ ਵਾਲੀਆਂ ਨੀਤੀਆਂ ਤੇ ਚਲਦੀ ਰਾਜ ਕਰ ਰਹੀ ਐ ਜਿਹੜੀਆਂ ਨੀਤੀਆਂ ਤੇ ਦੂਸਰੇ ਸੂਬਿਆਂ 'ਚ ਚੱਲਦੀਆਂ ਕਾਂਗਰਸ ਸਰਕਾਰਾਂ ਜਾਂ ਪਾਰਲੀਮੈਂਟਰੀ ਢੰਗ ਨਾਲ ਬਣੀਆਂ ਹੋਰ ਪਾਰਟੀ ਸਰਕਾਰਾਂ ਰਾਜ ਕਰ ਰਹੀਆਂ ਨੇ। ਇਹ ਸਮਝਾਉਣ ਤੋਂ ਬਾਦ ਬਾਈ ਇਹ ਦੱਸਣ ਲੱਗ ਪਿਆ ਸੀ ਕਿ ਅਕਾਲੀ ਸਰਕਾਰ ਵੀ ਪੰਜਾਬ 'ਚ ਨਕਸਲਵਾੜੀ ਲਹਿਰ ਦੇ ਕਾਰਕੁੰਨਾਂ ਦੇ ਖੂਨ ਨਾਲ ਉਵੇਂ ਈ ਹੋਲੀ ਖੇਡ ਰਹੀ ਐ ਜਿਵੇਂ ਬੰਗਾਲ-ਕੇਰਲ ਸੂਬਿਆਂ 'ਚ ਅਖੌਤੀ ਕਮਿਊਨਿਸਟਾਂ ਦੀਆਂ ਸਰਕਾਰਾਂ ਹੋਲੀ ਖੇਡ ਰਹੀਆਂ ਹਨ! ਅਤੇ ਦੂਸਰੇ ਸੂਬਿਆਂ 'ਚ ਕਾਂਗਰਸ ਸਰਕਾਰਾਂ ਨਕਸਲਵਾੜੀ ਯੋਧਿਆਂ ਦਾ ਲਹੂ ਡੋਲ੍ਹ ਰਹੀਆਂ ਹਨ। ਆਪਣੀ ਇਹ ਗੱਲ ਮੁਕਾਉਣ ਤੋਂ ਬਾਦ ਬਾਈ ਕਾਮਰੇਡ ਸਧਾਰਣ ਜਿਹੀਆਂ ਗੱਲਾਂ ਕਰਨ ਲੱਗ ਪਿਆ ਸੀ। ਉਸਨੇ ਸਾਧਾਰਣ ਗੱਲਾਂ ਕਰਦੇ ਕਰਦੇ ਨੇ ਮੇਰੇ ਤੇ ਸਵਾਲ ਕੀਤਾ ਸੀ।

'ਕਿਉਂ, ਭੈਣੇ! ਤੇਰਾ ਵਿਆਹ ਨਾ ਕਰ ਦੇਈਏ ਹੁਣ?'

ਬਾਈ ਦਾ ਸਵਾਲ ਮੈਨੂੰ ਸੱਚ ਨਾਲ ਇਉਂ ਲੱਗਿਆ ਜਿਵੇਂ ਮਹਿਕਾਂ ਛੱਡਦੇ ਰੰਗ-ਬਰੰਗੇ ਫੁੱਲਾਂ ਦੇ ਟੋਕਰੇ ਮੇਰੇ ਉਪਰ ਮੂਧਾ ਦਿੱਤੇ ਹੋਣ ਤੇ ਮੈਂ ਰੰਗ-ਬਰੰਗੇ ਫੁੱਲਾਂ ਦੀ ਮਹਿਕ ਨਾਲ ਮਹਿਕੋ-ਮਹਿਕ ਹੋਈ ਉਹਨਾਂ ਦੇ ਭਾਰ ਹੇਠਾਂ ਦੱਬੀ ਜਾ ਰਹੀ ਹੋਵਾਂ। ਸੱਚ ਨਾਲ ਈ ਮੇਰਾ ਬੈਠੀ ਦਾ ਸਿਰ ਆਪ-ਮੁਹਾਰਾ ਖੜ੍ਹੇ ਗੋਡਿਆਂ ਦੇ ਸੰਨ੍ਹ ਵਿਚ ਝੁਕ ਗਿਆ ਸੀ। ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਬਾਈ ਦੇ ਸਵਾਲ ਦਾ ਕੀ ਜਵਾਬ ਦੇਵਾਂ।.. ਖੈਰ! ਮਾਂ ਨੇ ਉਸਦੇ ਸਵਾਲ ਦਾ ਜਵਾਬ ਦਿੱਤਾ:

'ਬੇਟਾ! ਵਿਆਹ ਤਾਂ ਆਪਾ ਕਿਰਣਾਂ ਦਾ ਕਰਨਾ ਈ ਕਰਨੈ, ਸੁੱਖ ਨਾਲ

ਅੱਜ ਦੀ ਰਾਤ ਵਰਗੀ ਈ ਰਾਤ ਸੀ। ਅੱਜ ਵਾਂਗ ਹੀ ਚੰਨ ਉਸ ਰਾਤ ਵੀ ਆਪਣੀ ਚਾਂਦੀ ਰੰਗੀ ਚਾਨਣੀ ਡੋਲ੍ਹੀ ਜਾ ਰਿਹਾ ਸੀ। ਤਾਰੇ ਅਸਮਾਨ 'ਚ ਲੁਕਣ ਮੀਟੀ ਖੇਡੀ ਜਾ ਰਹੇ ਸਨ। ਪੁਰੇ ਦੀ ਰੁਮਕਦੀ ਹਵਾ ਨਾ ਬਹੁਤੀ ਤੱਤੀ ਲੱਗ ਰਹੀ ਸੀ ਤੇ ਨਾ ਹੀ ਬਹੁਤੀ ਠੰਢੀ ਮਹਿਸੂਸ ਹੋ ਰਹੀ ਸੀ। ਅੱਜ ਵਾਂਗ ਈ ਅਸੀਂ ਉਸ ਰਾਤ ਵੀ ਕਮਰੇ ਅੰਦਰ ਈ ਬੈਠੇ ਸਾਂ। ਬਾਈ ਕਾਮਰੇਡ ਉਸ ਰਾਤ ਕੁੱਝ ਸਮਾਂ ਤਾਂ ਸਾਨੂੰ ਇਹ ਸਮਝਾਉਂਦਾ ਰਿਹਾ ਸੀ ਕਿ ਕਾਂਗਰਸ ਸਰਕਾਰ ਅਤੇ ਅਕਾਲੀ ਸਰਕਾਰ ਦੇ ਰਾਜ 'ਚ ਕੋਈ ਖਾਸ ਫ਼ਰਕ ਨਹੀਂ। ਕਿਉਂਕਿ ਅਕਾਲੀਆਂ ਦੀ ਵਜ਼ਾਰਤ ਵੀ ਉਹਨਾਂ ਈ ਲੁੱਟ ਚੋਂਘ ਵਾਲੀਆਂ ਨੀਤੀਆਂ ਤੇ ਚਲਦੀ ਰਾਜ ਕਰ ਰਹੀ ਐ ਜਿਹੜੀਆਂ ਨੀਤੀਆਂ ਤੇ ਦੂਸਰੇ ਸੂਬਿਆਂ 'ਚ ਚੱਲਦੀਆਂ ਕਾਂਗਰਸ ਸਰਕਾਰਾਂ ਜਾਂ ਪਾਰਲੀਮੈਂਟਰੀ ਢੰਗ ਨਾਲ ਬਣੀਆਂ ਹੋਰ ਪਾਰਟੀ ਸਰਕਾਰਾਂ ਰਾਜ ਕਰ ਰਹੀਆਂ ਨੇ। ਇਹ ਸਮਝਾਉਣ ਤੋਂ ਬਾਦ ਬਾਈ ਇਹ ਦੱਸਣ ਲੱਗ ਪਿਆ ਸੀ ਕਿ ਅਕਾਲੀ ਸਰਕਾਰ ਵੀ ਪੰਜਾਬ 'ਚ ਨਕਸਲਵਾੜੀ ਲਹਿਰ ਦੇ ਕਾਰਕੁੰਨਾਂ ਦੇ ਖੂਨ ਨਾਲ ਉਵੇਂ ਈ ਹੋਲੀ ਖੇਡ ਰਹੀ ਐ ਜਿਵੇਂ ਬੰਗਾਲ-ਕੇਰਲ ਸੂਬਿਆਂ 'ਚ ਅਖੌਤੀ ਕਮਿਊਨਿਸਟਾਂ ਦੀਆਂ ਸਰਕਾਰਾਂ ਹੋਲੀ ਖੇਡ ਰਹੀਆਂ ਹਨ! ਅਤੇ ਦੂਸਰੇ ਸੂਬਿਆਂ 'ਚ ਕਾਂਗਰਸ ਸਰਕਾਰਾਂ ਨਕਸਲਵਾੜੀ ਯੋਧਿਆਂ ਦਾ ਲਹੂ ਡੋਲ੍ਹ ਰਹੀਆਂ ਹਨ। ਆਪਣੀ ਇਹ ਗੱਲ ਮੁਕਾਉਣ ਤੋਂ ਬਾਦ ਬਾਈ ਕਾਮਰੇਡ ਸਧਾਰਣ ਜਿਹੀਆਂ ਗੱਲਾਂ ਕਰਨ ਲੱਗ ਪਿਆ ਸੀ। ਉਸਨੇ ਸਾਧਾਰਣ ਗੱਲਾਂ ਕਰਦੇ ਕਰਦੇ ਨੇ ਮੇਰੇ ਤੇ ਸਵਾਲ ਕੀਤਾ ਸੀ।

'ਕਿਉਂ, ਭੈਣੇ! ਤੇਰਾ ਵਿਆਹ ਨਾ ਕਰ ਦੇਈਏ ਹੁਣ?'

ਬਾਈ ਦਾ ਸਵਾਲ ਮੈਨੂੰ ਸੱਚ ਨਾਲ ਇਉਂ ਲੱਗਿਆ ਜਿਵੇਂ ਮਹਿਕਾਂ ਛੱਡਦੇ ਰੰਗ-ਬਰੰਗੇ ਫੁੱਲਾਂ ਦੇ ਟੋਕਰੇ ਮੇਰੇ ਉਪਰ ਮੂਧਾ ਦਿੱਤੇ ਹੋਣ ਤੇ ਮੈਂ ਰੰਗ-ਬਰੰਗੇ ਫੁੱਲਾਂ ਦੀ ਮਹਿਕ ਨਾਲ ਮਹਿਕੋ-ਮਹਿਕ ਹੋਈ ਉਹਨਾਂ ਦੇ ਭਾਰ ਹੇਠਾਂ ਦੱਬੀ ਜਾ ਰਹੀ ਹੋਵਾਂ। ਸੱਚ ਨਾਲ ਈ ਮੇਰਾ ਬੈਠੀ ਦਾ ਸਿਰ ਆਪ-ਮੁਹਾਰਾ ਖੜੇ ਗੋਡਿਆਂ ਦੇ ਸੰਨ੍ਹ ਵਿਚ ਝੁਕ ਗਿਆ ਸੀ। ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਬਾਈ ਦੇ ਸਵਾਲ ਦਾ ਕੀ ਜਵਾਬ ਦੇਵਾਂ।.. ਖੈਰ! ਮਾਂ ਨੇ ਉਸਦੇ ਸਵਾਲ ਦਾ ਜਵਾਬ ਦਿੱਤਾ:

'ਬੇਟਾ! ਵਿਆਹ ਤਾਂ ਆਪਾ ਕਿਰਣਾਂ ਦਾ ਕਰਨਾ ਈ ਕਰਨੈ, ਸੁੱਖ ਨਾਲ

ਇਹਨੂੰ ਅਠਾਈਵਾਂ ਵਰ੍ਹਾ ਲੱਗਿਆ ਵੇ...' ਮੇਰੀ ਮਾਂ ਨੇ ਬੋਲਦੀ ਬੋਲਦੀ ਨੇ ਬਾਈ ਨੂੰ ਆਖਿਆ . 'ਮੁੰਡਾ ਕੋਈ ਬੇਟਾ ! ਨੇਕ ਟੋਲਿਓ ।'

'ਮੁੰਡਾ ਤਾਂ ਮਾਂ ਆਪਣਾ ਸਾਰਿਆਂ ਦਾ ਵੇਖਿਆ ਭਾਲਿਆ ਈ ਐ ।' ਬਾਈ ਦੇ ਬੋਲਣ ਤੋਂ ਪਹਿਲਾਂ ਈ ਸਵਰਨ ਜਵਾਬ ਦੇ ਗਿਆ ਸੀ । ਸਵਰਨ ਦਾ ਜਵਾਬ ਪਲ 'ਚ ਈ ਮੇਰੇ ਦਿਮਾਗ 'ਚ ਸਵਾਲ ਪੈਦਾ ਕਰ ਗਿਆ ਇਹੋ ਜਿਹਾ ਕਿਹੜਾ ਮੁੰਡਾ ਹੋਇਆ ਜਿਹੜਾ ਸਾਡਾ ਸਾਰਿਆਂ ਦਾ ਵੇਖਿਆ ਭਾਲਿਐ ?' ਆਪਣਾ ਸਵਾਲ ਮੈਂ ਤਾਂ ਸਵਰਨੇ ਕੋਲੋਂ ਸ਼ਰਮਾਉਂਦੀ ਹੋਈ ਪੁੱਛ ਨਾ ਸਕੀ । ਪਰ ਮਾਂ ਨੇ ਮੇਰੇ ਸਵਾਲ ਨਾਲ ਮਿਲਦਾ ਜੁਲਦਾ ਸਵਾਲ ਪੁੱਛ ਲਿਆ । ਮਾਂ ਦੇ ਸਵਾਲ ਦੇ ਜਵਾਬ 'ਚ ਸਵਰਨ ਨੇ ਦੱਸਿਆ :

'ਹਰਪਾਲ ਐ ਮੁੰਡਾ ਤਾਂ ਮਾਂ ।'

'ਬਹੁਤ ਚੰਗਾ ਮੁੰਡੈ ਬੇਬੇ ਜੀ ! ਹਰਪਾਲ...'' ਬਾਈ ਕਾਮਰੇਡ ਬੋਲਿਆ ਸੀ —'ਕੋਈ ਚਿੰਤਾ ਕਰਨ ਦੀ ਲੋੜ ਨਹੀਂ ।'

'ਬੇਟਾ ! ਖੈਰ, ਹਰਪਾਲ ਮੁੰਡਾ ਤਾਂ ਸਾਊ ਐ ' ਮੇਰੀ ਮਾਂ ਦੀ ਆਵਾਜ਼ 'ਚ ਚਿੰਤਾ ਛਲਕਣ ਲੱਗ ਪਈ ਸੀ ''ਪਰ ਇਹ ਰਿਸ਼ਤਾ ਠੀਕ ਕਿਵੇਂ ਆਊ?'...

'ਕਿਉਂ ਰਿਸ਼ਤਾ ਠੀਕ ਆਉਣ ਨੂੰ ਕੀਆ ਮਾਂ ?' ਸਵਰਨੇ ਨੇ ਪੁੱਛਿਆ ।

'ਗੱਲ ਇਹ ਐ ਬੇਟਾ...' ਮੇਰੀ ਮਾਂ ਨੇ ਆਪਣੀ ਚਿੰਤਾ ਪਰਗਟ ਕਰਨੀ ਸ਼ੁਰੂ ਕੀਤੀ — 'ਆਪਾਂ ਤਾਂ ਹਿੰਦੂ ਅਰੋੜਿਆਂ 'ਚੋਂ ਆਂ... ਤੇ ਹਰਪਾਲ ਜੱਟ ਸਿੱਖਾਂ 'ਚੋਂ ਐ ।'

'ਬੇਬੇ ਜੀ ! ਰਿਸ਼ਤੇ ਨੂੰ ਗਲਤ ਕਰਨ ਵਾਲੀ ਕੋਈ ਖਾਸ ਗੱਲ ਨਹੀਂ...' ਬਾਈ ਕਾਮਰੇਡ ਬੋਲਣ ਲੱਗਾ ..'ਕਿਉਂਕਿ ਹਰਪਾਲ, ਜੱਟ ਸਿੱਖਾਂ 'ਚੋਂ ਹੋਣ ਨਾਲੋਂ ਵੱਧ ਕਮਿਊਨਿਸਟ ਪਾਰਟੀ ਦਾ ਸਰਗਰਮ ਵਰਕਰ ਐ ਤੇ ਭੈਣ ਕਿਰਣ ਹਿੰਦੂ ਅਰੋੜਿਆਂ 'ਚੋਂ ਹੋਣ ਨਾਲ ਵੱਧ ਕਮਿਊਨਿਸਟ ਪਾਰਟੀ ਦੀ ਸਰਗਰਮ ਹਮਦਰਦ ਐ...ਜਾਤਾਂ ਗੋਤਾਂ ਦੀ ਸਾਂਝ ਨਾਲੋਂ ਬੇਬੇ, ਵਿਚਾਰਾਂ ਦੀ ਸਾਂਝ ਵੱਧ ਹੰਡਣਸਾਰ ਹੁੰਦੀ ਐ .।'

ਬਾਈ, ਇਕ ਤਰ੍ਹਾਂ ਵਿਚਾਰਾਂ ਦੀ ਸਾਂਝ ਬਾਰੇ ਸਾਡੇ ਤੇ ਸਕੂਲ ਈ ਲਾਉਣ ਲੱਗ ਪਿਆ ਸੀ । ਮੇਰੇ ਮਾਤਾ ਜੀ ਤਾਂ ਬਾਈ ਦੀਆਂ ਗੱਲਾਂ ਸੁਣ-ਸੁਣ ਇਕ ਤਰ੍ਹਾਂ ਉਕਤਾ ਰਹੇ ਸਨ ਪਰ ਮੈਨੂੰ ਉਸ ਦੀਆਂ ਗੱਲਾਂ ਚੰਗੀਆਂ ਚੰਗੀਆਂ ਮਹਿਸੂਸ ਹੋਣ

ਲੱਗੀਆਂ ਸਨ।

ਬਾਈ ਕਾਮਰੇਡ ਅਤੇ ਸਵਰਨ ਦਿਨ ਚੜ੍ਹਦੇ ਤੋਂ ਪਹਿਲਾਂ-ਪਹਿਲਾਂ ਈ ਆਪੋ-ਆਪਣੇ ਭਾਰੇ ਥੈਲੇ ਚੁੱਕ ਤੁਰ ਗਏ ਸਨ। ਮੈਂ ਉਸ ਦਿਨ ਸਕੂਲ 'ਚ ਆਪਣੇ ਆਪ ਨੂੰ ਸੁਆਦ ਸੁਆਦ ਮਹਿਸੂਸ ਕਰਦੀ ਰਹੀ ਸਾਂ। ਮੈਨੂੰ ਮੇਰੇ ਸਾਹਾਂ ਵਿਚੋਂ ਉਹੀ ਸੁਗੰਧੀ ਖਿਲਰਦੀ ਮਹਿਸੂਸ ਹੁੰਦੀ ਰਹੀ ਸੀ ਜਿਹੜੀ ਸੁਗੰਧੀ ਮੈਨੂੰ ਉਸ ਰਾਤ ਬਾਈ ਦੇ ਕੀਤੇ ਸਵਾਲ 'ਚੋਂ ਮਹਿਸੂਸ ਹੋਈ ਸੀ। ਮੇਰਾ ਦਿਲ ਕਰਦਾ ਸੀ ਕਿ ਮੈਂ ਆਪਣੀ ਡਾਇਰੀ ਦੇ ਮੂਹਰਲੇ ਪੰਨੇ ਤੇ ਹਰਪਾਲ ਲਿਖਾਂ ਪਰ ਮੈਂ ਇਹ ਨਾਉਂ ਨਾ ਲਿਖਿਆ, ਕਿਉਂਕਿ ਮੇਰੀ ਬੁੱਧੀ ਨੇ ਮੈਥੋਂ ਬਾਹਰ ਹੋਏ ਜਜ਼ਬਾਤਾਂ ਤੇ ਕਾਬੂ ਪਾ ਲਿਆ ਸੀ। ਪਰ ਉਹ ਸੁਗੰਧੀ ਮੇਰੇ ਸਾਹਾਂ 'ਚੋਂ ਸੁੱਕ ਨਹੀਂ ਸੀ ਸਕੀ। ਤੇ ਮੇਰੇ ਦਿਮਾਗ 'ਚ ਜਦ ਕਦੇ 'ਹਰਪਾਲ' ਨਾਉਂ ਆ ਜਾਂਦਾ ਤਾਂ ਮੇਰੇ ਮੂੰਹ 'ਚ ਪਾਣੀ ਭਰ ਜਾਂਦਾ ਸੀ।

ਉਸ ਰਾਤ ਤੋਂ ਬਾਦ ਹਰਪਾਲ ਸਾਡੇ ਘਰ ਪਹਿਲਾਂ ਨਾਲੋਂ ਉਂਝ ਆਉਣ ਵੀ ਘੱਟ ਲੱਗ ਪਿਆ ਤੇ ਪਰ ਜਦ ਕਦੇ ਆ ਵੀ ਜਾਂਦਾ ਤਾਂ ਮੈਂ ਸ਼ਰਮਾਉਂਦੀ ਹੋਈ ਨੀਵੀਂ ਪਾ ਲੈਂਦੀ...।

...ਤੇ ਦਿਨ ਮਹੀਨੇ ਇਉਂ ਈ ਬੀਤਦੇ ਗਏ।

...ਹਾਏ! ਕਿੰਨਾ ਚੰਦਰਾ ਸੀ ਉਹ ਦਿਨ ਦੱਸਦੀ ਆਂ ਉਸ ਦਿਨ ਬਾਰੇ ਬੇਨੂੰ। ਹਾਂ ਸੁਣੋ! ਉਸ ਦਿਨ ਜਦ ਅੱਧੀ ਛੁੱਟੀ ਦੀ ਘੰਟੀ ਖੜਕੀ ਤਾਂ ਮੈਂ ਬਾਈ ਹੋਰਾਂ ਕੋਲੋਂ ਲਈ ਪੁਸਤਕ 'ਸਤਰੰਗੀ ਪੀਂਘ' ਲੈ ਸਕੂਲ ਦੇ ਮੈਦਾਨ 'ਚ ਡਹੀ ਪਈ ਕੁਰਸੀ ਤੇ ਜਾ ਬੈਠੀ ਅਤੇ ਕਿਤਾਬ ਪੜ੍ਹਨ ਲੱਗ ਪਈ। ਮੈਨੂੰ ਕਿਤਾਬ ਪੜ੍ਹਦੀ ਨੂੰ ਹਾਲੇ ਮਸਾਂ ਪੰਜ ਚਾਰ ਮਿੰਟ ਈ ਹੋਏ ਸਨ ਕਿ ਇੰਨੇ ਨੂੰ ਹੱਥ 'ਚ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ ਲੈ ਬਲਵੀਰ ਅਧਿਆਪਕਾ ਮੇਰੇ ਕੋਲ ਪਈ ਖਾਲੀ ਕੁਰਸੀ 'ਤੇ ਆ ਬੈਠੀ। ਮੈਂ ਕਿਤਾਬ ਪੜ੍ਹਨੀ ਛੱਡਕੇ ਉਸ ਕੋਲੋਂ ਅਖ਼ਬਾਰ ਦਾ ਵਿਚਲਾ ਵਰਕਾ ਲੈ ਮੋਟੀਆਂ ਮੋਟੀਆਂ ਸੁਰਖੀਆਂ ਤੇ ਨਜ਼ਰ ਦੁੜਾਉਣ ਲੱਗੀ। ਮੇਰੀ ਨਜ਼ਰ ਅਚਾਨਕ ਇਸ ਖਬਰ ਤੇ ਜਾ ਰੁਕੀ, 'ਤਿੰਨ ਨਕਸਲਬਾੜੀਏ ਪੁਲਸ ਮੁਕਾਬਲੇ 'ਚ ਹਲਾਕ। ਤਿੰਨਾਂ ਦੀ ਪੁਲਸ ਨੇ ਸ਼ਨਾਖਤ ਕਰ ਲਈ।' ਇਹ ਸੁਰਖੀ ਤੱਕਦਿਆਂ ਈ ਮੈਨੂੰ ਇਕ ਦਮ ਇਉਂ ਮਹਿਸੂਸ ਹੋਇਆ ਜਿਵੇਂ ਘਾਹ ਦੇ ਆਸੇ ਪਾਸੇ ਦੀਆਂ ਖਾਲ੍ਹੀਆਂ ਵਿਚਲੇ ਗੇਂਦੇ, ਗੁਲਾਬ ਅਤੇ ਕੇਲੀਆਂ ਦੇ ਫੁੱਲਾਂ ਨਾਲ ਖੇਡਦੀ ਫੱਗਣ ਮਹੀਨੇ

ਦੇ ਸੂਰਜ ਦੀ ਕੋਸੀ ਕੋਸੀ ਧੁੱਪ ਠੰਢੀ ਸੀਤ ਹਵਾ ਵਿਚ ਵਟ ਗਈ ਹੋਵੇ। ਮੈਂ ਧੱਕ ਧੱਕ ਕਰਦੇ ਦਿਲ ਨਾਲ ਮੋਟੀ ਸੁਰਖੀ ਹੇਠਲੀ ਖ਼ਬਰ ਜਿਉਂ ਜਿਉਂ ਪੜ੍ਹਦੀ ਗਈ ਤਾਂ ਤਿਉਂ ਤਿਉਂ ਮੇਰੇ ਦਿਲ ਦੀ ਧੜਕਣ ਵਧਦੀ ਗਈ। ਉਸ ਸਮੇਂ ਤਾਂ ਮੈਨੂੰ ਇਕ ਪਲ ਇਉਂ ਮਹਿਸੂਸ ਹੋਇਆ, ਜਿਵੇਂ ਖਾਈਆਂ ਵਿਚਲੇ ਬੂਟਿਆਂ ਦੀਆਂ ਟਾਹਣੀਆਂ ਨਾਲ ਲਮਕਦੇ ਫੁੱਲਾਂ ਤੇ ਕੱਕਰ ਜੰਮ ਗਿਆ ਹੋਵੇ, ਜਿਸ ਸਮੇਂ ਮੈਂ ਪੁਲਸ ਮੁਕਾਬਲੇ 'ਚ ਹਲਾਕ ਹੋਣ ਵਾਲਿਆਂ ਵਿਚੋਂ ਆਪਣੇ ਸਵਰਨੇ ਵੀਰੇ ਦਾ ਨਾਂ ਪੜ੍ਹਿਆ ਤੇ ਮੈਨੂੰ ਅੱਖਾਂ ਸਾਹਮਣੇ ਹਨੇਰਾ ਪਸਰਦਾ ਮਹਿਸੂਸ ਹੋਇਆ, ਸ਼ਾਇਦ ਮੈਂ ਹੇਠਾਂ ਈ ਡਿੱਗ ਪੈਂਦੀ, ਜੇ ਮੈਨੂੰ ਕੁਰਸੀ ਤੋਂ ਲੁਟਕੀ ਨੂੰ ਬਲਵੀਰ ਨਾ ਸੰਭਾਲਦੀ।...ਖੈਰ, ਮੈਂ ਹੁਣ ਮੰਜੇ ਤੋਂ ਨਹੀਂ ਡਿੱਗਦੀ। ਉਂਝ ਮੇਰੇ ਦਿਲ 'ਚੋਂ ਲਾਟ ਉਠ ਰਹੀ ਏ। ਤੁਸੀਂ ਘਬਰਾਉ ਨਾ। ਪਾਣੀ ਦੀ ਘੁੱਟ ਨਾਲ ਲਾਟ ਦਬ ਜਾਵੇਗੀ।...

ਹਾਂ! ਹੁਣ ਮੇਰਾ ਦਿਲ ਕਝ ਠੀਕ ਏ। ਮੇਰੇ ਦਿਲ 'ਚ ਬਾਪੂ ਦੀ ਮੌਤ ਨਾਲ ਹੋਏ ਜ਼ਖ਼ਮ ਨੂੰ ਸਵਰਨ ਦੀ ਮੌਤ ਹੋਰ ਵੀ ਡੂੰਘਾ ਕਰ ਗਈ ਸੀ। ਸਵਰਨ ਦੀ ਮੌਤ ਨੇ ਮੇਰੀ ਮਾਂ ਤਾਂ ਮੰਜੇ ਤੇ ਈ ਸਿੱਟ ਲਈ ਸੀ। ਬਾਈ ਹੋਰਾਂ ਵੱਲੋਂ ਵਿਖਾਈ ਜਾਣ ਵਾਲੀ ਹਮਦਰਦੀ ਅਤੇ ਦਿੱਤਾ ਜਾਣ ਵਾਲਾ ਹੌਂਸਲਾ ਵੀ ਮੇਰੀ ਮਾਂ ਨੂੰ ਮੰਜੇ ਤੋਂ ਖੜੀ ਨਾ ਕਰ ਸਕਿਆ। ਉਹ ਇਕ ਤਰ੍ਹਾਂ ਮੰਜੇ ਨਾਲ ਮੰਜਾ ਈ ਹੋ ਗਈ। ਨਾ ਕੁਝ ਖਾਂਦੀ ਨਾ ਕੁਝ ਪੀਂਦੀ। ਬਸ ਮੰਜੇ ਤੇ ਪਈ ਸਵਰਨ ਨੂੰ ਆਵਾਜ਼ਾਂ ਮਾਰਦੀ ਰਹਿੰਦੀ।

'ਬੇਟਾ ਸਵਰਨ! ਆ ਵੀ ਜਾ ਹੁਣ, ਕਿੰਨਾ ਸਮਾਂ ਲੰਘ ਗਿਆ ਬੇਟਾ, ਤੇਰਾ ਚੰਦ ਵਰਗਾ ਮੂੰਹ ਤੇਕਿਆ। ਤੂੰ ਜਾ ਕੇ ਕਿਹੜੇ ਡੂੰਘੇ ਭੋਰੇ ਵਿਚ ਲੁਕ ਗਿਆਂ। ਆ ਜਾ ਮੇਰਾ ਸ਼ੇਰ ਬਣਕੇ ਆਜਾ। ਮੇਰੇ ਤੱਤੜੀ ਦੀ ਜਾਨ ਸੁਖਾਲੀ ਨਿਕਲ ਜੇ।'

ਭਲਾ! ਸਵਰਨ ਨੇ ਕਿੱਥੋਂ ਆਉਣਾ ਸੀ, ਜਦੋਂ ਉਹ ਆਉਣ ਵਾਲੀ ਥਾਂ ਈ ਨਹੀਂ ਸੀ ਗਿਆ। ਮਾਂ ਦੀਆਂ ਆਵਾਜ਼ਾਂ ਦਾ ਜਦ ਸਵਰਨ ਵੱਲੋਂ ਜਵਾਬ ਨਾ ਮਿਲਦਾ ਤਾਂ ਉਹ ਮੰਜੇ ਤੇ ਪਈ ਪਾਣੀਉਂ ਬਾਹਰ ਤੜਫਦੀ ਮੱਛਲੀ ਵਾਂਗ ਤੜਫਦੀ ਪੁਲਸੀਆਂ ਨੂੰ ਗਲਾਂ ਕੱਢਣ ਲੱਗ ਪੈਂਦੀ।

'ਖੌੜਾ ਕੱਖ ਨਾ ਰਹੇ ਕਸਾਈਓ! ਤੁਸੀਂ ਮੇਰੇ ਸਿਉਨੇ ਦੇ ਕਿਉੜੇ ਵਰਗੇ

ਪੁੱਤ ਨੂੰ ਨਿਗਲ ਲਿਆ...ਮੈਂ ਤਾਂ ਰੱਬ ਮੂਹਰੇ ਇਹੋ ਅਰਦਾਸ ਕਰਦੀ ਆਂ ਕਿ ਜਿਵੇਂ ਤੁਸੀਂ ਪੁਲਸੀ-ਕਸਾਈਓ, ਮੇਰੀਆਂ ਬੁਢੇਪੇ ਬਾਰੀ ਆਂਦਰਾਂ ਤੜਫਾਈਆਂ ਨੇ ਥੋੜੀਆਂ ਵੀ ਇਉਂ ਈ ਆਂਦਰਾਂ ਤੜਪਣ...।"

ਮੇਰੀ ਮਾਂ ਦੀਆਂ ਬਦ-ਅਸੀਸਾਂ ਪਰ ਪੁਲਿਸ ਦਾ ਕੁਝ ਨਾ ਵਿਗਾੜ ਸਕੀਆਂ। ਤੇ ਉਹ ਆਪ ਇਕ ਸ਼ਾਮ ਉਵੇਂ ਈ ਤੜਫਦੀ-ਤੜਫਦੀ ਅੱਖਾਂ ਮੀਚ ਗਈ ਜਿਵੇਂ ਪਾਣੀਓਂ ਬਾਹਰ ਤੜਫਦੀ ਮਛਲੀ ਕੁੱਝ ਚਿਰ ਤੜਪਣ ਬਾਦ ਆਖਰ ਅੱਖਾਂ ਮੀਚ ਜਾਂਦੀ ਏ। ਮੇਰੀ ਮਾਤਾ ਜੀ ਦੀ ਮੌਤ ਨੇ ਮੇਰੇ ਦਿਲ ਉੱਤਲੇ ਫੱਟ ਨੂੰ ਤਾਂ ਖੈਰ ਪਹਿਲਾਂ ਨਾਲੋਂ ਡੂੰਘਾ ਕਰਨਾ ਈ ਕਰਨਾ ਸੀ ਪਰ ਇਸ ਦੇ ਨਾਲ ਈ ਇਕੱਲ ਵੀ ਜਿੰਦ ਖਾਣ ਲੱਗੀ। ਮੈਂ ਜਦ ਕਦੇ ਘਰੇ ਜਾਂ ਸਕੂਲ 'ਚ ਇਕੱਲੀ ਬੈਠੀ ਹੁੰਦੀ ਤਾਂ ਮੈਨੂੰ ਇੰਜ ਮਹਿਸੂਸ ਹੋਣ ਲੱਗ ਪੈਂਦਾ ਜਿਵੇਂ ਮੈਂ ਉਸ ਕੂੰਜ ਵਰਗੀ ਜ਼ਿੰਦਗੀ ਜਿਉਂ ਰਹੀ ਸਾਂ ਜਿਹੜੀ ਕੂੰਜ ਬੱਸ ਇਕੱਲੀ ਰਹਿ ਗਈ ਹੁੰਦੀ ਐ। ਜਿਸ ਕੂੰਜ ਦੀ ਡਾਰ ਦੀਆਂ ਸਾਰੀਆਂ ਕੂੰਜਾਂ ਸ਼ਿਕਾਰੀ ਦੀਆਂ ਗੋਲੀਆਂ ਨਾਲ ਮਾਰੀਆਂ ਗਈਆਂ ਹੁੰਦੀਆਂ ਏਂ। ਸੱਚ ਨਾਲ ਈ ਤੁਸੀਂ ਯਕੀਨ ਕਰਨਾ ਉਸ ਦਿਨ ਮੈਨੂੰ ਆਪਣਾ ਆਪ ਉਸ ਕੂੰਜ ਵਰਗਾ ਲੱਗਿਆ ਸੀ ਜਿਹੜੀ ਅਕਾਸ਼ 'ਚ ਬਾਉਰੀ ਹੋਈ ਕਿਤੇ ਕਿਧਰੇ ਨੂੰ ਉੱਡ ਰਹੀ ਸੀ ਕਿਤੇ ਕਿਧਰੇ ਨੂੰ ਉੱਡ ਰਹੀ ਸੀ, ਜਿਸ ਦਿਨ ਮੈਂ ਆਪਣੇ ਘਰ ਦੀ ਛੱਤ ਤੇ ਖੜੀ ਆਕਾਸ਼ ਵੱਲ ਤੱਕ ਰਹੀ ਸਾਂ, ਮੈਂ ਅਕਾਸ਼ ਵੱਲ ਤੱਕਦੀ ਤੱਕਦੀ ਨੇ ਤੱਕਿਆ ਸੀ ਕਿ ਇਕ ਹੋਰ ਕੂੰਜ ਪਲ ਭਰ ਲਈ ਉਸ ਬਾਉਰੀ ਹੋਈ ਕੂੰਜ ਕੋਲ ਆਈ ਸੀ ਤੇ ਫੇਰ ਉਹ ਵੀ ਲੰਮੀ ਉਡਾਰੀ ਮਾਰ ਕੇ ਉਸ ਕੁਰਲਾਅ ਰਹੀ ਕੂੰਜ ਕੋਲੋਂ ਦੂਰ ਚਲੀ ਗਈ ਸੀ। ਪਰ ਮੈਨੂੰ ਉਸ ਉਡਾਰੀ ਮਾਰਨ ਵਾਲੀ ਕੂੰਜ ਦੇ ਖੰਭ ਦੂਰ ਤੱਕ ਦਿਸਦੇ ਰਹੇ ਸਨ। ਉਸ ਉਡਾਰੀ ਮਾਰਦੀ ਕੂੰਜ ਦੇ ਖੰਭ ਮੈਨੂੰ ਮੇਰੀਆਂ ਸੋਚਾਂ 'ਚ ਉਦੋਂ ਵੀ ਦਿਸਦੇ ਰਹੇ ਸਨ, ਜਦੋਂ ਮੈਂ ਕੋਠੇ ਦੀ ਛੱਤ ਤੋਂ ਹੇਠਾਂ ਵੀ ਉਤਰ ਆਈ ਸਾਂ।

ਉਸੇ ਰਾਤ ਈ ਗੁਰਮੀਤ ਤੇ ਬਾਈ ਕਾਮਰੇਡ ਮੇਰੇ ਕੋਲ ਆਏ। ਕੁਝ ਸਮਾਂ ਤਾਂ ਬਾਈ ਹੋਰੀਂ ਐਧਰ-ਓਧਰ ਦੀਆਂ ਗੱਲਾਂ ਕਰਦੇ ਰਹੇ ਸਨ। ਫਰ ਬਾਈ ਕਾਮਰੇਡ ਨੇ ਆਪਣੀ ਕਾਲੀ ਦਾੜ੍ਹੀ 'ਚੋਂ ਉਂਗਲਾਂ ਫੇਰਦਿਆਂ ਸੋਚ ਭਰੇ ਅੰਦਾਜ਼ 'ਚ ਆਖਿਆ ਸੀ :

'ਕਿਰਣ ! ਪਾਰਟੀ ਦੇ ਪੂਰਾ ਤਾਣ ਲਾਉਣ ਦੇ ਬਾਵਜੂਦ ਵੀ ਹਰਪਾਲ ਦੇ ਘਰ ਦੇ ਅੰਤਰਜਾਤੀ ਵਿਆਹ ਲਈ ਰਜ਼ਾਮੰਦ ਨਹੀਂ ਹੋਏ ।'

ਬਾਈ ਦੀ ਗੱਲ ਸੁਣਦਿਆਂ ਈ ਮੈਨੂੰ ਇਉਂ ਲੱਗਿਆ ਜਿਵੇਂ ਮੇਰੀਆਂ ਸੋਚਾਂ ਵਿਚਲੀ ਕੂੰਜ ਮੇਰੀਆਂ ਨਜ਼ਰਾਂ ਤੋਂ ਉਹਲੇ ਹੋ ਗਈ ਹੋਵੇ । ਮੈਂ ਆਪਣੀ ਮਾਨਸਿਕ ਹਾਲਤ ਤੇ ਕਾਬੂ ਪਾਉਂਦੀ ਨੇ ਆਖਿਆ ਸੀ,

'ਜੇ ਨਹੀਂ ਰਜ਼ਾਮੰਦ ਹੋਏ ਤਾਂ ਬਾਈ ਨਾ ਹੋਣ.. ਸਾਡਾ ਵਿਆਹ ਹੋਣਾ ਵੀ ਈ ਜ਼ਰੂਰੀ ਤਾਂ ਨਹੀਂ ।'

'ਨਹੀਂ, ਇਹ ਗੱਲ ਨਹੀਂ ਭੈਣ ਕਿਰਣ !...' ਬਾਈ ਕਾਮਰੇਡ ਦੀ ਗੱਲ ਸੁਣਦੀ ਨੂੰ ਮੈਨੂੰ ਮੇਰੀ ਸੋਚਾਂ ਵਿਚਲੀ ਕੂੰਜ ਦੇ ਖੰਭ ਫੇਰ ਬੇਮਲੂਮੇ ਦਿਸਣ ਲੱਗ ਪਏ ਸਨ ਤੇ ਉਹ ਆਪਣੀ ਗੱਲ ਕਰਦਾ ਰਿਹਾ ਸੀ '... ਤੇਰਾ ਤੇ ਹਰਪਾਲ ਦਾ ਵਿਆਹ ਹੋਣਾ ਬਹੁਤ ਜ਼ਰੂਰੀ ਐ...'

'ਵਿਆਹ ਹੋਊ ਕਿਵੇਂ ਬਾਈ ! ਜਦ ਉਹਨਾਂ ਦੇ ਘਰਦੇ ਤਾਂ ਸਹਿਮਤ ਨਹੀਂ ।'

'ਘਰਦਿਆਂ ਦਾ ਭੈਣੇਂ ! ਸਹਿਮਤ ਹੋਣਾ ਜ਼ਰੂਰੀ ਨਹੀਂ ' ਗੁਰਮੀਤ ਬੋਲਣ ਲੱਗ ਪਿਆ ਸੀ, 'ਅਸਲ 'ਚ ਹਰਪਾਲ ਦਾ ਸਹਿਮਤ ਹੋਣਾ ਜ਼ਰੂਰੀ ਐ ਭੈਣੇਂ !.. ਤੇ ਉਹ ਸਹਿਮਤ ਈ ਸਹਿਮਤ ਐ ।'

ਗੁਰਮੀਤ ਦੀ ਗੱਲ ਦਾ ਪਿਛਲਾ ਹਿੱਸਾ ਸੁਣਕੇ ਤਾਂ ਮੈਨੂੰ ਮੇਰੀਆਂ ਸੋਚਾਂ ਵਿਚਲੀ ਕੂੰਜ ਫੇਰ ਸਾਫ਼ ਨਜ਼ਰ ਆਉਣ ਲੱਗ ਪਈ ਸੀ ਤੇ ਬਾਈ ਕਾਮਰੇਡ ਮੈਨੂੰ ਹਰਪਾਲ ਦੇ ਵਿਆਹ ਸਬੰਧੀ ਬਣੇ ਦ੍ਰਿੜ ਇਰਾਦੇ ਬਾਰੇ ਜਾਣੂ ਕਰਾਉਣ ਲੱਗ ਪਿਆ ਸੀ ।

'ਭੈਣੇ ! ਹਰਪਾਲ ਸਟੈਂਡ ਵਾਲਾ ਬੰਦਾ ਏ । ਉਹ ਤੁਹਾਡੇ ਨਾਲ ਵਿਆਹ ਆਪਣੇ ਘਰ ਵਾਲਿਆਂ ਦੀ ਮਰਜ਼ੀ ਤੋਂ ਉਲਟ ਵੀ ਕਰਾਉਣ ਲਈ ਦ੍ਰਿੜ ਐ । ਉਸਨੂੰ ਜਰਕਾਉਣ ਲਈ ਘਰ ਵਾਲਿਆਂ ਨੇ ਇਹ ਵੀ ਡਰਾਵਾ ਦਿੱਤਾ ਕਿ ਜੇ ਉਸਨੇ ਉਹਨਾਂ ਦੇ ਉਤੋਂ ਦੀ ਹੋ ਕੇ ਤੁਹਾਡੇ ਨਾਲ ਕਚਹਿਰੀ 'ਚ ਜਾ ਕੇ ਵਿਆਹ ਕਰਵਾਇਆ ਤਾਂ ਉਹ ਉਸਨੂੰ ਜਾਇਦਾਦ ਤੋਂ ਕਾਨੂੰਨੀ ਤੌਰ ਤੇ ਬੇਦਖ਼ਲ ਕਰ ਦੇਣਗੇ ।''

''ਫੇਰ ਬਾਈ ਉਹ ਸਾਰੀ ਜਾਇਦਾਦ ਤੋਂ ਕਾਨੂੰਨੀ ਤੌਰ ਤੇ ਬੇਦਖ਼ਲ ਹੋਣ ਲਈ ਤਿਆਰ ਏ ?'

'ਤਿਆਰ ਕੀ ਨਹੀਂ ਵੀ ਕਿਰਣ...' ਬਾਈ ਕਾਮਰੇਡ ਨੇ ਦੱਸਿਆ '...ਉਸਨੇ

ਆਪਣੇ ਹਿੱਸੇ ਦੀ ਜਾਇਦਾਦ ਤੋਂ ਕਾਨੂੰਨੀ ਤੌਰ ਤੇ ਬੇਦਖ਼ਲ ਹੋਣ ਦਾ ਫੈਸ ਲੈ ਲਿਆ'।

ਸੱਚ ਨਾਲ ਈ ਮੈਨੂੰ ਹਰਪਾਲ, ਬੰਦਾ ਸਟੈਂਡ ਵਾਲਾ ਲੱਗਿਆ। ਸ ਕਚਹਿਰੀ 'ਚ ਵਿਆਹ ਹੋਣ ਲਈ ਦਿਨ ਨਿਸ਼ਚਿਤ ਹੋ ਗਿਆ। ਨਿਸ਼ਚਿਤ ਦਿ ਤੇ ਮੈਂ ਵੱਡੇ ਤੜਕੇ ਉਠਕੇ ਨਹਾਤੀ। ਬਿਸਕੁਟ ਰੰਗ ਦੀ ਕਮੀਜ਼-ਸ ਪਹਿਨੀ। ਕਮੀਜ਼ ਸਲਵਾਰ ਨਾਲ ਮੇਲ ਖਾਂਦੀ ਚੁੰਨੀ ਸਿਰ ਤੇ ਲੈ ਲਈ। ਸੂ ਚੜ੍ਹਦੇ ਤੋਂ ਪਹਿਲਾਂ-ਪਹਿਲਾਂ ਈ ਮੈਂ ਤਿਆਰ ਹੋ ਗਈ। ਸੂਰਜ ਚੜ੍ਹਦੇ ਦੇ ਨ ਈ ਗੁਰਮੀਤ ਸਕੂਟਰ ਲੈ ਕੇ ਆਇਆ। ਮੈਂ ਸਕੂਟਰ ਦੀ ਪਿਛਲੀ ਸੀਟ ਤੇ ਵਿਚਲਾ ਪਰਸ ਸੰਭਾਲਦੀ ਬੈਠ ਗਈ। ਗੁਰਮੀਤ ਨੇ ਸਕੂਟਰ ਜ਼ਿਲ੍ਹਾ ਕਚਹਿਰ ਨੂੰ ਜਾਂਦੀ 'ਤੇ ਸੜਕ ਪਾਇਆ।

ਅਗਾਹਾ ਹਰਪਾਲ ਅਤੇ ਦੋ ਬੰਦੇ ਪਹਿਲਾਂ ਈ ਕਚਹਿਰੀਆਂ 'ਚ ਪ ਢੁੱਕੇ ਸਨ। ਉਹ ਵਕੀਲ ਦੇ ਤਖ਼ਤਪੋਸ਼ ਤੇ ਬੈਠੇ ਫਾਰਮ ਭਰਾਈ ਜਾ ਰਹੇ ਸਨ ਗੁਰਮੀਤ ਨੇ ਸੁਰਮਈ ਰੰਗ ਦੀ ਟੈਰੀਕਾਟ ਦਾ ਕਮੀਜ਼ ਪਜ਼ਾਮਾ ਪਾਇਆ ਹੋਇ ਸੀ। ਸਿਰ ਤੇ ਕਾਲੀ ਪੱਗ ਕਾਲਜੀਏਟ ਮੁੰਡਿਆਂ ਵਾਂਗ ਘੁੱਟ ਘੁੱਟ ਕੇ ਬੰ ਹੋਈ ਸੀ। ਉਸ ਦੇ ਪੈਰਾਂ ਵਿਚਲੀ ਜੁੱਤੀ ਦੇ ਇਕ ਪੈਰ ਦਾ ਕੰਨਾ ਟੁੱਟਿਆ ਕੇ ਮੈਂ ਹਸਣੋਂ ਮਸਾਂ ਰੁਕੀ। ਹਰਪਾਲ ਨੇ ਫਾਰਮ ਤੇ ਆਪਣੀ ਜ਼ਾਤ ਜੱਟ ਸਿ ਲਿਖਵਾ ਦਿੱਤੀ। ਮੈਂ ਆਪਣੀ ਜ਼ਾਤ ਹਿੰਦੂ ਅਰੜੇ ਲਿਖਵਾ ਦਿੱਤੀ। ਹਰਪਾ ਨਾਲ ਦੋਵਾਂ ਬੰਦਿਆਂ ਨੇ ਗਵਾਹੀਆਂ ਵਾਲੀ ਥਾਂ ਤੇ ਆਪਣੇ ਆਪਣੇ ਦਸਤਖ ਕਰ ਦਿੱਤੇ। ਫਾਰਮਾਂ ਦੇ ਨਾਲ ਈ ਸਾਡੇ ਵਕੀਲ ਨੇ ਮੈਨੂੰ ਤੇ ਹਰਪਾਲ ਨੂੰ ਅ ਸਾਡੇ ਗਵਾਹਾਂ ਨੂੰ ਨੀਲੀ ਪੱਗ ਵਾਲੇ ਜੱਜ ਦੀ ਅਦਾਲਤ 'ਚ ਪੇਸ਼ ਕਰ ਦਿੱਤਾ ਜੱਜ ਇਕ ਹੱਥ ਨਾਲ ਆਪਣੀ ਐਨਕ ਦਾ ਫਰੇਮ ਨੱਕ ਕੋਲੋਂ ਠੀਕ ਕਰਦਾ ਅ ਦੂਸਰੇ ਹੱਥ ਨਾਲ ਫਾਰਮ ਦੀ ਮੁੜੀ ਕੰਨੀ ਠੀਕ ਕਰਦਾ। ਫਾਰਮਾਂ ਤੇ ਨਿ ਦੁੜਾਉਣ ਬਾਦ ਜੱਜ ਨੇ ਆਪਣੀ ਦਾਹੜੀ ਦੀ ਗੁੱਠੀ ਨੂੰ ਅੰਗੂਠੇ ਨਾਲ ਠੱਪਦਿਆ ਇਕ ਟਕ ਹਰਪਾਲ ਵੱਲ ਘ੍ਰਿਣਤ ਜਿਹੀ ਨਜ਼ਰ ਨਾਲ ਤੱਕਣਾ ਸ਼ੁਰੂ ਕਰ ਦਿੱਤਾ ਜੱਜ ਦੀ ਤੱਕਣੀ ਤੋਂ ਮੈਂ ਅੰਦਾਜ਼ਾ ਲਾਉਂਦੀ ਨੇ ਸੋਚਿਆ.. 'ਸਾਡਾ ਵਿਆਹ ਨ ਮਨਜ਼ੂਰ ਕਰੇਗਾ।' ਸ਼ਾਇਦ ਸਾਡੇ ਵਕੀਲ ਨੂੰ ਇਹੋ ਮਹਿਸੂਸ ਹੋਇਆ ਸੀ। ਤ ਹੀ ਤਾਂ ਉਹ ਆਪਣੇ ਕੇਸ ਦੇ ਹੱਕ 'ਚ ਬੋਲਣ ਲਈ ਤਿਆਰ ਹੋਇਆ ਸੀ, ਪ

ਜੱਜ ਦੇ ਬਰਾਬਰ ਬੈਠੇ ਸਰਕਾਰੀ ਵਕੀਲ ਦਾ ਇਸ਼ਾਰਾ ਸਮਝ ਕੇ ਉਹ ਬੋਲਣੋਂ ਰੁਕ ਗਿਆ ਸੀ। ਜੱਜ ਸਾਡੇ ਫਾਰਮ ਤੇ ਦਸਤਖਤ ਕਰਨ ਲੱਗ ਪਿਆ ਸੀ। ਅਸੀਂ ਘੰਟੇ-ਪੌਣੇ ਘੰਟੇ 'ਚ ਕਚਹਿਰੀਆਂ 'ਚੋਂ ਵਿਹਲੇ ਹੋ ਗਏ ਸਾਂ।

ਦੋਵੇਂ ਗਵਾਹ ਸਾਡੇ ਨਾਲੋਂ ਕਚਹਿਰੀਆਂ ਵਿਚੋਂ ਈ ਨਿਖੜ ਗਏ। ਹਰਪਾਲ ਅਤੇ ਗੁਰਮੀਤ ਨੇ ਆਪਣੇ-ਆਪਣੇ ਸਕੂਟਰ ਸਟਾਰਟ ਕਰ ਲਏ। ਮੈਂ ਸ਼ਰਮਾਉਂਦੀ ਹੋਈ ਹਰਪਾਲ ਦੇ ਸਕੂਟਰ 'ਤੇ ਨਹੀਂ ਬੈਠੀ ਸਾਂ। ਗੁਰਮੀਤ ਦੇ ਸਕੂਟਰ ਮਗਰ ਬੈਠੀ ਸੀ, ਦੋਵੇਂ ਸਕੂਟਰ ਕਚਹਿਰੀਆਂ ਵਿਚੋਂ ਨਿਕਲਕੇ ਗੁਰਮੀਤ ਦੇ ਘਰ ਵੱਲ ਜਾਂਦੀ ਸੜਕ ਤੇ ਚੜ੍ਹ ਗਏ ਸਨ। ਅਗਾਹਾਂ ਗੁਰਮੀਤ ਦੀ ਮਾਂ ਧੰਨੋ ਸਾਡਾ ਇੰਤਜ਼ਾਰ ਈ ਕਰ ਰਹੀ ਸੀ। ਉਸਨੇ ਮੈਨੂੰ ਸਕੂਟਰ ਤੋਂ ਉਤਰਦੀ ਨੂੰ ਈ ਆਪਣੀਆਂ ਬਾਹਾਂ 'ਚ ਘੁੱਟਦਿਆਂ ਛਾਤੀ ਨਾਲ ਲਾ ਲਿਆ ਸੀ। ਅਸੀਂ ਸਾਰੇ ਹਰਪਾਲ ਦੀ ਛੱਤ ਉਤਲੇ ਚੁਬਾਰੇ 'ਚ ਪਹੁੰਚਣ ਲਈ ਪੱਕੀਆਂ ਪੌੜੀਆਂ ਚੜ੍ਹਣ ਲਗ ਪਏ ਸਾਂ। ਚੁਬਾਰੇ 'ਚ ਪਹਿਲਾਂ ਈ ਸਤ-ਅੱਠ ਕੁਰਸੀਆਂ ਤਰਤੀਬ ਨਾਲ ਵੱਡੇ ਮੇਜ਼ ਦੁਆਲੇ ਲਾਈਆਂ ਹੋਈਆਂ ਸਨ। ਬਾਈ ਕਾਮਰੇਡ ਅਤੇ ਸੱਤਰ ਪਚੱਤਰ ਸਾਲ ਦਾ ਬਜ਼ੁਰਗ ਕਾਮਰੇਡ ਮਹਿਤਾਬ ਸਿੰਘ ਪਹਿਲਾਂ ਈ ਆਪਣੀ-ਆਪਣੀ ਕੁਰਸੀ ਮੱਲੀ ਬੈਠੇ ਸਨ। ਮਹਿਤਾਬ ਦੀ ਕੁਰਸੀ ਦੇ ਪਿਛਲੇ ਪਾਸੇ ਇਕ ਅਟੈਚੀਕੇਸ ਪਿਆ ਸੀ। ਚੁਬਾਰੇ ਦੀ ਕੰਧ ਤੇ ਮੇਰੇ ਵੀਰ ਸਵਰਨ ਦੀ ਫੋਟੋ ਹੋਰ ਫੋਟੂਆਂ ਦੇ ਵਿਚਕਾਰ ਟਿਕਾਈ ਹੋਈ ਸੀ। ਗੁਰਮੀਤ, ਹਰਪਾਲ ਅਤੇ ਮੈਂ ਉਹਨਾਂ ਕੋਲ, ਕੁਰਸੀਆਂ ਤੇ ਬੈਠ ਗਏ ਸਾਂ। ਮਾਂ ਧੰਨੋ ਵਾਪਸ ਹੇਠਾਂ ਉਤਰ ਆਈ ਸੀ। ਸਾਡੇ ਵਿਚਕਾਰ ਕਚਹਿਰੀਆਂ ਬਾਰੇ ਗੱਲਾਂ ਚੱਲ ਪਈਆਂ ਸਨ। ਹਰਪਾਲ ਨੀਲੀ ਪੱਗ ਵਾਲੇ ਜੱਜ ਦੇ ਰਵਈਏ ਨੂੰ ਮਖੌਲੀਏ ਅੰਦਾਜ਼ 'ਚ ਪੇਸ਼ ਕਰਦਾ ਸਭ ਨੂੰ ਹਸਾ ਰਿਹਾ ਸੀ। ਮਾਂ ਧੰਨੋ ਇਕ ਲਿਫਾਫਾ ਹੱਥ 'ਚ ਫੜੀ ਹੇਠੋਂ ਉਪਰ ਆਈ ਤੇ ਆ ਕੇ ਮੇਰੇ ਨਾਲ ਪਈ ਕੁਰਸੀ ਤੇ ਬੈਠੀ।

ਬਾਈ ਨੇ ਸਾਰਿਆਂ ਵੱਲ ਆਪਣੀ ਸੰਜੀਦਾ ਨਜ਼ਰ ਘੁਮਾਂਦਿਆਂ ਬੋਲਣਾ ਸ਼ੁਰੂ ਕੀਤਾ, 'ਹਾਂ ਵਈ ਸਾਥੀਓ! ਮਾਂ ਜੀ! ਭੈਣ ਕਿਰਣ! ਅੱਜ ਸਾਨੂੰ ਸਾਰਿਆਂ ਨੂੰ ਖੁਸ਼ੀ ਵੀ ਹੈ ਤੇ ਦੁੱਖ ਵੀ ਹੈ...। ਸਾਨੂੰ ਖੁਸ਼ੀ ਤਾਂ ਇਸ ਗੱਲ ਦੀ ਹੈ ਕਿ ਆਪਣੀ ਪਾਰਟੀ, ਜਾਗੀਰੂ ਕਿਸਮ ਦੀਆਂ ਸਮਾਜਿਕ ਕਦਰਾਂ ਕੀਮਤਾਂ ਨੂੰ ਭੰਨ ਕੇ ਸਾਥੀ ਹਰਪਾਲ ਅਤੇ ਭੈਣ ਕਿਰਣ ਦਾ ਵਿਆਹ ਕਰਵਾਉਣ 'ਚ ਸਫਲ ਹੋਈ

ਹੈ। ਪਰ ਦੁੱਖ ਪਾਰਟੀ ਨੂੰ ਇਸ ਗੱਲ ਦਾ ਐ ਕਿ ਅੱਜ ਸਾਡੇ 'ਚ ਸਾਥੀ ਸਵ
ਸਰੀਰਕ ਤੌਰ ਤੇ ਹਾਜ਼ਰ ਨਹੀਂ। ਉਸਦਾ ਇਨਕਲਾਬੀ ਰਾਹ ਸਾਡੇ ਕੋਲ ਐ
ਸਾਥੀ ਹਰਪਾਲ ਅਤੇ ਭੈਣ ਕਿਰਣ ਨੂੰ ਪਾਰਟੀ ਵਲੋਂ ਦਿੱਤੇ ਜਾਣ ਵਾਲੇ
ਤੋਂ ਪਹਿਲਾਂ ਆਪਾਂ ਬਾਪੂ ਲਾਲੋ, ਮਾਤਾ ਜੀ, ਸਾਥੀ ਸਵਰਨ ਅਤੇ ਕਮਿਊਨਿ
ਇਨਕਲਾਬੀ ਲਹਿਰ ਲਈ ਖੜੇ ਹੋ ਕੇ ਸ਼ਰਧਾਂਜਲੀ ਅਰਪਣ ਕਰਾਂਗੇ।' ਸ਼ਰਧਾਂਜ
ਅਰਪਣ ਕਰਨ ਸਮੇਂ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਆਪਾਂ ਆ
ਸ਼ਹੀਦਾਂ ਦਾ ਰਾਹ, ਜਿਹੜਾ ਕਿ ਕਿਰਤੀ-ਕਾਮਿਆਂ ਦੀ ਮੁਕਤੀ ਦਾ ਰਾਹ ਹੈ
ਉਤੇ ਅੱਗੇ ਈ ਅੱਗੇ ਵਧਣ ਦਾ ਸੰਕਲਪ ਦੁਹਰਾਈਏ ..

ਕੁਝ ਮਿੰਟ ਬੋਲਣ ਬਾਦ ਬਾਈ ਕਾਮਰੇਡ ਉਠ ਕੇ ਖੜਾ ਹੋ ਗਿਆ
ਅਸੀਂ ਸਾਰੇ ਚੁੱਪ-ਚਾਪ ਖੜੇ ਹੋ ਗਏ। ਮੈਨੂੰ ਹੋਰਾਂ ਬਾਰੇ ਤਾ ਕੋਈ ਪਤਾ ਨਹੀਂ
ਸੀ ਕਿ ਕੌਣ ਮੇਰੇ ਸਵਰਨ ਵੀਰ ਦੀ ਪਾਰਟੀ ਦੇ ਰਾਹ ਤੇ ਚਲਣ ਦਾ ਪ੍ਰ
ਦੁਹਰਾਅ ਰਿਹਾ ਸੀ ਅਤੇ ਕੌਣ ਨਹੀਂ ਦੁਹਰਾਅ ਰਿਹਾ ਸੀ ਪਰ ਮੇਰੇ ਜ਼ਿਹ
'ਚ ਤਾਂ ਉਸ ਸਮੇਂ ਸੱਚ ਨਾਲ ਈ ਮੇਰੇ ਸਵਰਨ ਵੀਰ ਦਾ ਹਸੂੰ-ਹਸੂੰ ਕਰ
ਆਕਾਰ ਉੱਭਰ ਆਇਆ ਸੀ ਤੇ ਮੈਂ ਆਪਣੇ ਵੀਰ ਦੇ ਆਕਾਰ ਨੂੰ ਮਨ ਈ ਮਨ
ਆਖ ਰਹੀ ਸਾਂ, 'ਵੀਰਾ! ਮੈਂ ਤੇਰੀ ਪਾਰਟੀ ਕੋਲੋਂ ਪਾਸਾ ਨਹੀਂ ਵੱਟਾਂਗੀ।
ਕੁ ਮੈਥੋਂ ਤੇਰੀ ਪਾਰਟੀ ਦੀ ਹਮਾਇਤ ਹੋ ਸਕਦੀ, ਹੋਈ ਉਨੀ ਹਮਾਇਤ
ਆਪਣੇ ਆਖਰੀ ਦਮ ਤੱਕ ਕਰਦੀ ਰਹਾਂਗੀ।' ਮੇਰੀ ਸੋਚ ਦੀ ਲੜੀ ਉ
ਟੁੱਟੀ ਜਦੋਂ ਮੈਨੂੰ ਦੂਸਰਿਆਂ ਦੇ ਬੈਠਣ ਦਾ ਪਤਾ ਲੱਗਿਆ ਤੇ ਮੈਂ ਵੀ ਬੈ
ਗਈ ਸਾਂ।

'ਹੁਣ ਸਾਥੀ ਗੁਰਮੀਤ, ਹਰਪਾਲ ਅਤੇ ਕਿਰਣ ਦੇ ਗਲ 'ਚ ਫੁੱਲਾਂ
ਹਾਰ ਪਾਵੇਗਾ ..।' ਬਾਈ ਕਾਮਰੇਡ ਬੋਲਦਾ ਬੋਲਦਾ ਮੁਸਕਰਾ ਕੇ ਬੋਲਣ ਲੱ
'ਮੈਂ ਫੋਟੋਗਰਾਫਰ ਦਾ ਰੋਲ ਅਦਾ ਕਰਾਂਗਾ।' ਉਹ ਬੋਲਣੋਂ ਹਟ ਕੇ, ਅਲਮਾ
'ਚ ਪਿਆ ਕੈਮਰਾ ਚੁੱਕਣ ਲਈ ਉਠਿਆ। ਮਾਂ ਧੰਨੋ ਨੇ ਆਪਣੇ ਹੱਥ ਵਿਚ
ਲਿਫਾਫਾ ਜਿਸ 'ਚ ਦੋ ਹਾਰ ਸਨ, ਗੁਰਮੀਤ ਨੂੰ ਫੜਾਇਆ। ਗੁਰਮੀਤ
ਵਾਰੀ ਵਾਰੀ ਮੇਰੇ ਅਤੇ ਹਰਪਾਲ ਦੇ ਗਲ ਵਿਚ ਫੁੱਲਾਂ ਦੇ ਹਾਰ ਪਾਏ
ਆਪਣੇ ਹੱਥ ਮੇਰੇ ਅਤੇ ਗੁਰਮੀਤ ਦੇ ਸਿਰ ਤੇ ਰੱਖੇ। ਬਾਈ ਕਾਮਰੇਡ
ਆਪਣੇ ਹੱਥਾਂ ਵਿਚਲੇ ਸੈੱਟ ਕੀਤੇ ਕੈਮਰੇ 'ਚ ਮੈਨੂੰ, ਹਰਪਾਲ ਨੂੰ, ਸਾਡੇ ਸਿਰਾਂ

ਹੱਥ ਰੱਖੀ ਖੜੇ ਗੁਰਮੀਤ ਨੂੰ ਅਤੇ ਮਾਂ ਧੰਨੋ ਨੂੰ ਸਾਂਭਿਆ। ਫੇਰ ਉਹ ਅਗਲਾ ਪ੍ਰੋਗਰਾਮ ਦੱਸਣ ਲੱਗਾ।

'ਤੇ ਹੁਣ ਸਾਥੀ ਮਹਿਤਾਬ ਸਿੰਘ ਪਾਰਟੀ ਵੱਲੋਂ ਸਾਥੀ ਹਰਪਾਲ ਅਤੇ ਭੈਣ ਕਿਰਣ ਨੂੰ ਕਾਮਰੇਡ ਮਾਰਕਸ ਦੀਆਂ ਪੁਸਤਕਾਂ ਦਾ ਪੂਰਾ ਸੈੱਟ ਅਤੇ ਕਮਿਊਨਿਸਟ ਲਹਿਰ ਦੇ ਅਨੇਕਾਂ ਸਿਰ-ਲੱਥ ਯੋਧਿਆਂ ਦੇ ਰੱਤੜੇ ਲਹੂ ਨਾਲ ਹੋਰ ਸੁਰਖ ਹੋਇਆ ਪਾਰਟੀ ਦਾ ਲਾਲ ਝੰਡਾ ਤੋਹਫੇ ਵਜੋਂ ਭੇਂਟ ਕਰਨਗੇ ਤੇ ਮੈਂ ਫੇਰ ਪਹਿਲਾਂ ਵਾਲਾ ਰੋਲ ਅਦਾ ਕਰਾਂਗਾ...' ਬੋਲਣੋਂ ਹਟਿਆ ਬਾਈ ਕੈਮਰੇ ਦਾ ਵਟਣ ਘੁਮਾ ਕੇ ਅਗਲੀ ਫੋਟੋ ਲਈ ਕੈਮਰਾ ਫੋਕਸ ਕਰਨ ਲੱਗ ਪਿਆ। ਕਾਮਰੇਡ ਮਹਿਤਾਬ ਨੇ ਆਪਣੀ ਕੁਰਸੀ ਦੇ ਪਿਛਲੇ ਪਾਸੀਂ ਪਿਆ ਅਟੈਚੀਕੇਸ ਚੁੱਕ ਕੇ ਮੇਜ਼ ਤੇ ਧਰਿਆ। ਉਸਨੇ ਅਟੈਚੀ ਖੋਲ੍ਹ ਕੇ ਉਸ 'ਚੋਂ ਕਾਮਰੇਡ ਮਾਰਕਸ ਦੀਆਂ ਮੋਟੀਆਂ ਮੋਟੀਆਂ ਲਾਲ ਜਿਲਦਾਂ ਵਾਲੀਆਂ ਪੁਸਤਕਾਂ ਕੱਢ ਕੇ ਮੇਜ਼ ਤੇ ਚਿਣਤੀ ਲਾ ਦਿੱਤੀ ਅਤੇ ਲਾਲ ਫਰੇਰਾ ਆਪਣੇ ਹੱਥ 'ਚ ਲੈ ਕੇ ਉਹ ਬੋਲਣ ਲੱਗ ਪਿਆ :

..'ਪਾਰਟੀ ਵੱਲੋਂ ਮੈਂ ਸਭ ਤੋਂ ਪਹਿਲਾਂ ਸਾਥੀ ਹਰਪਾਲ ਨੂੰ ਵਧਾਈ ਦਿੰਦਾ ਹਾਂ ਕਿ ਉਸਨੇ ਆਪਣੇ ਨਿੱਜ ਨੂੰ ਲੱਤ ਮਾਰਦਿਆਂ ਜਾਗੀਰੂ ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਤੋੜ ਕੇ ਬੀਬੀ ਕਿਰਣ ਨਾਲ ਅੰਤਰਜਾਤੀ ਵਿਆਹ ਕਰਵਾਇਆ। ਸਭਿਆਚਾਰ ਦੇ ਖੇਤਰ 'ਚ ਅਗਾਂਹਵਧੂ ਕਦਰਾਂ ਕੀਮਤਾਂ ਦਾ ਝੰਡਾ ਉੱਚਾ ਕੀਤਾ, ਫੇਰ ਮੈਂ ਬੀਬੀ ਕਿਰਣ ਨੂੰ ਆਪਣੀ ਪਾਰਟੀ ਵੱਲੋਂ ਵਧਾਈ ਦਿੰਦਾ ਹਾਂ ਜਿਹੜੀ, ਬੁੱਚੜ ਨਿਜ਼ਾਮ ਦੇ ਖੂਨੀ ਹਮਲਿਆਂ ਦਾ ਦ੍ਰਿੜ੍ਹਤਾ ਅਤੇ ਹੌਂਸਲੇ ਨਾਲ ਸਾਹਮਣਾ ਕਰ ਰਹੀ ਹੈ ਅਤੇ ਪਾਰਟੀ ਦੇ ਫੈਸਲੇ ਮੁਤਾਬਕ ਅੰਤਰਜਾਤੀ ਵਿਆਹ ਕਰਵਾ ਰਹੀ ਹੈ। ਪਾਰਟੀ ਬੀਬੀ ਕਿਰਣ ਦੀ ਬਹੁਤ ਦੇਣਦਾਰ ਹੈ, ਕਿਉਂ ਕਿ ਬੀਬੀ ਕਿਰਣ ਆਪਣੇ ਪਿਤਾ ਮਾਤਾ ਅਤੇ ਭਾਈ ਨੂੰ ਮਜ਼ਦੂਰ ਜਮਾਤ ਅਤੇ ਦੱਬੇ ਕੁਚਲੇ ਲੋਕਾਂ ਮੁਕਤੀ ਲਈ ਅਰਪਣ ਕਰਕੇ ਵੀ ਹੌਂਸਲੇ ਨਾਲ ਪਾਰਟੀ ਦੇ ਅੰਗ ਸੰਗ ਖੜੀ ਹੈ। ਪਾਰਟੀ ਵੀ ਵਾਅਦਾ ਦਿੰਦੀ ਹੈ ਕਿ ਉਹ ਇਸ ਜੋੜੀ ਨੂੰ ਆਪਣੀ ਬੁੱਕਲ ਨਿੱਘ ਬਖਸ਼ਦੀ ਰਹੇਗੀ। ਇਸਦੇ ਨਾਲ ਈ ਪਾਰਟੀ ਇਸ ਜੋੜੀ ਕੋਲੋਂ ਆਸ ਕਰਦੀ ਕਿ ਇਹ ਜੋੜੀ ਮਜ਼ਦੂਰ ਜਮਾਤ ਅਤੇ ਦੱਬੇ ਕੁਚਲੇ ਲੋਕਾਂ ਦੀ ਮੁਕਤੀ ਲਈ ਚਲ ਰਹੇ ਸੰਘਰਸ਼ 'ਚ ਅੱਗੇ ਈ ਅੱਗੇ ਵਧੇਗੀ...ਤੇ ਹੁਣ ਮੈਂ

ਪਾਰਟੀ ਵੱਲੋਂ ਇਸ ਜੋੜੀ ਨੂੰ ਮਾਰਕਸ ਦੀਆਂ ਪੁਸਤਕਾਂ ਦਾ ਸੈੱਟ ਅਤੇ ਮਜ਼ਦੂਰ ਜਮਾਤ ਦਾ ਹਰਮਨ ਪਿਆਰਾ ਲਾਲ ਫੂਰੇਰਾਂ, ਤੋਹਫੇ ਵਜੋਂ ਭੇਟ ਕਰਦਾ ਹਾਂ...।'

ਕਾਮਰੇਡ ਮਹਿਤਾਬ ਨੇ ਆਪਣੇ ਹੱਥ ਵਿਚਲਾ ਲਾਲ ਝੰਡਾ ਹਰਪਾਲ ਅਤੇ ਮੇਰੇ ਹੱਥ 'ਚ ਦਿੱਤਾ। ਮਾਰਕਸ ਦੀਆਂ ਪੁਸਤਕਾਂ ਦੇ ਸੈੱਟ ਦੀ ਚਿਣਤੀ ਮੇਰੇ ਅਤੇ ਹਰਪਾਲ ਦੇ ਸਾਹਮਣੇ ਚਿਣੀਂ। ਮੈਂ ਤੇ ਹਰਪਾਲ ਨੇ ਆਪਣੇ ਖਾਲੀ ਹੱਥ ਪੁਸਤਕਾਂ ਦੀ ਚਿਣਤੀ ਤੇ ਰੱਖੇ। ਕਾਮਰੇਡ ਮਹਿਤਾਬ ਨੇ ਆਪਣੇ ਹੱਥ ਮੇਰੇ ਅਤੇ ਹਰਪਾਲ ਦੇ ਮੋਢਿਆਂ ਤੇ ਧਰੇ। ਕਾਮਰੇਡ ਬਾਈ ਨੇ ਸਾਡਾ ਤਿੰਨਾਂ ਦਾ ਇਹ ਦ੍ਰਿਸ਼ ਆਪਣੇ ਕੈਮਰੇ 'ਚ ਸੰਭਾਲਿਆ।

ਫੇਰ ਗੁਰਮੀਤ ਅਤੇ ਮਾਂ ਜੀ ਹੇਠੋਂ ਮਠਿਆਈ ਨਾਲ ਭਰੀ ਵੱਡੀ ਸਾਰੀ ਥਾਲੀ ਅਤੇ ਚਾਹ ਲੈ ਆਏ। ਅਸੀਂ ਸਾਰੇ ਚਾਹ ਦੇ ਨਾਲ ਮਠਿਆਈ ਖਾਣ ਲੱਗ ਪਏ। ਮੈਨੂੰ ਉਸ ਸਮੇਂ ਗੁਰਮੀਤ ਦੇ ਚੁਬਾਰੇ ਦਾ ਮਾਹੌਲ ਵਿਆਹ ਵਾਲਾ ਮਹਿਸੂਸ ਹੋਣ ਲੱਗ ਪਿਆ ਸੀ। ਬਾਈ ਕਾਮਰੇਡ ਅਤੇ ਬਜ਼ੁਰਗ ਮਹਿਤਾਬ ਤਾਂ ਪ੍ਰੋਗਰਾਮ ਮੁਕਣ ਤੋਂ ਪੰਦਰਾਂ ਵੀਹ ਮਿੰਟ ਬਾਦ ਵੀ ਚਲੇ ਗਏ ਸਨ। ਅਸੀਂ ਉਸ ਰਾਤ ਉਥੇ ਈ ਰਹੇ। ਦੂਸਰੇ ਦਿਨ ਹਰਪਾਲ ਤੋਹਫੇ ਵਾਲਾ ਅਟੈਚੀਕੇਸ ਸਕੂਟਰ ਦੇ ਪਿਛਲੇ ਪਾਸੇ ਬੰਨ੍ਹਿਆ। ਮੈਂ ਗੁਰਮੀਤ ਅਤੇ ਮਾਂ ਧੰਨੋ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਸਕੂਟਰ ਦੇ ਪਿੱਛੇ ਬੈਠੀ। ਸਟਾਰਟ ਸਕੂਟਰ ਗੁਰਮੀਤ ਦੇ ਘਰ ਵਾਹਵਾ ਦੂਰ ਚਲਾ ਆਇਆ ਸੀ ਤੇ ਹਰਪਾਲ ਨੇ ਮੈਥੋਂ ਪੁੱਛਿਆ —

'ਦੱਸ ਕਿਰਣ ! ਹੁਣ ਕਿਹੜੇ ਪਾਸੇ ਨੂੰ ਚੱਲੀਏ ?'

'ਜਿਹੜੇ ਪਾਸੇ ਮਰਜ਼ੀ ਐ ਲੈ ਚੱਲੋ ...ਹੁਣ ਮੈਂ ਤੁਹਾਡੀ ਹਾਂ ...'

'ਮੇਰੀ ਤਾਂ ਹੈ...' ਹਰਪਾਲ ਨੇ ਅਫਸੋਸੀ ਜਿਹੀ ਆਵਾਜ਼ 'ਚ ਕਿਹਾ, '...ਪਰ ਘਰਦਿਆਂ ਨੇ ਤਾਂ ਆਪਾਂ ਨੂੰ ਘਰੇ ਨਹੀਂ ਵੜਨ ਦੇਣਾ। ਉਂਪਤੈ, ਪ੍ਰੋਲੇਤਾਰੀ ਦਾ ਕੋਈ ਘਰ ਘਾਟ ਹੁੰਦਾ ਵੀ ਨਹੀਂ...'

'ਪ੍ਰੋਲੇਤਾਰੀ ਘਰ ਘਾਟ ਵਾਸਤੇ ਸੰਘਰਸ਼ ਤਾਂ ਕਰ ਸਕਦੈ'

'ਸੰਘਰਸ਼ ਤਾਂ ਆਪਾਂ ਵੀ ਕਰਾਂਗੇ... ਗੱਲ ਤਾਂ ਹੁਣ ਚੱਲਣੀ ਏ।'

'ਹੁਣ ਆਪਾਂ ਉੱਥੇ ਚਲਦੇ ਹਾਂ, ਜਿਥੇ ਮੈਂ ਕਿਰਾਏ ਰਹਿੰਦਾ ਹਾਂ।'

ਸਕੂਟਰ ਪਹਿਲਾਂ ਈ ਉਸ ਪਾਸੇ ਵੱਲ ਜਾ ਰਿਹਾ ਸੀ। ਮੈਂ ਹਰਪਾਲ ਦੇ ਪਿਛੇ ਬੈਠੀ ਅਜੀਬ ਜਿਹੀ ਖੁਸ਼ੀ ਮਹਿਸੂਸ ਕਰਨ ਲੱਗ ਪਈ ਸਾਂ। ਪੂਰਬ ਦੀ ਰੁਮਕਦੀ ਹਵਾ ਮੈਨੂੰ ਮੇਰੇ ਕੁਤ-ਕੁਤਾੜੀਆਂ ਕਰਦੀ ਲੱਗ ਰਹੀ ਸੀ। ਸੜਕ ਦੇ ਆਲੇ-ਦੁਆਲੇ ਖੜੇ ਸਫੈਦਿਆਂ ਅਤੇ ਟਾਹਲੀਆਂ ਦੇ ਸ਼ਰਾਬੀਆਂ ਵਾਂਗ ਝੂੰਮਦੇ ਰੁੱਖਾਂ ਦੇ ਪੱਤਿਆਂ ਦੀ ਖੜ੍ਹ ਖੜ੍ਹ ਗਿੱਧੇ ਵਰਗੀ ਲੱਗ ਰਹੀ ਸੀ। ਮੈਨੂੰ ਇਉਂ ਲੱਗਣ ਲੱਗ ਪਿਆ ਸੀ ਜਿਵੇਂ ਆਕਾਸ਼ 'ਚ ਕੂੰਜਾਂ ਦੀ ਜੋੜੀ ਉੱਡੀ ਜਾ ਰਹੀ ਹੋਵੇ ਤੇ ਸੜਕ ਤੇ ਹਰਪਾਲ ਤੇ ਮੈਂ ਉੱਡੇ ਜਾ ਰਹੇ ਹੋਈਏ। ਸਾਡੇ ਸਿਰਾਂ ਤੇ ਦਾਤੀ ਹਥੌੜੇ ਵਾਲਾ ਲਾਲ ਝੰਡਾ ਲਹਿਰਾਅ ਰਿਹਾ ਹੋਵੇ। ਮੇਰੇ ਸਕੂਟਰ ਤੇ ਬੈਠੀ ਦੇ ਮਨ 'ਚ ਆਪਣੇ ਆਪ ਉਹ ਖਿਆਲ ਫੁਹਾਰੇ 'ਚ ਉਛਲਦੇ ਪਾਣੀ ਵਾਂਗ ਉੱਛਲ ਪਿਆ ਸੀ।

...'ਆਹ! ਕਿੰਨਾ ਆਨੰਦ ਆਵੇਗਾ ਉਦੋਂ,...ਜਦੋਂ ਮੈਂ ਹ...ਰ...ਪਾ...ਲ ਹੱਥਾਂ 'ਚ ਹੱਥ ਪਾ ਕੇ ਵੀਰ ਸਵਰਨੇ ਹੋਰਾਂ ਦੀ ਪਾਰਟੀ ਦੇ ਰਾਹ ਤੇ ਅੱਗੇ ਈ ਅੱਗੇ ਵਧਾਂਗੇ। ਇਸ ਰਾਹ ਤੋਂ ਸਾਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਮੋੜ ਸਕੇਗੀ।

ਮੇਰੀਆਂ ਸੋਚਾਂ ਦੀ ਲੜੀ ਉਦੋਂ ਟੁੱਟੀ, ਜਦ ਸਕੂਟਰ ਘਰ ਦੇ ਬੂਹੇ ਮੂਹਰੇ ਜਾ ਕੇ ਰੁਕਿਆ। ਮੈਨੂੰ, ਹਰਪਾਲ ਦੇ ਨਾਲ ਹੋਣ ਕਰਕੇ ਆਪਣਾ ਉਦਰ੍ਹਿਆ ਉਦਰ੍ਹਿਆ ਘਰ ਭਰਿਆ ਭਰਿਆ ਜਾਪਣ ਲੱਗਾ। ਮੇਰੀ ਅਤੇ ਹਰਪਾਲ ਦੀ ਮੁਸਕ੍ਰਾਹਟ ਆਪਸ 'ਚ ਸਾਂਝੀ ਹੁੰਦੀ ਰਹੀ। ਮੈਂ ਆਪਣੇ ਵੀਰ ਸਵਰਨੇ, ਬਾਪੂ ਅਤੇ ਮਾਤਾ ਜੀ ਹੋਰਾਂ ਦੀਆਂ, ਕਮਰੇ ਦੀ ਅੰਦਰਲੀ ਕੰਧਾਂ ਵਿਚਲੀਆਂ ਮੇਖਾਂ ਨਾਲ ਲਟਕਦੀਆਂ ਤਸਵੀਰਾਂ ਦੇ ਸ਼ੀਸ਼ ਮਿੱਠੇ ਜਿਹੇ ਗ਼ਮ 'ਚ ਡੁੱਬੀ ਨੇ ਪਿਆਰ ਅਤੇ ਸਤਿਕਾਰ ਦੇ ਅੰਦਾਜ਼ 'ਚ ਸਾਫ਼ ਕੀਤੇ। ਇਹਨਾਂ ਲਟਕਦੀਆਂ ਤਸਵੀਰਾਂ ਕੋਲ ਈ, ਦੋ ਮੇਖਾਂ ਕੰਧ 'ਚ ਗੱਡ ਕੇ, ਮੈਂ ਦੋਵੇਂ ਲਾਲ ਫੁੱਲਾਂ ਦੇ ਹਾਰ ਲਮਕਾ ਦਿੱਤੇ, ਜਿਹੜੇ ਹਾਰ ਮੇਰੇ ਅਤੇ ਹਰਪਾਲ ਦੇ ਗਲ 'ਚ ਗੁਰਮੀਤ ਨੇ ਪਾਏ ਸਨ। ਉਨ੍ਹਾਂ ਹਾਰਾਂ ਤੇ ਚੜ੍ਹਦੇ ਸੂਰਜ ਦੀਆਂ ਕਿਰਣਾਂ ਪੈਂਦੀਆਂ ਰਹਿੰਦੀਆਂ ਸਨ।

ਹਰਪਾਲ ਦੇ ਨਿੱਘੇ ਪਿਆਰ ਅਤੇ ਗੂੜ੍ਹੀ ਹਮਦਰਦੀ ਨੇ ਮੇਰੀ ਜ਼ਿੰਦਗੀ 'ਚੋਂ ਔੜਾਂ ਵਰਗੀ ਇਕੱਲ, ਸਾਉਣ ਦੀ ਝੜੀ ਬਣ ਕੇ ਪੀ ਲਈ ਸੀ।

ਕਿੰਨੇ ਚੰਗੇ ਸਨ, ਉਹ ਦਿਨ ।...ਹਾਂ ! ਤੁਸੀਂ ਠੀਕ ਈ ਆਖ ਰਹੇ ਹੋ ਸੱਚ ਨਾਲ ਈ ਚੰਗੇ, ਦਿਨ ਸਦਾ ਨਹੀਂ ਰਹਿੰਦੇ । ਚੰਗੇ ਦਿਨਾਂ ਨੂੰ ਤਾਂ ਜ਼ਾਲ ਸਰਕਾਰਾਂ ਇਉਂ ਝਪੱਟ ਮਾਰ ਕੇ ਖੋਹ ਲੈਂਦੀਆਂ ਨੇ, ਜਿਵੇਂ ਬੱਚੇ ਦੇ ਹੱਥੋਂ ਚਿੱ ਕਬੂਤਰ ਨੂੰ ਬਿੱਲੀ ਝਪੱਟ ਮਾਰ ਕੇ ਖੋਹ ਲੈਂਦੀ ਏ । ਅੱਛਾ ! ਤੁਸੀਂ ਬੀੜ ਸੁਲ੍ਹਗਾਅ ਲਈ । ਚਲੋ, ਚੰਗਾ, ਮੈਂ ਤੁਹਾਡੇ ਬੀੜੀ ਪੀਂਦਿਆਂ-ਪੀਂਦਿਆਂ ਗੁਸਲਖਾਨੇ 'ਚ ਜਾ ਆਉਂਦੀ ਹਾਂ ।...ਆ ਕੇ ਈ ਹੱਡ-ਬੀਤੀ, ਅਗਾਂ ਸੁਣਾਵਾਂਗੀ ।

ਪੰਜ

...ਤੇ ਹਾਂ ! ਮੈਂ ਜਦ ਆਪਣੇ ਕਮਰੇ ਦੀ ਕੰਧ ਨਾਲ ਲਮਕਦੀਆਂ ਆਪਣੇ ਮਾਤਾ ਪਿਤਾ ਅਤੇ ਸਵਰਨੇ ਹੋਰਾਂ ਦੀਆਂ ਤਸਵੀਰਾਂ ਵੱਲ ਤੱਕਦੀ, ਤਾਂ ਮੇਰੇ ਦਿਲ 'ਚ ਇਕ ਚੀਸ ਜਿਹੀ ਨਿਕਲਦੀ । ਇਹ ਚੀਸ ਉਦੋਂ ਬਦਲੇ ਦੇ ਗੰਭੀਰ ਖਿਆਲ 'ਚ ਬਦਲ ਜਾਂਦੀ, ਜਦ ਮੇਰੀ ਨਜ਼ਰ ਉਨ੍ਹਾਂ ਤਸਵੀਰਾਂ ਤੋਂ ਹਟ ਕੇ ਉਹਨਾਂ ਈ ਤਸਵੀਰਾਂ ਦੇ ਨੇੜੇ ਲਮਕਦੇ ਹਾਰਾਂ ਦੇ, ਲਾਲ-ਗੁਲਾਬ ਫੁੱਲਾਂ ਤੇ ਪੈਂਦੀਆਂ ਸੂਰਜ ਦੀਆਂ ਸੁਨਹਿਰੀ ਕਿਰਣਾਂ ਤੇ ਪੈਂਦੀ । ਮੇਰੇ ਬੁਲ੍ਹ ਆਪ ਮੁਹਾ ਫਰਕਦੇ ..

'ਮੈਂ ਅਤੇ ਹਰਪਾਲ, ਪਾਰਟੀ ਦੇ ਕਦਮ ਨਾਲ ਕਦਮ ਮਿਲਾ ਕੇ, ਲਹੂ ਪੀਣੀ ਹਕੂਮਤ ਕੋਲੋਂ ਬਦਲਾ ਲਵਾਂਗੇ . ਸ਼ਾਨਾਂ ਮੱਤੇ ਲਾਲ ਫ਼ਰੇਰੇ ਦੀ ਸ਼ਾ ਨੂੰ ਉੱਚੀ ਈ ਉੱਚੀ ਕਰਾਂਗੇ ।

ਮੇਰੇ ਇਹੋ ਜਿਹੇ ਖਿਆਲਾਂ 'ਚ ਗੁਆਚੀ ਦੇ ਮਨ 'ਚ ਕਦੇ ਨਾ ਕਦੇ ਇ ਵਲਵਲਾ ਵੀ ਉਠਦਾ,

'ਮੈਨੂੰ ਅਤੇ ਹਰਪਾਲ ਨੂੰ ਹਰਪਾਲ ਦੇ ਘਰਦਿਆਂ ਨੂੰ ਸਮਝਾਉਣ ਬੁਝਾਉ ਦੀ ਕੋਸ਼ਿਸ਼ ਕਰਨੀ ਚਾਹੀਦੀ ਏ ।' ਮੈਨੂੰ ਸਵੈ-ਵਿਸ਼ਵਾਸ ਵੀ ਸੀ ਕਿ ਸਾਡੀ

ਕੋਸ਼ਿਸ਼ਾਂ ਕੁਝ ਨਾ ਕੁਝ ਉਨ੍ਹਾਂ ਦੇ ਮਨਾਂ ਤੇ ਜ਼ਰੂਰ ਅਸਰ ਕਰਨਗੀਆਂ। ਮੈਂ ਆਪਣੇ ਸਵੈ-ਵਿਸ਼ਵਾਸਾਂ ਅਧੀਨ ਆਪਣਾ ਵਿਚਾਰ ਹਰਪਾਲ ਸਾਹਮਣੇ ਰੱਖਿਆ। ਮੇਰੇ ਵਿਚਾਰ ਦੇ ਜੁਆਬ 'ਚ ਉਸਨੇ ਦੁਚਿੱਤੀ 'ਚ ਆਖਿਆ,

'ਤੇਰੀ ਮਰਜ਼ੀ ਐ!.. ਵੈਸੇ ਤਾਂ ਪਾਰਟੀ ਵਾਲੇ ਆਪਣਾ ਅੱਡੀ-ਚੋਟੀ ਦਾ ਜ਼ੋਰ ਲਾ ਚੁੱਕੇ ਐ...ਮੈਨੂੰ ਆਪਣੇ ਘਰ ਵਾਲਿਆਂ ਦੇ ਸੁਭਾ ਦਾ ਪਤੈ। ਉਹ ਮੰਨਣ ਵਾਲੇ ਨਹੀਂ।...ਪਰ ਮੈਂ ਤੈਨੂੰ ਕੋਸ਼ਿਸ਼ ਕਰਨੋਂ ਹਟਾਉਂਦਾ ਨਹੀਂ।'

'ਆਪਾਂ ਨੂੰ ਕੋਸ਼ਿਸ਼ ਤਾਂ ਕਰਨੀ ਈ ਚਾਹੀਦੀ ਏ...?'

'ਕਰ ਲੈ ਕੋਸ਼ਿਸ਼...ਮੈਂ ਤੈਨੂੰ ਕਦੋਂ ਹਟਾਉਨਾ..।'

ਹਰਪਾਲ ਦੀ ਦੁਚਿੱਤੀ ਦੇ ਬਾਵਜੂਦ ਵੀ ਮੈਂ ਇਕ ਚਿੱਠੀ ਆਪਣੇ ਸਹੁਰਿਆਂ ਦੇ ਨਾਉਂ ਲਿਖ ਕੇ, ਆਪਣੇ ਨਾਲ ਸਕੂਲ 'ਚ ਪੜ੍ਹਾਉਂਦੀ ਉਸ ਬਲਵੀਰ ਨਾਉਂ ਦੀ ਅਧਿਆਪਕਾ ਨੂੰ ਫੜਾਈ, ਜਿਹੜੀ ਮੇਰੀ ਸਹੇਲੀ ਬਣੀ ਹੋਈ ਸੀ ਤੇ ਮੇਰੇ ਸਹੁਰਿਆਂ ਦੇ ਪਿੰਡ ਦੀ ਕੁੜੀ ਸੀ। ਮੈਂ ਉਸ ਚਿੱਠੀ 'ਚ ਕੀ ਲਿਖਿਆ ਸੀ? ਤੁਹਾਡੇ ਇਸ ਸਵਾਲ ਦੇ ਜਵਾਬ 'ਚ ਮੈਂ ਤੁਹਾਨੂੰ ਉਸੇ ਚਿੱਠੀ ਦੀ ਕਾਪੀ ਈ ਪੜ੍ਹ ਕੇ ਸੁਣਾਉਂਦੀ ਹਾਂ। ਉਸ ਚਿੱਠੀ ਦੀ ਕਾਪੀ ਮੇਰੇ ਕੋਲ ਮੇਰੇ ਪਰਸ 'ਚ ਏ। ਮੈਂ ਆਪਣੀ ਹੱਡ-ਬੀਤੀ ਨਾਲ ਸਬੰਧਤ ਦੂਸਰੀਆਂ ਚਿੱਠੀਆਂ ਦੀਆਂ ਕਾਪੀਆਂ ਵੀ ਲੈ ਕੇ ਆਈ ਹਾਂ। ਸਮੇਂ-ਸਮੇਂ ਸਿਰ ਤੁਹਾਨੂੰ ਉਹ ਚਿੱਠੀਆਂ ਵੀ ਪੜ੍ਹ ਕੇ ਸੁਣਾਵਾਂਗੀ, ਪਹਿਲਾਂ ਤੁਸੀਂ ਇਹ ਚਿੱਠੀ ਸੁਣੋ...

ਮਾਤਾ ਪਿਤਾ ਜੀ,

ਇਸ ਦੁਨੀਆਂ 'ਚ ਮੇਰੇ ਓਹ ਮਾਤਾ-ਪਿਤਾ ਨਹੀਂ ਰਹੇ, ਜਿਨ੍ਹਾਂ ਨੇ ਮੈਨੂੰ ਜਨਮ ਦਿੱਤਾ ਤੇ ਪਾਲ-ਪੋਸ ਕੇ ਵੱਡੀ ਕੀਤਾ। ਹੁਣ ਇਸ ਦੁਨੀਆਂ 'ਚ ਤੁਸਾਂ ਹੀ ਮੇਰੇ ਸੱਚੇ ਮਾਤਾ-ਪਿਤਾ ਹੋ। ਮੈਂ ਤੇ ਹਰਪਾਲ ਤੁਹਾਡੀ ਪੂਰੀ ਇੱਜ਼ਤ ਕਰਦੇ ਹਾਂ। ਮੈਂ ਤੁਹਾਨੂੰ ਸੱਚੇ ਦਿਲੋਂ ਵਿਸ਼ਵਾਸ ਦਿਵਾਉਂਦੀ ਹਾਂ ਕਿ ਮੈਂ ਤੁਹਾਨੂੰ ਓਨਾ ਈ ਆਦਰ ਤੇ ਸਤਿਕਾਰ ਦੇਵਾਂਗੀ, ਜਿੰਨਾ ਆਦਰ ਅਤੇ ਸਤਿਕਾਰ ਮੈਂ ਆਪਣੇ ਮਾਤਾ-ਪਿਤਾ ਨੂੰ ਦਿੰਦੀ ਰਹੀ ਹਾਂ। ਮੈਨੂੰ ਅਤੇ ਹਰਪਾਲ ਨੂੰ ਜ਼ਮੀਨ-ਜਾਇਦਾਦ ਦਾ ਭੋਰਾ-ਭਰ ਵੀ ਲਾਲਚ ਨਹੀਂ। ਅਸੀਂ ਤਾਂ ਆਪਣਾ ਹਿੱਸਾ, ਆਪਣੇ ਹੱਥੀਂ ਤੁਹਾਡੇ ਨਾਉਂ ਕਰਵਾਉਣ ਨੂੰ ਖੜ੍ਹੇ ਮੱਥੇ ਤਿਆਰ ਹਾਂ।.. ਬੱਸ, ਸਾਨੂੰ ਤਾਂ ਸਿਰਫ਼ ਤੁਹਾਡੇ ਮੋਹ ਦੀ ਭੁੱਖ ਏ। ਤੁਹਾਡੀ ਸੇਵਾ ਕਰਨ ਦੀ ਤੜਪ ਏ। ਮੈਂ ਤੁਹਾਨੂੰ,

ਦੋਵੇਂ ਹੱਥ ਜੋੜ ਕੇ ਬੇਨਤੀ ਕਰਦੀ ਹਾਂ ਕਿ ਤੁਸੀਂ ਆਪਣੇ ਸਾਰੇ ਗੁੱਸੇ ਭੁਲਾ ਦੇਵੋ। ਕਿਉਂਕਿ ਹਿੰਦੂ-ਸਿੱਖ-ਇਸਾਈ ਫਿਰਕਿਆਂ ਤੇ ਧਰਮਾਂ ਦੇ ਲੋਕਾਂ ਦੇ ਦਿਲਾਂ 'ਚ ਇਕ ਕਿਸਮ ਦਾ ਲਹੂ ਹੁੰਦਾ ਏ ਅਤੇ ਇਸ ਲਹੂ 'ਚ ਨਿੱਘ ਵੀ ਇਕੋ ਤਰ੍ਹਾਂ ਦਾ ਹੁੰਦਾ ਏ। ਤੁਹਾਡੇ ਦਿਲ ਵਿਚਲੇ ਇਸ ਨਿੱਘ ਦੀ ਸਾਨੂੰ ਬੇਹੱਦ ਲੋੜ ਏ। ਤੁਸੀਂ ਸਾਨੂੰ ਆਪਣੇ ਬੱਚੇ ਸਮਝ ਕੇ ਇਹ ਨਿੱਘ ਜ਼ਰੂਰ ਦੇਵੋ।

—ਤੁਹਾਡੀ ਆਪਣੀ ਧੀ . . ਕਿਰਣ ਬਾਲਾ

ਮੇਰੀ ਇਸ ਚਿੱਠੀ ਦਾ ਉਨ੍ਹਾਂ ਤੇ ਕੀ ਅਸਰ ਹੋਇਆ? ਤੁਹਾਡੇ ਇਸ ਸਵਾਲ ਬਾਰੇ ਵੀ ਮੈਂ ਦੱਸਦੀ ਹਾਂ। ਬਲਵੀਰ ਨੇ ਮੈਨੂੰ ਦੱਸਿਆ ਕਿ ਜਿਸ ਸਮੇਂ ਉਹ ਮੇਰੀ ਚਿੱਠੀ ਲੈ ਕੇ ਮੇਰੇ ਸਹੁਰੇ ਘਰ ਗਈ, ਤਾਂ ਉਸ ਸਮੇਂ ਮੇਰਾ ਸੌਹਰਾ ਜੀ, ਦਰਵਾਜ਼ੇ ਵਿਚਲੀ ਬੈਠਕ 'ਚ ਬੈਠੇ ਜਪੁਜੀ ਸਾਹਿਬ ਦਾ ਪਾਠ ਕਰੀ ਜਾ ਰਹੇ ਸਨ। ਮੇਰੀ ਸੱਸ ਕਿਸ਼ਨੋ ਚੁਲ੍ਹੇ ਮੂਹਰੇ ਬੈਠੀ ਮੱਖਣ ਨੂੰ ਗਰਮ ਕਰਕੇ ਘਿਉ ਬਣਾ ਰਹੀ ਸੀ...ਤੇ ਬਲਵੀਰ ਸਿੱਧੀ ਕਿਸ਼ਨੋ ਕੋਲ ਚਲੀ ਗਈ ਸੀ। ਉਸਨੇ ਮੇਰੀ ਚਿੱਠੀ ਬਲਵੀਰ ਕੋਲੋਂ ਪੜ੍ਹਵਾ ਕੇ ਸੁਣੀ ਤੇ ਫਿਰ ਚਿੱਠੀ ਬਲਵੀਰ ਦੇ ਹੱਥੋਂ ਫੜਕੇ ਚੁਲ੍ਹੇ 'ਚ ਲਟ-ਲਟ ਬਲ ਰਹੀ ਅੱਗ 'ਚ ਸੁੱਟਦੀ ਉਹ ਆਪ ਵੀ ਮੂੰਹੋਂ ਅੱਗ ਉਗਲੱਛਣ ਲੱਗ ਪਈ—

'ਵੇਖ ਖਾਂ! ਮੇਰੇ ਕਾਲਜੇ ਲੂਣ ਮ ਕੇ..ਹੁਣ ਮੇਮੋ ਠੱਗਣੀ ਕਿਵੇਂ ਮਿੱਠੀਆਂ ਮਾਰਦੀ ਐ ਮੋਹ ਨਹੀਂ, ਅਸੀਂ ਉਹਨਾਂ ਨੂੰ ਸੱਤਾਂ-ਚੁਲ੍ਹਿਆਂ ਦੀ ਸੁਆਹ ਦਿੰਦੇ ਆਂ...।'

'ਤਾਈ! ਤੇਰੀ ਨੂੰਹ ਕਿਰਣ ਸਚ ਨਾਲ ਈ ਬਹੁਤ ਸਿਆਣੀ ਐ...।'

ਬਲਵੀਰ ਦੇ ਦੱਸਣ ਮੁਤਾਬਕ ਉਸਨੇ ਬਲਵੀਰ ਦੀ ਗੱਲ ਪੂਰੀ ਵੀ ਨਹੀਂ ਹੋਣ ਦਿਤੀ ਸੀ ਤੇ ਮੇਰੇ ਤੇ ਨਜ਼ਲਾ ਝਾੜਨ ਲੱਗ ਪਈ ਸੀ।

'ਕੁੜੇ ਬੀਰੋ! ਤੂੰ ਉਸ ਧੌਤੇ ਖੁਰਾਂ ਵਾਲੀ ਬਾਰੇ ਨਹੀਂ ਜਾਣਦੀ। ਅਸੀਂ ਜਾਣਦੇ ਆਂ, ਉਹ ਧੋਤੇ ਖੁਰਾਂ ਵਾਲੀ ਬੰਦੇ ਖਾਣੀ ਡੈਣ ਐ, ਨਿਰੀ ਡਾਇਣ।' ਉਸ ਕੁਲਹਿਣੀ ਨੇ ਪਹਿਲਾਂ ਆਵਦਾ ਜੰਮਣ ਵਾਲਾ ਖਾਧਾ, ਫੇਰ ਆਵਦਾ ਭਰਾ ਖਾਧਾ.. ਫੇਰ ਆਵਦੀ ਜੰਮਣ ਵਾਲੀ ਖਾਧੀ। ਹੁਣ ਉਸਨੇ ਸਾਡਾ ਪਾਲਾ ਵੀ ਸਾਥੋਂ ਖੋਹ ਲਿਆ। ਛੱਡਣਾ ਪਾਲੇ ਨੂੰ ਵੀ ਨਹੀਂ ਉਸ ਬੰਦੇ ਖਾਣੀ ਡਾਇਣ ਨੇ...।'

ਬਲਵੀਰ ਦੇ ਮੂੰਹੋਂ ਸੁਣੇ, ਮੇਰੀ ਸੱਸ ਦੇ ਬੋਲ-ਕਬੋਲ, ਮੇਰੇ ਦਿਲ ਦੇ ਚਾਵਾਂ ਅਤੇ ਭਾਵਨਾਵਾਂ ਨੂੰ ਇਕ ਤਰ੍ਹਾਂ ਕੋਲੇ ਈ ਬਣਾ ਗਏ ਸਨ। ਮੇਰੇ ਕੋਲੇ ਹੋਏ ਦਿਲ ਤੇ ਹਰਪਾਲ ਦੇ ਨਹੋਰੇ ਦਾ ਵੱਖਰਾ ਪ੍ਰਭਾਵ ਪਿਆ।

'ਕਿਉਂ ਕਿਰਣ! ਮਿਲ ਗਈ ਸੁਖ-ਸਾਂਦ ਸੱਸ ਸਹੁਰੇ ਦੀ, ਜੇ ਹਾਲੇ ਕੋਈ ਕਸਰ ਰਹਿੰਦੀ ਐ ਤਾਂ ਇਕ ਹੋਰ ਪ੍ਰੇਮ ਪੱਤਰ ਲਿਖਕੇ ਫੜਾ ਬਲਵੀਰ ਨੂੰ...'

ਮੈਨੂੰ, ਹਰਪਾਲ ਦੇ ਆਪਣੀ ਮਾਤਾ-ਪਿਤਾ ਦੇ ਪੱਥਰ ਦਿਲ ਬਾਰੇ ਦੱਸੀ ਗੱਲ ਬਿਲਕੁਲ ਸੱਚੀ ਜਾਪਣ ਲੱਗ ਪਈ ਸੀ। ਤੁਸੀਂ ਈ ਦੱਸੋ ਕਿ ਮੇਰੀ ਸੱਸ ਦੇ ਬੋਲਾਂ ਕਬੋਲਾਂ ਕੋਲੋਂ ਮੇਰਾ ਦਿਲ ਛਾਣਨੀ ਹੋਣੋ ਕਿਵੇਂ ਰਹਿ ਸਕਦਾ ਸੀ। ਮੈਂ ਆਪਣੇ ਦਿਲ 'ਚ ਸੱਸ-ਸਹੁਰੇ ਦੇ ਮੋਹ ਦੀ ਭੁੱਖ ਨੂੰ ਇਕ ਤਰ੍ਹਾਂ ਭੁੱਬਲ ਵਾਂਗ ਦਬਾ ਲਿਆ ਤੇ ਮੈਂ ਆਪਣੇ ਦਿਲ ਨੂੰ ਇਹ ਸੋਚ ਕੇ ਤਸੱਲੀ ਦੇਣ ਲੱਗ ਪਈ 'ਚੱਲੋ! ਮੇਰਾ ਹਰਪਾਲ ਈ ਜੀਉਂਦਾ ਰਹੇ..' ਹਰਪਾਲ ਦੇ ਸਾਥ ਨਾਲ, ਮੇਰੀ ਜ਼ਿੰਦਗੀ ਅੰਦਰਲੀ ਉਦਾਸ ਉਦਾਸ ਜਿਹੀ ਇਕੱਲ ਇਕ ਤਰ੍ਹਾਂ ਮੁੱਕ ਗਈ ਸੀ। ਮੈਨੂੰ ਘਰ ਭਾਂਅ-ਭਾਂਅ ਕਰਦਾ ਲੱਗਣੋਂ ਹੱਟ ਗਿਆ ਸੀ। ਮੈਂ ਤਾਂ ਖੁਸ਼ੀ ਨਾਲ ਭਰੀ ਭਰੀ ਸਕੂਲ ਨੂੰ ਚਲੀ ਜਾਂਦੀ ਸਾਂ। ਹਰਪਾਲ, ਪਾਰਟੀ ਦੇ ਕੰਮ ਧੰਦੇ ਚਲਾ ਜਾਂਦਾ ਸੀ। ਜਿਸ ਰਾਤ, ਉਸ ਨੂੰ ਪਾਰਟੀ ਦੇ ਕੰਮ-ਧੰਦੇ ਕਾਰਣ ਬਾਹਰ ਰਹਿਣਾ ਪੈਂਦਾ, ਉਸ ਰਾਤ ਮੈਨੂੰ ਇਕੱਲ ਫੇਰ ਮਹਿਸੂਸ ਹੋਣ ਲੱਗ ਪੈਂਦੀ। ਰਾਤ, ਪਹਿਲੀਆਂ ਰਾਤਾਂ ਨਾਲੋਂ ਵੱਡੀ ਜਾਪਣ ਲੱਗ ਪੈਂਦੀ। ਮੇਰਾ ਦਿਲ ਖੁੱਸਣ ਜਿਹਾ ਲੱਗ ਪੈਂਦਾ। ਇਹੋ ਜਿਹੀ ਹਾਲਤ 'ਚ ਘਿਰੀ ਨੂੰ, ਮੇਰੇ ਮਨ ਨੇ ਇੱਕ ਰਾਤ ਆਖਿਆ—

—ਹਰਪਾਲ ਨੂੰ ਆਖ ਖਾਂ ਐਵੇਂ ਰਾਤਾਂ ਬਾਹਰ ਨਾ ਕੱਟਿਆ ਕਰੇ.. ਹੁਣ ਰਜਾਈ ਮੂੰਹ ਤੇ ਲੈ ਕੇ ਬੁਸ-ਬੁਸ ਕਰੀ ਜਾਨੀ ਐਂ..।'

ਮੇਰੇ ਮਨ ਨੇ ਮੈਨੂੰ ਇਹ ਸ਼ਬਦ ਹਾਲੇ ਆਖੇ ਈ ਸਨ ਕਿ ਇੰਨੇ ਨੂੰ ਸਵਰਨੇ ਦਾ ਗਿਲੇ ਭਰਿਆ ਆਕਾਰ ਮੇਰੀ ਸੋਚ 'ਚ ਉਭਰ ਆਇਆ। ਸਵਰਨੇ ਦਾ ਆਕਾਰ ਕਹਿੰਦਾ ਜਾਪਿਆ

'ਕਿਰਲੀਏ-ਮਿਰਨੀਏ! ਕੀ ਹੋ ਗਿਆ ਜੇ ਹਰਪਾਲ ਦਾ ਤੇਰੇ ਨਾਲ ਵਿਆਹ ਹੋ ਗਿਆ। ਪਰ ਤੇਰੇ ਨਾਲੋਂ ਪਾਰਟੀ ਦਾ ਹਰਪਾਲ ਤੇ ਵੱਧ ਅਧਿਕਾਰ ਐ। ਤੈਨੂੰ ਮੇਰੇ, ਬਾਪੂ ਅਤੇ ਬੇਬੇ ਬਿਨਾਂ ਸਰ ਗਿਆ, ਪਰ ਹਰਪਾਲ ਬਿਨਾਂ ਤੈਨੂੰ

ਰਾਤ ਲੰਘਾਉਣੀ ਵੀ ਮੁਸ਼ਕਲ ਬਣ ਜਾਂਦੀ ਐ...।' ਇਹ ਕਹਿੰਦਾ ਹੋਇਆ ਸਵਰਨ ਦਾ ਆਕਾਰ ਮੇਰੀ ਹਾਲਤ ਤੇ ਗਿਲੇ ਭਰੀ ਮੁਸਕਰਾਹਟ ਡੋਲ੍ਹਦਾ ਪਹਿਲਾਂ ਵਾਂਗ ਬੋਲਦਾ ਰਿਹਾ,

'.. ਤੈਨੂੰ ਇਉਂ ਬਰਫ਼ ਵਾਂਗੂ ਖੁਰਦੀ ਰਹਿਣਾ ਨਹੀਂ ਚਾਹੀਦਾ। ਫੇਰ ਵੀ ਤੂੰ ਉਸ ਬਾਪੂ ਦੀ ਧੀ ਐਂ, ਜਿਹੜਾ ਅੱਜ ਦੇ ਮਲਿਕ ਭਾਗੋਆਂ ਦੇ ਸਫ਼ਾਏ ਖਾਤਰ ਹਥਿਆਰ ਬਣਾਉਣ 'ਚ ਅਲ੍ਹਾਹੀ ਖੁਸ਼ੀ ਮਹਿਸੂਸ ਕਰਦਾ ਸੀ। ਫੇਰ ਵੀ ਤੂੰ ਉਸ ਭਰਾ ਦੀ ਭੈਣ ਐਂ ਜਿਹੜਾ ਅੰਤਮ ਦਮ ਤੱਕ ਮਜ਼ਦੂਰਾਂ ਅਤੇ ਦੱਬੇ-ਕੁਚਲੇ ਲੋਕਾਂ ਦੀ ਮੁਕਤੀ ਖਾਤਰ ਲੜਦਾ ਰਿਹਾ ...।'

ਸਵਰਨੇ ਦੇ ਅਕਾਰ ਦੇ ਇਹ ਸ਼ਬਦ ਮੇਰੀ ਜ਼ਮੀਰ ਤੇ, ਮੈਨੂੰ ਭਿੱਜੀ ਜੁੱਤੀ ਵਾਂਗ ਵਰ੍ਹਦੇ ਮਹਿਸੂਸ ਹੋਣ ਲੱਗ ਪਏ ਸਨ। ਮੈਂ ਮੰਜੇ ਤੇ ਪਈ-ਪਈ ਉਠਕੇ ਬੈਠ ਗਈ ਸਾਂ, ਅਤੇ ਇਕ ਮੁਜਰਿਮ ਵਰਗੀ ਆਵਾਜ਼ 'ਚ ਬੁੜ-ਬੁੜਾਉਣ ਲੱਗ ਪਈ ਸਾਂ,

'ਵੀਰ ਸਵਰਨੇ! ਮੁਆਫ਼ ਕਰ ਦੇ ਆਪਣੀ ਕਮਲੀ ਭੈਣ ਕਿਰਣੀ-ਮਿਰਨੀ ਨੂੰ। ਮੈਂ ਬਹੁਤ ਈ ਕਸੂਤੀ ਸੋਚਣੀ ਦੀ ਸ਼ਿਕਾਰ ਹੋ ਚਲੀ ਸਾਂ। ਤੂੰ ਮੁਆਫ਼ ਕਰ ਦੇ ਵੀਰਿਆ! ਸੱਚ ਨਾਲ ਈ ਮੇਰੇ ਨਾਲੋਂ ਹਰਪਾਲ ਤੇ ਪਾਰਟੀ ਦਾ ਵੱਧ ਅਧਿਕਾਰ ਏ। ਏਸ ਅਧਿਕਾਰ ਨੂੰ ਮੈਂ ਆਪਣੀ ਨਿੱਜੀ ਲਾਲਸਾ ਦਾ ਸ਼ਿਕਾਰ ਨਹੀਂ ਹੋਣ ਦੇਵਾਂਗੀ ਤੂੰ ਹੁਣ ਬੱਸ ਵੀ ਕਰ ਵੀਰਿਆ। ਆਪਣੀ ਕਮਲੀ ਭੈਣ ਨੂੰ ਮੁਆਫ਼ ਕਰ ਦੇ। ਮੇਰੀ ਜ਼ਮੀਰ ਬੱਸ ਹਲਾਲ ਹੋ ਚੱਲੀ ਏ ..।'

ਉਸ ਰਾਤ ਤੋਂ ਬਾਦ ਮੈਂ ਕਦੇ ਵੀ ਹਰਪਾਲ ਦੇ ਰਾਤ ਨੂੰ ਬਾਹਰ ਰਹਿਣ ਤੇ ਨਹੀਂ ਝੂਰੀ ਸਾਂ। ਸਗੋਂ ਉਸ ਰਾਤ ਤਾਂ ਸਵਰਨ ਦਾ ਹਸੂੰ-ਹਸੂੰ ਕਰਦਾ ਆਕਾਰ ਮੈਨੂੰ ਹੌਂਸਲਾ—ਦ੍ਰਿੜ੍ਹਤਾ ਦਾ ਬਲ ਦਿੰਦਾ ਰਹਿੰਦਾ ਸੀ।

ਮੈਨੂੰ ਹਰਪਾਲ ਦੇ ਮੋਹ ਤੇ ਵੀ ਅਥਾਹ ਵਿਸ਼ਵਾਸ ਸੀ। ਮੇਰੇ ਅਥਾਹ ਵਿਸ਼ਵਾਸ ਨੂੰ ਠੇਸ ਉਸ ਦਿਨ ਲੱਗੀ ਜਿਸ ਦਿਨ ਹਰਪਾਲ ਦੀ ਹਰਿਆਣੇ 'ਚ ਵਿਆਹੀ ਭੈਣ ਸੁਖਪਾਲ ਬਲਵੀਰ ਦੇ ਨਾਲ ਸਾਡੇ ਘਰ ਆਈ ਸੀ। ਠੇਸ ਸੁਖਪਾਲ ਦੇ ਆਉਣ ਨਾਲ ਨਹੀਂ ਸੀ ਲੱਗੀ। ਸੁਖਪਾਲ ਦੇ ਆਉਣ ਨਾਲ ਤਾਂ ਸਗੋਂ ਮੈਨੂੰ ਇਉਂ ਮਹਿਸੂਸ ਹੋਇਆ ਸੀ ਜਿਵੇਂ ਉਹ ਦਿਨ ਬਹੁਤ ਈ ਭਾਗਾਂ ਵਾਲਾ ਦਿਨ ਸੀ। ਮੈਨੂੰ ਸੁਖਪਾਲ ਦੇ ਆਉਣ ਦਾ ਬੇਹੱਦ ਚਾਅ ਚੜ੍ਹਿਆ ਸੀ। ਚਾਅ

ਦੀ ਖੁਆਰੀ 'ਚ ਮੈਂ ਪਲਾਂ 'ਚ ਸੋਚ ਗਈ ਸਾਂ,—ਸੁਖਪਾਲ ਲਈ ਮੈਂ ਦੇਸੀ ਘਿਉ ਦਾ ਪ੍ਰਸ਼ਾਦ ਅਤੇ ਖੀਰ ਬਣਾਵਾਂਗੀ ਤੇ ਜਾਂਦੀ ਹੋਈ ਸੁਖਪਾਲ ਨੂੰ ਵਧੀਆ ਟੈਰੀਕਾਟ ਦਾ ਸੂਟ ਦੇਵਾਂਗੀ...।

ਖੈਰ ! ਮੈਂ ਦੇਸੀ ਘਿਉ ਦਾ ਪ੍ਰਸ਼ਾਦ ਅਤੇ ਖੀਰ ਵੀ ਬਣਾਈ ਅਤੇ ਵਾਪਿਸ ਮੁੜਦੀ ਸੁਖਪਾਲ ਨੂੰ ਵਧੀਆ ਟੈਰੀਕਾਟ ਦਾ ਸੂਟ ਵੀ ਲੈ ਕੇ ਦੇ ਦਿੱਤਾ। ਪਰ ਪਹਿਲੇ ਚਾਅ ਨਹੀਂ, ਮੇਰੇ ਪਹਿਲੇ ਚਾਅ ਦਾ ਰੰਗ ਤਾਂ ਸੁਖਪਾਲ ਦੇ ਇਹ ਸ਼ਬਦ ਈ ਚੱਟ ਗਏ ਸਨ,

'ਨੀ ਕੁੜੇ ਬਹੂ। ਪਤਾ ਨਹੀਂ ਤੂੰ ਸਾਡੇ ਪਾਲੇ ਦੇ ਸਿਰ 'ਚ ਕੀ ਘੋਲ ਕੇ ਪਾਇਆ, ਡੁਬੜੇ ਨੇ ਲੱਤ ਈ ਨਾ ਲਾਈ। ਮੈਂ ਇਹਨੂੰ ਘੋੜੀ-ਜੋੜੀ ਨਾਲ ਬਰਾੜਾਂ ਦੇ ਗੋਤ ਦਾ ਸਾਕ ਕਰਵਾਉਣ ਖਾਤਰ ਵਾਹੁਣੇ-ਵਾਹ ਰਟੀ।...ਪਰ ਡੁੱਬੜਾ। ਇਕੋ ਲੱਤ ਤੇ ਗਿਆ...'

ਸੁਖਪਾਲ ਦੀ, ਜ਼ਮੀਰ ਨੂੰ ਝੰਜੋੜਨ ਵਾਲੇ ਕਰੰਟ ਵਰਗੀ ਗੱਲ ਦੇ ਜੁਆਬ 'ਚ ਮੈਂ ਹਾਲੇ ਬੋਲਣ ਈ ਲੱਗੀ ਸਾਂ ਕਿ ਮੇਰੇ ਬੋਲਣ ਤੋਂ ਪਹਿਲਾਂ ਈ ਹਰਧਾਲ ਮੇਰੇ ਉਤਰੇ ਮੂੰਹ ਵਲ ਤੱਕਦਾ, ਸੁਖਪਾਲ ਨੂੰ ਆਖਣ ਲੱਗਾ,

'ਸੁਖਪਾਲ ! ਤੂੰ ਘੋੜੀ ਜੋੜੀ ਦੇ ਮਾਰ ਗੋਲੀ.. ਇਉਂ ਦੱਸ ਕਿਰਣ ਹੈ ਨਾਂ ਤੀਜ ਦੇ ਚੰਦ ਵਰਗੀ ?'

'ਵੇ ! ਹੈ ਤਾਂ ਤੀਜ ਦੇ ਚੰਦ ਵਰਗੀ..?'

'ਫੇਰ ਸੁਖਪਾਲ ਬਾਕੀ ਕਸਰ ਕੀ ਐ ?' ਚੁੱਪ ਬੈਠੀ ਬਲਵੀਰ ਨੇ ਸਵਾਲ ਕੀਤਾ।

'ਕਸਰ ਤਾਂ ਕੁੜੇ ਬੀਰੋ ! ਬਸ ਇਹੋ ਐ.. ਵਈ ਇਹਦਾ ਨਾਉਂ ਤਾਂ ਕਰਿਆੜੀਆਂ ਵਾਲੈ.. ਭਲਾ ਕਿਰਣ ਬਾਲਾ ਵੀ ਕੋਈ ਨਾਵਾਂ 'ਚ ਨਾਉਂ ਐ..।'

'ਮੇਰਾ ਨਾਉਂ ਕਰਿਆੜੀਆਂ ਵਾਲਾ ਈ ਹੋਣੈ, ਜਦੋਂ ਮੈਂ ਕੁੜੀ ਕਰਿਆੜਾਂ ਦੀ..।' ਸੁਖਪਾਲ ਦੀ ਕਰੰਟ ਵਰਗੀ ਗੱਲ ਨਾਲ ਦਿਲ 'ਚ ਵੱਜੇ ਝੰਜੋੜੇ ਦੀ ਪੀੜ ਨੂੰ ਮੈਂ ਅੰਦਰੋ ਅੰਦਰ ਪੀਂਦੀ ਬੱਸ ਇਹੋ ਆਖ ਸਕੀ ਸਾਂ। ਮੇਰੀ ਇਸ ਗੱਲ ਦੇ ਜੁਆਬ 'ਚ ਸੁਖਪਾਲ ਨੇ ਆਪਣਾ ਜੁਆਬ ਇੱਟ ਵਾਂਗ ਵਗਾਹ ਮਾਰਿਆ ਸੀ,

'ਕੁੜੇ ! ਤੂੰ ਹੁਣ ਕਰਿਆੜੀ ਨਹੀਂ ਰਹੀ, ਜੱਟਾਂ ਦੀ ਬਹੂ ਬਣ ਗਈ ਐਂ।'

ਸੁਖਪਾਲ ਦੀ ਵਗਾਹ ਕਿ ਮਾਰੀ ਇੱਟ ਵਰਗੀ ਗੱਲ ਦਾ ਮੈਨੂੰ ਕੋਈ ਢੁਕਵਾਂ

ਜੁਆਬ ਨਾ ਅੌੜਿਆ। ਬਲਵੀਰ ਵੀ ਚੁੱਪ ਰਹੀ। ਹਰਪਾਲ ਮੁਸਕਟਾਉਂਦਾ ਹੋਇਆ ਬੋਲਿਆ

'ਲੈ ਸੁਖੀਏ। ਇਹ ਵੀ ਕੋਈ ਗੱਲਾਂ 'ਚੋਂ ਗੱਲ ਐ.. ਤੂੰ ਆਵਦੀ ਭਾਬੀ ਦਾ ਨਾਉਂ ਮਨ ਮਰਜ਼ੀ ਦਾ ਰੱਖ ਲੈ...'

ਹਰਪਾਲ ਦੇ ਮੂੰਹੋਂ ਨਿਕਲੇ ਸ਼ਬਦ...'ਇਹ ਵੀ ਕੋਈ ਗੱਲਾਂ 'ਚੋਂ ਗੱਲ ਐ', ਮੇਰੇ ਦਿਲ ਨੂੰ ਸਰਕੜੇ ਦੀ ਕੰਡ ਵਾਂਗ ਪੱਛ ਗਏ ਤੇ ਮੈਂ ਮਨ ਈ ਮਨ 'ਚ ਸੋਚ ਗਈ,

'ਹਰਪਾਲ ਦੇ ਭਾਅ ਦੀ ਇਹ, ਕੋਈ ਗੱਲਾਂ 'ਚੋਂ ਗੱਲ ਨਹੀ।...ਹਰਪਾਲ ਦੀ ਹੋਛੀ ਸਮਝ ਨਹੀਂ ਵੇਖ ਸਕੀ ਕਿ ਮੇਰੇ ਨਾਂਉਂ, ਕਿਰਣ ਬਾਲਾ ਦੀਆਂ ਜੜ੍ਹਾਂ ਕਿਵੇਂ ਉਨ੍ਹਾਂ ਲਾਡਾਂ ਚਾਵਾਂ ਦੀ ਧਰਤੀ 'ਚ ਲੱਗੀਆਂ ਹੋਈਆਂ ਨੇ, ਜਿਨ੍ਹਾਂ ਲਾਡਾਂ ਚਾਵਾਂ ਨਾਲ ਮੇਰੇ ਮਾਪਿਆਂ ਨੇ ਮੇਰਾ ਨਾਉਂ ਇਹ ਧਰਿਆ ਸੀ। ਸੁਖਪਾਲ ਅਤੇ ਹਰਪਾਲ ਨੇ ਕਿਰਨ ਬਾਲਾ ਤੋਂ ਬਦਲਕੇ ਮੇਰਾ ਨਾਉਂ ਜਿਸ ਸਮੇਂ ਗੁਰਬਚਨ ਕੌਰ ਧਰਿਆ ਸੀ, ਉਸ ਸਮੇਂ ਸੋਚ ਨਾਲ ਈ ਮੇਰਾ ਦਿਲ ਇਉਂ ਤੜਪਿਆ ਸੀ ਜਿਵੇਂ ਮੇਰੇ ਦਿਲ 'ਚੋਂ ਉਹਨਾਂ ਨੇ ਰੁੱਗ ਭਰ ਲਿਆ ਹੁੰਦੈ ਤੇ ਮੈਂ ਆਪਣੇ ਦਿਲ ਦੀ ਤੜਪ ਨੂੰ ਦਿਲ ਈ ਦਿਲ 'ਚ ਪੀ ਗਈ ਸਾਂ। ਮੇਰੀਆਂ ਸੋਚਾਂ 'ਚ ਮੇਰੇ ਬਾਪੂ, ਮਾਂ ਅਤੇ ਵੀਰ ਹੋਰਾਂ ਦੇ ਆਕਾਰ ਉੱਭਰ ਆਏ ਸਨ। ਨਿਮੋਝੂਣੇ ਹੋਏ ਆਕਾਰ ਮੈਨੂੰ ਕੁਰਲਾਉਂਦੇ ਜਾਪਣ ਲੱਗ ਪਏ ਸਨ,

'ਰੀਝਾਂ...ਚਾਵਾਂ ਨਾਲ ਰੱਖਿਆ ਨਾਉਂ ਵੀ ਨਿਕਰਮੀਏ ਤੈਥੋਂ ਡਾਢਿਆਂ ਨੇ ਖੋਹ ਲਿਆ।...ਅੱਜ ਤੋਂ ਤੂੰ ਗੁਰਬਚਨ ਕੌਰ ਬਣਾਈ ਗਈ ਐਂ। ਤੈਨੂੰ ਹੁਣ ਕਿਸੇ ਨੇ ਕਿਰਣਾਂ, ਕਿਰਣ ਤੇ ਕਿਰਣੀ-ਮਿਰਣੀ ਨਹੀਂ ਆਖਣਾ। ਤੇਰੇ ਨਾਲ ਸਾਡੀ ਬਚਦੀ ਖੁਚਦੀ ਸਾਂਝ ਦੀ ਜੜ੍ਹ ਵੀ ਪੁੱਟ ਦਿੱਤੀ ਐ।'

ਨਾ ਤਾਂ ਉਹਨਾਂ ਦੇ ਆਕਾਰ ਮੇਰੀਆਂ ਸੋਚਾਂ 'ਚੋਂ ਪਾਸੇ ਹੋਏ ਸਨ, ਤੇ ਨਾ ਈ ਉਨ੍ਹਾਂ ਦੇ ਆਕਾਰ ਦੀ ਕੁਰਲਾਹਟ। ਉਨ੍ਹਾਂ ਦੇ ਆਕਾਰਾਂ ਦੀ ਕੁਰਲਾਹਟ ਨੇ ਮੇਰੀ ਚੈਨ ਦਾ ਖਹਿੜਾ ਉਦਣ ਦੀ ਅੱਧੀ ਰਾਤ ਤੱਕ ਨਹੀਂ ਸੀ ਛੱਡਿਆ। ਅੱਧੀ ਤੋਂ ਬਾਦ ਜਦ ਮੈਂ ਸੁੱਤੀ ਸਾਂ ਤਾਂ ਮੈਨੂੰ ਸੁੱਤੀ ਪਈ ਨੂੰ ਸੁਪਨਾ ਵੀ ਉਸੇ ਊਨ੍ਹ ਝੇਵੇਂ ਦਾ ਆਇਆ ਸੀ। ਸੁਪਨਾ ਕੀ ਸੀ ? ਲਓ ਸੁਣੋ... ਜਾਣੀ ਕਿ ਮੈਂ ਆਪਣੀ ਮਾਂ, ਪਿਉ ਅਤੇ ਵੀਰੇ ਹੋਰਾਂ ਦੇ ਵਿਚਕਾਰ ਬੈਠੀ ਹੋਵਾਂ। ਮੈਨੂੰ ਉਹ ਲਾਡ ਨਾਲ

ਕਿਰਣੀ-ਮਿਰਣੀ ਕਿਰਣ ਅਤੇ ਕਿਰਣਾਂ ਆਖਕੇ ਖੁ...ਆਂ ਦਾ ਸਿਲਸਿਲਾ ਗੱਲਾਂ ਕਰੀ ਜਾ ਰਹੇ ਹੋਣ। ਅਚਾਨਕ ਉਹ ਮੈਨੂੰ ... ਹਾਂ ਪੱਖੀ ਪੈਂਦਾ ਸ਼ਿਤਮ ਹੋ ਗਏ ਹੋਣ। ਮੈਨੂੰ ਉਹਨਾਂ ਦੀਆਂ ਮਿੱਠੜੀਆਂ ਗੱਲਾਂ ... ਬਦਲਣੇ ਹੋਣ। ਮੈਂ ਇਕ-ਦਮ ਰੋਹੀ-ਬੀਆਬਾਨ 'ਚ ਪਹੁੰਚ ਗਈ ਹੋਵਾਂ। ... ਭਟਕਣਾ ਉਹਨਾਂ ਦੇ ਸੁਣਾਈ ਦੇ ਰਹੀ ਮਿੱਠੜੀ ਅਵਾਜ਼ ਨਾਲ ਇਉਂ ... ਰੁਖ ਰਹੀ ਹੋਵੇ ਜਿਵੇਂ ਪਿਆਸੇ ਮਰ ਰਹੇ ਬੰਦੇ ਦੇ ਮੂੰਹ 'ਚ ਕਿਸੇ ਅਣਜਾਣੀ ...ਈ ਪਾਣੀ ਦਾ ਤੁਪਕਾ-ਤੁਪਕਾ ਡਿੱਗਣ ਨਾਲ ਉਸ ਬੰਦੇ ਦੀ ਪਿਆਸ ਬੁਝਦੀ ਪੈਂਦੀ ਏ। ਫੇਰ ਅਚਾਨਕ ਅਸਮਾਨ 'ਚ ਬਿਜਲੀ ਗਰਜਣ ਲੱਗ ਪਈ ਹੋ ਤੇ ਮੈਂ ਬਾਉਰਿਆਂ ਵਾਂਗੂ ਇੱਧਰ-ਉਧਰ ਭੱਜਣ ਲੱਗ ਪਈ ਹੋਵਾਂ। ਪਰ ਮੈਨੂੰ ਉ... ਦੀ ਮਿੱਠੜੀ ਆਵਾਜ਼ ਕਿਸੇ ਪਾਸਿਓਂ ਵੀ ਸੁਣਾਈ ਨਾ ਦੇ ਰਹੀ ਹੋਵੇ। ਬਿਜਲੀ ਅਤੇ ਬੱਦਲਾਂ ਦੀ ਗੜ੍ਹ-ਗੜਾਹਟ ਮੇਰੇ ਸਿਰ 'ਚ ਹਥੌੜੇ ਦੀਆਂ ਸੱਟਾਂ ਵਾਂਗ ਵੱਜਣ ਲੱਗ ਪਈ ਹੋਵੇ...

ਇਸ ਸੁਪਨੇ ਦੀ ਲੜੀ ਮੇਰੀ ਅੱਖ ਖੁੱਲ੍ਹ ਜਾਣ ਕਰਕੇ ਜਿਸ ਸਮੇਂ ਟੁੱਟੀ ਸੀ, ਤੁਸੀਂ ਸੋਚ ਨਾਲ ਈ ਯਕੀਨ ਕਰਨਾ ਮੈਨੂੰ ਉਸ ਸਮੇਂ ਬੇਹੱਦ ਪਿਆਸ ਲੱਗੀ ਸੀ। ਮੈਂ ਉਠਕੇ ਦੋ ਗਲਾਸ ਪਾਣੀ ਦੇ ਪੀਤੇ ਸਨ, ਪਰ ਮੇਰੇ ਦਿਲ ਨੂੰ ਸ਼ਾਂਤੀ ਨਹੀਂ ਆਈ ਸੀ ਤੇ ਮੇਰੀ ਨਜ਼ਰ ਕਮਰੇ ਦੀ ਅੰਦਰਲੀ ਕੰਧ ਵਿਚਲੀ ਕਿੱਲੀ 'ਚ ਲਟਕਦੇ ਲਾਲ ਫੁੱਲਾਂ ਦੇ ਉਹਨਾਂ ਹਾਰਾਂ ਨਾਲ ਜਾ ਟਕਰਾਈ ਸੀ, ਜਿਹੜੇ ਮੇਰੇ ਅਤੇ ਹਰਪਾਲ ਦੇ ਉਸ ਦਿਨ ਗਲ ਵਿਚ ਪਾਏ ਸਨ, ਜਿਸ ਦਿਨ ਸਾਡਾ ਵਿਆਹ ਹੋਇਆ ਸੀ। ਮੇਰੇ ਨਾਲ ਵਾਲੇ ਮੰਜਿਆਂ 'ਤੇ ਹਰਪਾਲ ਤੇ ਸੁਖਪਾਲ ਗੂੜ੍ਹੀ ਨੀਂਦ ਸੁੱਤੇ ਪਏ ਸਨ, ਪਰ ਮੇਰੀ ਨਜ਼ਰ ਇਕ ਤਰ੍ਹਾਂ ਲਮਕਦੇ ਫੁੱਲਾਂ ਦੇ ਹਾਰਾਂ ਤੇ ਟਿਕ ਈ ਗਈ ਸੀ ਤੇ ਮੈਨੂੰ ਇਉਂ ਜਾਪਣ ਲੱਗ ਪਿਆ ਸੀ ਜਿਵੇਂ ਹਾਰਾਂ ਦੇ ਫੁੱਲਾਂ ਦਾ ਰੰਗ ਪਹਿਲਾਂ ਨਾਲੋਂ ਕੁਝ ਨਾ ਕੁਝ ਫਿੱਕਾ ਪੈ ਗਿਆ ਹੋਵੇ। ਮੈਂ ਪਤਾ ਨਹੀਂ ਬਾਉਰਿਆਂ ਵਾਂਗ ਉਸ ਰਾਤ ਫੁੱਲਾਂ ਦੇ ਹਾਰਾਂ ਵੱਲ ਹੋਰ ਕਿੰਨਾ ਕੁ ਸਮਾਂ ਤੱਕਦੀ ਰਹਿੰਦੀ ਜੇ ਅਚਾਨਕ ਬਿਜਲੀ ਨਾ ਚਲੀ ਗਈ ਹੁੰਦੀ।..

ਜੁਆਬ ਨਾ ਔੜਿਆ। ਬਲ

ਹੋਇਆ ਬੋਲਿਆ

'ਲੈ ਸੁਖੀਏ

ਦਾ ਨਾਉਂ ਮ

ਛੇ

ਐਂ, :

ਸੋਚ ... ਤੇ ਹਾਂ ! ਕਮਰੇ ਦੀ ਕੰਧ ਤੇ ਲਮਕਦੇ ਹਾਰਾਂ ਦੇ ਫੁੱਲਾਂ ਦਾ ਰੰਗ ਨੀਂ ਦਿਨੀਂ ਮੈਨੂੰ ਪਹਿਲਾਂ ਨਾਲੋਂ ਵੱਧ ਫਿੱਕਾ-ਫਿੱਕਾ ਲੱਗਣ ਲੱਗ ਪਿਆ ਸੀ, ਦੀਜਨ੍ਹੀ ਦਿਨੀਂ ਹਰਪਾਲ ਜੇਲ੍ਹ 'ਚੋਂ ਰਿਹਾਅ ਹੋ ਕੇ ਆਇਆ ਸੀ। ਮੇਰੀ ਇਹ ਗੱਲ ਸੁਣ ਕੇ ਤੁਹਾਡੇ ਮਨ 'ਚ ਸਵਾਲ ਖੜੇ ਹੋਣੇ ਲਾਜ਼ਮੀ ਨੇ ਕਿ ਹਰਪਾਲ ਫੜਿਆ ਕਿਉਂ ਗਿਆ ਸੀ ? ਤੇ ਹਰਪਾਲ ਦੇ ਰਿਹਾਅ ਹੋਣ 'ਤੇ ਮੈਨੂੰ ਖੁਸ਼ੀ ਹੋਣ ਦੀ ਥਾਂ ਤੇ ਹਾਰਾਂ ਦੇ ਫੁੱਲਾਂ ਦਾ ਲਾਲ ਰੰਗ ਫਿੱਕਾ ਕਿਉਂ ਲੱਗਣ ਲੱਗ ਪਿਆ ਸੀ ? ..ਤੁਹਾਡੇ ਇਹਨਾਂ ਸਵਾਲਾਂ ਦਾ ਜਵਾਬ ਈ ਦੱਸਣ ਲੱਗੀਆਂ ਮੈਂ ਹੁਣ

ਸੰਨ ਉਨੀ ਸੌ ਪਝੱਤਰ 'ਚ ਲੋਕਾਂ ਦੀ ਰੱਤ ਚੂਸਣ ਵਾਲੀ ਹਕੂਮਤ ਨੇ ਐਮਰਜੈਂਸੀ ਲਾਈ ਸੀ ਨਾ ? ਪਾਰਟੀ ਨਾਲ ਸੰਬੰਧਤ ਲੋਕਾਂ ਦੇ ਘਰੀਂ ਛਾਪੇ ਪੈਣ ਲੱਗ ਪਏ ਸਨ। ਪਾਰਟੀ ਦੇ ਮੈਂਬਰਾਂ, ਸਰਗਰਮਾਂ ਅਤੇ ਹਮਦਰਦਾਂ ਦੀ ਫੜੋ-ਫੜ ਈ ਸ਼ੁਰੂ ਹੋ ਗਈ ਸੀ। ਪਾਰਟੀ ਨਾਲ ਅੰਦਰੂਨੀ ਤੌਰ ਤੇ ਜੁੜੀਆਂ ਜਨਤਕ ਜਥੇਬੰਦੀਆਂ ਦੇ ਕਿੰਨੇ ਈ ਬੰਦੇ ਫੜੇ ਗਏ ਸਨ। ਪਾਰਟੀ ਦੇ ਕਿੰਨੇ ਹੀ ਮੈਂਬਰ ਰੂਪੋਸ਼ ਹੋ ਗਏ ਸਨ। ਆਪਣੇ ਘਰ ਏ ਇਕ ਛਾਪੇ 'ਚ ਫੁਰਤੀ ਨਾਲ ਬਚਕੇ ਨਿਕਲਿਆ ਗੁਰਮੀਤ ਵੀ ਰੂਪੋਸ਼ ਹੋ ਗਿਆ ਸੀ। ਪਰ ਹਰਪਾਲ ਉਸ ਸ਼ਾਮ ਨੂੰ ਪਏ ਛਾਪੇ 'ਚ ਫੜਿਆ ਗਿਆ ਸੀ, ਜਿਸ ਸ਼ਾਮ ਨੂੰ ਉਹ ਮੈਨੂੰ ਮਿਲਣ ਲਈ ਆਇਆ ਸੀ। ਉਸ ਸ਼ਾਮ ਮੈਂ ਅਤੇ ਹਰਪਾਲ ਇੱਕੋ ਭਾਂਡੇ 'ਚ ਰੋਟੀ ਖਾ ਰਹੇ ਸਾਂ। ਪੁਲੀਸ ਦੇ ਪਏ ਛਾਪੇ ਨੇ ਸਾਡੇ ਰੰਗ 'ਚ ਭੰਗ ਪਾ ਦਿੱਤਾ ਸੀ। ਕਾਬੂ ਕੀਤੇ ਹਰਪਾਲ ਨੂੰ ਸਿਪਾਹੀਆਂ ਨੇ ਆਪਣੇ ਕਮਾਂਡਰ, ਵੱਡੇ ਥਾਣੇਦਾਰ ਦਾ ਹੁਕਮ ਸੁਣਦਿਆਂ ਸਾਰ ਹੀ ਹੱਥਕੜੀ ਲਾ ਲਈ ਸੀ ਤੇ ਸਾਡੇ ਬੂਹੇ ਮੂਹਰੇ ਖੜੇ ਟੈਂਪੂ 'ਚ ਬਿਠਾ ਲਿਆ ਸੀ। ਹਰਪਾਲ ਉਦਰੀਆਂ-ਉਦਰੀਆਂ ਨਜ਼ਰਾਂ ਨਾਲ ਮੇਰੇ ਵੱਲ

ਉਦੋਂ ਤੱਕ ਤੱਕਦਾ ਰਿਹਾ ਸੀ ਜਦੋਂ ਤੱਕ ਉਸਨੂੰ ਪੁਲੀਸ ... ਫੇਰ ਮ
ਲੈ ਕੇ ਨਹੀਂ ਗਿਆ ਸੀ। ਪੁਲਸ ਦਾ ਟੈਂਪੂ ਮੇਰੀਆਂ ਅੱਖਾਂ ਵ... ਆਂ ਦਾ ਸਿਲਸਿਲਾ
ਗਿਆ ਸੀ ਤੇ ਮੇਰੀਆਂ ਅੱਖਾਂ ਸਾਹਮਣੇ ਟੈਂਪੂ ਨਾਲ ਉੱਡੀ ਧੂੜ ਦੇ... ਹਾਂ ਪੱਖੀ ਪੈਦਾ
ਗਈ ਸੀ।...ਪਰ ਮੇਰੇ ਜ਼ਿਹਨ 'ਚੋਂ ਹਰਪਾਲ ਦੀਆਂ ਅੱਖਾਂ ਦੀ ਓਦਰੀ-... ਬਦਲਣੋਂ
ਤੱਕਣੀ ਉਹਲੇ ਨਹੀਂ ਸੀ ਹੋਈ ਤੇ ਫਿਕਰ ਮੇਰੀ ਜਿੰਦ ਖਾਣ ਲ... ਰੁਖ
ਪਿਆ ਸੀ।

'ਕੀ ਐ ਹੋਰ ਕਿਤੇ ਪੁਲਸੀਏ ਹਰਪਾਲ ਦੀ ਗ੍ਰਿਫਤਾਰੀ ਵੀ ਨਾ ਪਾਉਣ ...ਈ ...ਦਾ ਤੇ ਹਰਪਾਲ ਨਾਲ ਵੀ ਬਾਪੂ ਵਾਂਗ ਈ ਕਰਨ...। ਇਸ ਫਿਕਰ 'ਚ ਮੈਂ ਦਿਨ ਰਾਤ ਗੋਤੇ ਖਾਂਦੀ ਰਹੀ ਸੀ। ਬਾਈ ਹੋਰਾਂ 'ਚ ਵੀ ਕੋਈ ਨਾ ਬਹੁੜਿਆ ਤਾਂ ਕਿ ਮੈਂ ਆਪਣਾ ਫਿਕਰ ਉਹਨਾਂ ਨਾਲ ਸਾਂਝਾ ਕਰਾ ਲੈਂਦੀ। ਹਰਪਾਲ ਦੀ ਗ੍ਰਿਫਤਾਰੀ ਦੇ ਪੂਰੇ ਪੰਦਰਾਂ ਦਿਨ ਬਾਦ ਗੁਰਮੀਤ ਆਇਆ। ਉਸਨੇ ਮੈਨੂੰ ਦੱਸਿਆ—

'ਭੈਣੇ! ਘਬਰਾਉਣ ਦੀ ਲੋੜ ਨਹੀਂ। ਹਰਪਾਲ ਦੀ ਗ੍ਰਿਫਤਾਰੀ ਵਿਖਾ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਐ। ਜੇਲ੍ਹ 'ਚ ਬਾਹਰ ਥਾਣੇ ਨਾਲੋਂ ਕੁਝ ਬਚਾਅ ਹੁੰਦੈ...

ਗੁਰਮੀਤ ਦੀ ਦੱਸੀ ਗੱਲ ਮੇਰੇ ਫਿਕਰ ਨੂੰ ਕੁਝ ਨਾ ਕੁਝ ਘਟਾ ਗਈ ਸੀ ਤੇ ਮੈਂ ਗੁਰਮੀਤ ਕੋਲੋਂ ਗਿਲੇ ਭਰੀ ਆਵਾਜ਼ 'ਚ ਪੁੱਛਿਆ ਸੀ,

'ਗੁਰਮੀਤ ਕੀ ਗੱਲ ਬਾਈ ਹੋਰਾਂ 'ਚੋਂ ਕਿਸੇ ਨੇ ਹੁਣ ਗੇੜਾ ਕਿਉਂ ਨਹੀਂ ਮਾਰਿਆ?"

ਮੇਰੇ ਇਸ ਸਵਾਲ ਦੇ ਜਵਾਬ 'ਚ ਗੁਰਮੀਤ ਨੇ ਦੱਸਿਆ ਸੀ ਕਿ ਪਾਰਟੀ ਦੀ ਸੂਬਾ ਕਮੇਟੀ ਨੇ ਸੀਨੀਅਰ ਸਾਥੀਆਂ ਦਾ ਉਹਨਾਂ ਥਾਵਾਂ ਤੇ ਆਉਣਾ ਜਾਣਾ ਕੁਝ ਸਮੇਂ ਲਈ ਰੋਕ ਦਿਤੈ, ਜਿਹੜੀਆਂ ਬਾਰੇ ਪੁਲਸ ਨੂੰ ਪਤਾ ਲੱਗ ਚੁੱਕਿਐ। ਪੁਲਸ ਵੀ ਬਾਈ ਹੋਰਾਂ ਦੀ ਭਾਲ 'ਚ ਹਰਲ ਹਰਲ ਕਰਦੀ ਫਿਰਦੀ ਐ।

ਗੁਰਮੀਤ ਕਈ ਦਿਨਾਂ ਬਾਦ ਫੇਰ ਆਇਆ ਸੀ। ਮੈਂ ਉਸ ਨਾਲ ਪਾਰਟੀ ਦੇ ਇਕ ਗੁਪਤ ਅੱਡੇ 'ਚ ਬਾਈ ਕਾਮਰੇਡ ਨੂੰ ਮਿਲਣ ਲਈ ਚਲੀ ਗਈ ਸਾਂ। ਮੈਂ ਗੁਰਮੀਤ ਅਤੇ ਬਾਈ ਉਸ ਅੱਡੇ ਦੇ ਘਰ ਦੇ ਇਕ ਪਾਸੇ ਬਣੀ ਬੈਠਕ

ਟਿਊਬ ਦੇ ਦੁਧੀਆ ਚਾਨਣ ਨਾਲ ਬੈਠਕ ਭਰੀ
ਜੁਆਬ ਨਾ ਔੜਿਆ। ਬਲ
ਰੂੇੱਤਲੀ ਛੱਤ ਨਾਲ ਲਮਕਦਾ ਪੱਖਾ ਮੱਧਮ ਚਾਲ
ਹੋਇਆ ਬੋਲਿਆ
ਹਾ ਸੀ। ਮੈਂ ਚਲਦੀ ਗੱਲ ਦੇ ਵਿਚਦੀ ਪੁੱਛਿਆ—
'ਲੈ ਸੁਖੀਏ
ਬਾਈ ! ਹਕੂਮਤ, ਪਾਰਟੀ ਦੇ ਤਾਂ ਪਹਿਲਾਂ ਤੋਂ ਖਤ ਪਈ ਹੋਈ ਐ,
ਦਾ ਨਾਉਂ ਮਾ
...ਹੁਣ ਇਸ ਨੇ ਅਕਾਲੀਆਂ ਜਨ-ਸੰਘੀਆਂ ਨੂੰ ਫੜ ਫੜ ਕੇ ਜੇਲ੍ਹਾਂ 'ਚ
ਐਂ, ਕਿਉਂ ਸੁੱਟਣਾ ਸ਼ੁਰੂ ਕੀਤਾ ਹੋਇਐ ? ਹੁਣ ਇਸ ਨੂੰ ਇਹਨਾਂ ਤੋਂ ਕੀ
ਸੋਚ ਖਤਰਾ ਖੜਾ ਹੋ ਗਿਆ ? ਤੇ ਇਹਨਾਂ ਚਮਕਾਲੀਆਂ ਜਨਸੰਘੀਆਂ ਨੇ ਆਪਸ
'ਚ ਕਰੰਘੜੀਆਂ ਕਿਵੇਂ ਪਾ ਲਈਆਂ, ਜਦੋਂ ਕਿ ਇਹ ਦੋਵੇਂ ਫਿਰਕੂ
ਦੀ ਪਾਰਟੀਆਂ ਨੇ ?"

'ਵੇਖ ਭੈਣ ਕਿਰਣ ! ਜਨਸੰਘ ਅਤੇ ਅਕਾਲੀ ਪਾਰਟੀ ਜਿਹੀਆਂ ਕਈ ਹੋਰ ਪਾਰਲੀਮਾਨੀ ਪਾਰਟੀਆਂ ਅੱਜ ਇੰਦਰਾ ਕਾਂਗਰਸ ਦੀ ਹਕੂਮਤ ਦੀਆਂ ਦੀਵਾਲੀਆ ਨੀਤੀਆਂ ਵਿਰੁੱਧ ਲੋਕਾਂ 'ਚ ਪੈਦਾ ਹੋਈ ਹਾਹਾਕਾਰ ਨੂੰ ਆਪਣੀ ਕੁਰਸੀ ਮੋਰਚੇ ਦੀ ਖਾਤਰ ਵਰਤਣ ਲਈ ਗ੍ਰਿਫਤਾਰੀਆਂ ਦੇ ਰਹੀਆਂ ਨੇ...ਹੋਰ ਕੋਈ ਇਹ ਪਾਰਟੀਆਂ ਹੁਣ ਇਨਕਲਾਬੀ ਨਹੀਂ ਬਣ ਗਈਆਂ..."

ਬਾਈ ਆਪਣੇ ਸਿਰ ਉਤਲੀ ਸੁਰਮਈ ਰੰਗ ਦੀ ਪੱਗ ਬੰਨ੍ਹੀ-ਬਨ੍ਹਾਈ ਲਾਹਕੇ ਆਪਣੇ ਮੰਜੇ ਦੇ ਸਰਾਹਣੇ ਵੱਲ ਧਰਦਾ, ਮੇਰੇ ਪੁਛੇ ਗਏ ਸਵਾਲ ਦਾ ਜਵਾਬ ਦਿੰਦਾ ਰਿਹਾ ਸੀ,

'...ਪਾਰਲੀਮਾਨੀ ਪਾਰਟੀਆਂ, ਲੁਟੇਰੇ ਅਤੇ ਜ਼ਾਲਮ ਢਾਂਚੇ ਨੂੰ ਜੜ੍ਹੋਂ ਪੁੱਟਣ ਲਈ ਕਦੇ ਵੀ ਮੈਦਾਨ 'ਚ ਨਹੀਂ ਨਿੱਤਰਦੀਆਂ, ਕਿਉਂਕਿ ਲੁਟੇਰੇ ਢਾਂਚੇ ਨੂੰ ਕਾਇਮ ਰੱਖਣ 'ਚ ਇਹਨਾਂ ਸਾਰੀਆਂ ਪਾਰਟੀਆਂ ਦਾ ਸਾਂਝਾ ਭਲਾ ਹੁੰਦੈ।...ਬਾਕੀ ਇਹ ਪਾਰਟੀਆਂ ਇਸ ਢਾਂਚੇ ਦੀਆਂ ਹੱਦਾਂ 'ਚ ਰਹਿੰਦੀਆਂ ਹੋਈਆਂ, ਮਜ਼ਦੂਰਾਂ ਅਤੇ ਦੱਬੇ ਕੁਚਲੇ ਲੋਕਾਂ ਦੀ ਲੁੱਟੀ ਕਮਾਈ ਨੂੰ ਆਪਸ 'ਚ ਵੰਡਣ ਲਈ, ਇਕ-ਦੂਸਰੀ ਵਿਰੁੱਧ ਲੜਦੀਐਂ, ਪਰ ਇਨ੍ਹਾਂ ਦੀ ਲੜਾਈ ਦਾ ਕਿਰਦਾਰ, ਹੱਡਾ-ਰੋੜੀ ਦੇ ਕੁੱਤਿਆਂ ਦੀ, ਮਾਸ ਵੱਧ ਖਾਣ ਪਿੱਛੇ ਹੁੰਦੀ ਲੜਾਈ ਕਿਰਦਾਰ ਦੇ ਨਾਲੋਂ ਕੋਈ ਬਹੁਤਾ ਫਰਕ ਵਾਲਾ ਨਹੀਂ ਹੁੰਦਾ...।'

ਲੁਟੇਰੀਆਂ ਜਮਾਤਾਂ ਅੰਦਰਲੇ ਵਿਰੋਧ ਬਾਰੇ ਬਾਈ ਸੌਖੇ ਤੋਂ ਸੌਖੇ ਢੰਗ

ਫੇਰ ਮ

ਮੁ'ਖੀਆਂ ਦਾ ਸਿਲਸਿਲਾ
ਨਾਲ ਸਾਨੂੰ ਦੱਸਦਾ ਰਿਹਾ ਸੀ। ਅਸੀਂ ਤਿੰਨੇ ਜਾਣੇ ਬ ... ਹਾਂ ਪੱਖੀ ਪੈਦਾ
ਰਹੀ ਗੱਲ ਪੂਰੇ ਧਿਆਨ ਨਾਲ ਸੁਣੀ ਜਾ ਰਹੇ ਸਾਂ। ਘੰਟੇ ਪੌਣ ... ਬਦਲਣੋਂ
ਬਾਈ ਦੀ ਗੱਲ ਮੁੱਕੀ ਸੀ। ਬਾਈ ਦੀ ਸਾਰੀ ਗੱਲ ਸੁਣਕੇ ਮੈਨੂੰ
ਅਤੇ ਅਕਾਲੀਆਂ ਦੇ, ਗ੍ਰਿਫਤਾਰੀਆਂ ਦੇਣ ਪਿੱਛੇ ਕੰਮ ਕਰਦੀ ਨ ... ਪੱਖੀ ਰੁਖ
ਸਮਝ ਆ ਗਈ ਸੀ। ਬਾਈ ਹੋਰਾਂ ਨੂੰ ਮੈਂ ਪੰਦਰਵੇਂ-ਵੀਹਵੇਂ ਦਿ ... ਹੀਦੀ
ਗੁਪਤ ਅੱਡੇ ਮਿਲਣ ਲਈ ਜਾਂਦੀ ਰਹੀ ਸੀ। ਪਾਰਟੀ ਦੇ ਜੇਲ੍ਹ ... ਡੀਕ ... ਦਾ
ਬੰਦਿਆਂ ਬਾਰੇ ਸਾਡੇ 'ਚ ਆਮ ਗੱਲਾਂ ਚਲਦੀਆਂ ਰਹਿੰਦੀਆਂ ... ਸਰੇ
ਹਰਪਾਲ ਦੀ ਮੁਲਾਕਾਤ ਕਈ ਵਾਰ ਕਰ ਆਈ ਸਾਂ। ... ਲ

ਮੈਂ, ਇਕ ਵਾਰ ਜਦ ਬਾਈ ਨੂੰ ਉਸੇ ਗੁਪਤ ਅੱਡੇ 'ਚ ਮਿਲਣ ... ਦਾ
ਸੀ ਤਾਂ ਉਦੋਂ ਮੈਨੂੰ, ਬਾਈ ਨੇ ਹਰਪਾਲ ਨੂੰ ਪਹੁੰਚਾਉਣ ਲਈ ਇਕ ... ਉਤੇ ... ਰਿਪੋਰ
ਲਿਫਾਫੇ ਵਿਚਲੀ ਚਿੱਠੀ ਫੜਾਈ ਸੀ। ਉਸ ਚਿੱਠੀ ਨੂੰ ਪੜ੍ਹਨ ਲਈ ਮੇਰਾ ਮਨ ਬੇਈਮਾਨ ਹੋਇਆ ਸੀ ਕਿ ਇੰਨੇ ਨੂੰ ਮੇਰੇ ਮਨ 'ਚੋਂ ਇਹ ਆਵਾਜ਼ ਨਿਕਲ ਪਈ ਸੀ।

'ਭਲਾ ! ਜੇ ਚਿੱਠੀ ਤੇਰੇ ਪੜ੍ਹਨ ਵਾਲੀ ਹੁੰਦੀ ਤਾਂ ਬਾਈ ਆਪ ਈ ਤੈਨੂੰ ਚਿੱਠੀ ਪੜ੍ਹਨ ਦੀ ਇਜਾਜ਼ਤ ਦੇ ਦਿੰਦਾ। ਚਿੱਠੀ 'ਚ ਕੋਈ, ਬਾਈ ਅਤੇ ਹਰਪਾਲ ਵਿਚਲੇ ਭੇਤ ਦੀ ਗੱਲ ਹੋਵੇਗੀ, ਤਾਹੀਂ ਤਾਂ ਬਾਈ ਨੇ ਤੈਨੂੰ ਚਿੱਠੀ ਪੜ੍ਹਨ ਦੀ ਇਜਾਜ਼ਤ ਨਹੀਂ ਦਿੱਤੀ...। ਫੇਰ ਚਿੱਠੀ ਪੜ੍ਹਨ ਦੀ ਚੋਰੀ ਨਹੀਂ ਕਰਨੀ ਚਾਹੀਦੀ। ਇਹ ਬੱਸ ਨਿਰਾ ਵਿਸ਼ਵਾਸਘਾਤ ਏ।...ਤੈਨੂੰ ਇਉਂ ਨਹੀਂ ਕਰਨਾ ਚਾਹੀਦਾ...।' ਮਨ 'ਚ ਪੈਦਾ ਹੋਈ ਆਵਾਜ਼ ਮੇਰੀ ਗਲਤ ਸੋਚਣੀ ਦੇ ਮੂੰਹ ਤੇ ਇਕ ਤਰ੍ਹਾਂ ਕਾੜ ਕਰਦੇ ਥੱਪੜਾਂ ਵਾਂਗ ਵੱਜੀ ਤੇ ਮੇਰਾ ਮਨ ਚਿੱਠੀ ਪੜ੍ਹਨ ਤੋਂ ਤੋਬਾ ਕਰ ਗਿਆ।

ਮੈਂ ਨਿੰਮੋਝੂਣੀ ਹੋਈ ਨੇ ਚਿੱਠੀ ਆਪਣੀ ਕਮੀਜ਼ ਦੇ ਖੀਸੇ 'ਚ ਪਾਈ। ਇਕ ਹੱਥ 'ਚ ਸਾਹਿਤਕ ਅਤੇ ਰਾਜਨੀਤਕ ਕਿਤਾਬਾਂ ਵਾਲਾ ਥੈਲਾ ਅਤੇ ਦੂਜੇ ਹੱਥ 'ਚ ਦੇਸੀ ਘਿਉ ਦੇ ਬਿਸਕੁਟਾਂ ਵਾਲੀ ਪੀਪੀ ਲਮਕਾਉਂਦੀ, ਮੈਂ ਹਰਪਾਲ ਦੀ ਮੁਲਾਕਾਤ ਲਈ ਚੱਲ ਪਈ ਸਾਂ। ਮੈਂ ਜਦੋਂ ਜੇਲ੍ਹ ਦੀ ਡਿਉਢੀ ਦੇ ਵੱਡੇ ਸਾਰੇ ਦਰਵਾਜ਼ੇ ਵਾਲੇ ਗੇਟ ਤੋਂ ਇਕ ਪਾਸੇ ਨੂੰ ਖੜੇ ਨਿੰਮ ਹੇਠ ਡਹੀ ਕੁਰਸੀ ਤੇ ਬੈਠੇ, ਮੁਲਾਕਾਤਾਂ ਲਿਖਣ ਵਾਲੇ ਹੌਲਦਾਰ ਕੋਲ ਪਹੁੰਚੀ ਸਾਂ ਤਾਂ ਉਦੋਂ

ਜੁਆਬ ਨਾ ਔੜਿਆ। ਬਲ

ਹੋਇਆ ਬੋਲਿਆ ...ਣ ਵਾਲਿਆਂ ਦੀ ਉਸ ਹੌਲਦਾਰ ਦੇ ਦੁਆਲੇ ਭੀੜ

'ਲੈ ਸੁਖੀਏ ... ਮੈਂ ਉਹਨਾਂ ਤੋਂ ਇਕ ਪਾਸੇ ਹੋ ਕੇ ਖੜ ਗਈ ਸਾਂ।

ਦਾ ਨਾਉਂ ਮ...

...ਹੁਣ ...ਾਉਣ ਵਾਲਿਆਂ ਦੀ ਕੁਝ ਨਾ ਕੁਝ ਭੀੜ ਹੋ ਜਾਣ ਤੇ ਮੈਂ

ਐਂ', ਕਿਉਂ ...ਦੇ ਮੇਜ਼ ਕੋਲ ਜਾ ਖੜੀ ਸਾਂ। ਆਪਣੀ ਵਾਰੀ ਆਂਉਣ 'ਤੇ ਮੈਂ

ਸੋਚ ...ਾ ਖੜਾ ਹੋ...ਲਾਕਾਤ ਲਿਖਣਾ ਦਿੱਤੀ ਸੀ। ਇਖ਼ਲਾਕੀ ਕੈਦੀਆਂ ਦੀਆਂ

'ਚ ਕਰੰਘ... ਬਾਦ ਮੈਂ ਜੇਲ੍ਹ ਦੀ ਡਿਉੜੀ ਦੇ ਨਾਲ ਲੱਗਵੇਂ ਉਸ ਖੁਲ੍ਹੇ

ਦੀ ਪਾਰਟੀਆਂ ... ਕਮਰੇ 'ਚ ਡਹੇ ਬੈਂਚ ਤੇ, ਬੈਠੀਆਂ ਕੁਝ ਇਸਤਰੀਆਂ ਕੋਲ

...ਾਂ, ਜਿਸ ਕਮਰੇ ਦੇ ਡਿਉਢੀ ਨਾਲ ਲੱਗਵੇਂ ਹਿਸੇ 'ਚ ਲੋਹੇ ਦੇ

ਕਈ ਹੋ... ...ਰੀਆਂ ਦੀ ਵਾੜ ਲੱਗੀ ਹੋਈ ਸੀ, ਮੋਟੇ ਮੋਟੇ ਸਰੀਆਂ ਦੀ ਵਾੜ

...ਨ ਹਿਸੇ ਦੇ ਖੱਬੇ ਪਾਸੇ ਤਾਂ, ਡਿਉੜੀ ਅੰਦਰਲੇ ਦਫ਼ਤਰ ਦੀ ਪੱਕੀ ਕੰਧ ਲੱਗਦੀ ਸੀ ਤੇ ਦੂਸਰੇ ਪਾਸੇ ਵੀ ਮੋਟੇ ਸਰੀਆਂ ਦੀ ਵਾੜ ਸੀ। ਪਰ ਇਸ ਵਾੜ ਦੇ ਬਾਹਰਵਾਲੇ ਪਾਸੇ ਲੋਹੇ ਦੀ ਮਜ਼ਬੂਤ ਜਾਲੀ ਲਾਈ ਹੋਈ ਸੀ। ਵੇਖਣ ਨੂੰ ਉਹ ਥਾਂ ਲੋਹੇ ਦੇ ਵੱਡੇ ਸਾਰੇ ਪਿੰਜਰੇ ਵਰਗੀ ਲੱਗਦੀ ਸੀ। ਉਸ ਪਿੰਜਰੇ ਦਾ ਬੂਹਾ ਡਿਉਢੀ ਦੇ ਅੰਦਰਲੇ ਪਾਸੇ ਨੂੰ ਖੁਲ੍ਹਦਾ ਸੀ। ਡਿਉਢੀ ਦੇ ਉਸ ਪਿੰਜਰੇ 'ਚ, ਚੋਪੜੀਆਂ ਬੋਦੀਆਂ ਵਾਲੇ ਜਨਸੰਘੀ ਅਤੇ ਨੀਲੀਆਂ ਪੱਗਾਂ ਵਾਲੇ ਅਕਾਲੀ ਆਪਣੇ ਮੁਲਾਕਾਤੀਆਂ ਨਾਲ ਮੁਲਾਕਾਤ ਕਰਨ ਵਾਸਤੇ ਆਉਣ ਲੱਗ ਪਏ ਸਨ। ਸਰੀਆਂ ਦੀ ਵਾੜ ਦੇ ਬਾਹਰ ਅਤੇ ਅੰਦਰ ਇਕ ਤਰ੍ਹਾਂ ਦੀ ਹਿੱਲ-ਜੁੱਲ ਜਿਹੀ ਸ਼ੁਰੂ ਹੋ ਚੁਕੀ ਸੀ। ਜਨ-ਸੰਘੀਆਂ ਅਤੇ ਅਕਾਲੀਆਂ 'ਚ ਬਹੁਤੇ ਆਪਣੇ ਮੁਲਾਕਾਤੀਆਂ ਨੂੰ ਡਿਉਢੀ 'ਚ ਮੁਲਾਕਾਤ ਕਰਨ ਲਈ ਇਸ਼ਾਰੇ ਕਰਦੇ ਅੰਦਰ ਦੀ ਵੀ ਡਿਉਢੀ ਨੂੰ ਵਾਪਿਸ ਮੁੜ ਰਹੇ ਸਨ। ਸਰੀਆਂ ਦੀ ਵਾੜ ਨੂੰ ਚੀਰਦੀ ਮੇਰੀ ਨਜ਼ਰ ਹਰਪਾਲ ਦੀ ਤਲਾਸ਼ ਕਰ ਰਹੀ ਸੀ। ਕਮਿਊਨਿਸਟ ਇਨਕਲਾਬੀ ਲਹਿਰ ਨਾਲ ਵਾਹ-ਵਾਸਤਾ ਰੱਖਣ ਵਾਲੇ ਅੰਦੋਲਨਕਾਰੀ ਸਾਰੀਆਂ ਦੀ ਵਾੜ ਦੇ ਅੰਦਰ ਆਉਣੇ ਸ਼ੁਰੂ ਹੋ ਗਏ ਸਨ। ਮੈਂ ਉਹਨਾਂ ਵਿਚੋਂ ਕਿਸੇ ਨੂੰ ਵੀ ਨਹੀਂ ਜਾਣਦੀ ਸਾਂ। ਉਹਨਾਂ ਦੇ ਮੁਲਾਕਾਤੀ, ਸਰੀਆਂ ਤੋਂ ਬਾਹਰ, ਸਰੀਆਂ ਨੂੰ ਹੱਥ ਪਾ ਕੇ ਅਤੇ ਪੱਬਾਂ ਭਾਰ ਹੋ ਕੇ ਬੈਠਦੇ ਆਪਣੇ ਆਪਣੇ ਜਾਣ ਪਛਾਣ ਵਾਲਿਆਂ ਨਾਲ ਗੱਲਾਂ-ਬਾਤਾਂ ਕਰਨ 'ਚ ਰੁਝ ਗਏ ਸਨ। ਕਈ ਬੈਠਣ ਵਾਲਿਆਂ ਦੇ ਸਿਰਾਂ ਉਤੇ ਦੀ ਹੁੰਦੇ ਹੋਏ ਸਰੀਆਂ ਅੰਦਰ

ਖੜੇ, ਅਪਣੀ ਜਾਣ-ਪਛਾਣ ਵਾਲਿਆਂ ਨਾਲ
ਜਾਣ-ਪਛਾਣ ਵਾਲਾ ਹਾਲੇ ਨਹੀਂ ਸੀ ਆ
ਬਾਹਰ ਖੜੀ ਭੀੜ ਨੂੰ ਚੀਰਦੀ ਮੇਰੀ ਨਜ਼ਰ ਫੇਰ ਮ
ਲੰਮੀ ਉਡੀਕ ਤੋਂ ਬਾਦ ਮੈਨੂੰ ਸਰੀਆਂ ਅੰਦਰ ਆਬ ...ਆਂ ਦਾ ਸਿਲਸਿਲਾ
ਪਿਛਲੇ ਪਾਸੇ ਆ ਕੇ ਖੜਾ ਹਰਪਾਲ ਦਿਸਿਆ। ਉਸ ਦੇ ...ਹਾਂ ਪੱਖੀ ਪੈਂਦਾ
ਛੱਬੀ ਸਾਲ ਦੀ ਉਮਰ ਦਾ, ਖੁਲ੍ਹੀ ਦਾੜ੍ਹੀ ਅਤੇ ਨੀਲੀ ਪੱਗ ... ਬਦਲਣੋਂ
ਖੜਾ ਸੀ। ਹਰਪਾਲ ਨੇ ਮੈਨੂੰ ਤੱਕਦਿਆਂ ਈ ਡਿਉਢੀ 'ਚੋਂ ...
ਦਾ ਇਸ਼ਾਰਾ ਕਰ ਦਿੱਤਾ ਸੀ, ਮੈਂ ਥੈਲਾ ਅਤੇ ਪੀਪੀ ਚੁੱਕ ਹਾਂ ... ਪੱਖੀ ਰੁਖ
ਸਾਰੇ ਬੰਦ ਗੇਟ ਮੂਹਰੇ, ਸੰਗੀਨ ਵਾਲੀ ਰਾਈਫ਼ਲ ਚੁੱਕ ਕੇ ਥ... ਹੀਦੀ
ਇਕ ਪਾਸੇ ਨੂੰ ਹੋ ਕੇ ਖੜ ਗਈ ਸਾਂ। ਕੁਝ ਮਿੰਟਾਂ ਦੀ ਉਡੀਕ ... ਏਦਾ
ਗੇਟ ਵਿਚਲੀ ਤਾਕੀ ਖੁਲ੍ਹੀ! ਤਾਕੀ ਦੇ ਅੰਦਰਵਾਰ ਚਾਬੀਆਂ ਨਾ... ਸਰੇ
ਖੜਾ ਸੀ। ਵਾਰਡਰ ਤੋਂ ਇਕ ਦੋ ਕਰਮਾਂ ਪਿਛੇ ਨੂੰ ਹਰਪਾਲ ਅਤੇ ... ਨੀ ... ਦੀ
ਪੱਗ ਵਾਲਾ ਮੁੰਡਾ ਖੜਾ ਸੀ। ... ਉਤੇ

'ਤੂੰ! ਕਿਸਨੂੰ ਮਿਲਣੈ...?' ਤਾਕੀ ਅੰਦਰ ਖੜੇ ਵਾਰਡਰ ਨੇ ਰਿਪੋਰ...
ਵਿਚਲੀ ਪੀਪੀ ਨੂੰ ਲਲਚਾਉਂਦੀਆਂ ਨਜ਼ਰਾਂ ਨਾਲ ਤੱਕਦਿਆਂ ਸਵਾਲ ਕੀਤਾ ਸੀ।
ਮੇਰੇ ਬੋਲਣ ਤੋਂ ਪਹਿਲਾਂ ਈ ਤਾਕੀਓਂ ਅੰਦਰ, ਹਰਪਾਲ ਕੋਲੇ ਖੜਾ, ਨੀਲੀ
ਪੱਗ ਵਾਲਾ ਮੁੰਡਾ ਬੋਲ ਪਿਆ—

'ਲੰਘ ਆਉਣ ਦੇ ਹੌਲਦਾਰਾ! ਲੰਘ ਆਉਣ ਦੇ।' ਉਸ ਮੁੰਡੇ ਦੀ
ਗੱਲ ਸੁਣਦਿਆਂ ਈ ਹੌਲਦਾਰ ਨੇ 'ਅੱਛਾ...ਅੱਛਾ' ਕਰਦਿਆਂ ਮੈਨੂੰ ਅੰਦਰ ਲੰਘ
ਜਾਣ ਲਈ ਆਖਿਆ। ਮੈਨੂੰ ਤਾਕੀ ਵਿਚ ਦੀ ਲੰਘਦੀ ਨੂੰ ਵੀ ਹੌਲਦਾਰ ਦੀ
ਆਖੀ 'ਅੱਛਾ...ਅੱਛਾ।' ਚੁੱਭ ਰਹੀ ਸੀ। ਮੂਹਰੇ ਉਹ ਮੁੰਡਾ ਤੁਰਿਆ ਸੀ, ਅਤੇ
ਉਸਦੇ ਪਿਛੇ ਹਰਪਾਲ ਤੁਰਿਆ, ਹਰਪਾਲ ਦੇ ਪਿੱਛੇ ਮੈਂ ਤੁਰੀ। ਅਸੀਂ ਤਿੰਨੇ
ਡਿਪਟੀ ਸੁਪਰਡੈਂਟ ਦੇ ਸੁੰਨੇ ਪਏ ਦਫਤਰ 'ਚ ਡਹੇ ਬੈਂਚ 'ਤੇ ਜਾ ਬੈਠੇ ਸਾਂ।
ਮੇਰੀਆਂ ਅੱਖਾਂ 'ਚ ਤੈਰਦੇ ਸਵਾਲ ਨੂੰ ਮਹਿਸੂਸ ਕਰਦੇ ਹਰਪਾਲ ਨੇ ਮੈਨੂੰ ਉਸ
ਮੁੰਡੇ ਬਾਰੇ ਦੱਸਣਾ ਸੁਰੂ ਕਰ ਦਿੱਤਾ,

'ਗੁਰਬਚਨ! ਇਹ ਮੁੰਡਾ ਤਾਂ ਮੇਰੀ ਸਕੀ ਮਾਸੀ ਦਾ ਮੁੰਡੈ, ਲੋਟਣਵਾਲ
ਪਿੰਡੋਂ ਇਹ ਅਕਾਲੀ ਪਾਰਟੀ ਵੱਲਿਓਂ ਆਇਆ ਜੇਲ੍ਹ 'ਚ। ਇਸਦਾ ਨਾ...

ਹ ਦੀ ਚੱਲਦੀ ਗੱਲ ਵਿਚਦੀ ਇਕੱਤਰ ਆਪਣੇ
ੱਗ ਪਿਆ।

ਜੁਆਬ ਨਾ ਔੜਿਆ। ਬਲ: ਭਾਬੀ ਤਾਂ ਵਿਚਾਰੀ ਮੈਨੂੰ ਕੀ ਜਾਣਦੀ ਐ ਹਾਲੇ, ਹੋਇਆ ਬੋਲਿਆ ਨਾਲ ਬੋਲਦਾ ਇਕੱਤਰ ਮੈਨੂੰ ਇਉਂ ਆਖਣ ਲੱਗ ਪਿ

'ਲੈ ਸੁਖੀਏ ੈਸਨੂੰ ਬਹੁਤ ਨੇੜਿਓਂ ਜਾਣਦੀ ਸਾਂ। ਦਾ ਨਾਉਂ ਮਾ ੀ ਜੀ! ਐਵੇਂ ਫਿਕਰ ਨਾ ਕਰਨਾ। ਮੈਂ ਬਾਪੂ ਜੀ ਨੂੰ ਆਖਕੇ, ਮਾ

ਹੁਣ ਹਿਰਾਂ ਕੋਲੋਂ ਜ਼ਮੀਨ-ਜਾਇਦਾਦ 'ਚ ਹਿੱਸਾ ਹਰ ਹਾਲਤ ਐਂ, ਕਿਉਂ ਥੇਨੂੰ।'

ਸੋਚ ਤਾ ਖਇਕੱਤਰ ਦੀ ਤੱਕਣੀ, ਅਤੇ ਉਸਦੇ ਮੁੱਛਾਂ ਮਰੋੜਨ ਦੇ ਢੰਗ ਤੋਂ ਮੈਂ ਇ 'ਚ ਕਅੱਝ ਗਈ ਸਾਂ। ਉਹ ਬੋਲਣੋਂ ਬੰਦ ਈ ਨਹੀਂ ਸੀ ਹੋ ਰਿਹਾ ਤੇ ਮੈਂ ਦੀਪਾਰਟੀਆਂ ਵਾਜ਼ 'ਚ ਉਸਦੀ ਚੱਲਦੀ ਗੱਲ ਦੇ ਵਿਚਕਾਰ ਈ ਆਖਣਾ ਪਿਆ,

'...ਤੂੰ ਇਹ ਗੱਲ ਇਹਨਾਂ ਨਾਲ ਕਰ ਲਵੀਂ, ਮੈਨੂੰ ਤਾਂ ਜ਼ਮੀਨ-ਜਾਇਦਾਦ ਕਈ ਲੋੜ ਨਹੀਂ।'

ਮੇਰੇ ਰੰਗ ਢੰਗ ਨੂੰ ਭਾਂਪਦੇ ਹਰਪਾਲ ਨੇ ਇਕੱਤਰ ਦੇ ਗੋਡੇ ਤੇ ਆਪਣੀ ਕੂਹਣੀ ਮਾਰੀ। ਹਰਪਾਲ ਦੀ ਮਾਰੀ ਕੂਹਣੀ ਦਾ ਅਰਥ ਆਪਣੇ ਮੁਤਾਬਕ ਕੱਢਦਾ ਤੇ ਹਿੜ੍ਹ...ਹਿੜ੍ਹ ਕਰਕੇ ਉੱਠਦਾ, ਉਹ ਦਫਤਰੋਂ ਬਾਹਰ ਆ ਗਿਆ। ਮੈਂ ਗਿਲੇ ਭਰੀ ਆਵਾਜ਼ 'ਚ ਬੋਲੀ—

'ਤੇਰੀ ਮਾਸੀ ਦਾ ਮੁੰਡਾ ਵੀ ਜਮ੍ਹਾਂ ਹੱਦ ਈ ਐ.. ਮੈਨੂੰ ਪਹਿਲੀ ਮਿਲਣੀ ਮੁਰੱਬੇ ਬਖਸ਼ਣ ਲੱਗ ਪਿਆ।'

'ਨਹੀਂ! ਗੁਰਬਚਨ !!...ਨਹੀਂ ਤੂੰ ਗਲਤ ਸਮਝ ਗਈ। ਇਕੱਤਰ ਮੁੰਡਾ ਮਾੜਾ ਨਹੀਂ...'

'ਚਲੋ..' ਮੈਂ ਉਸਦਾ ਸੰਖੇਪ ਜਵਾਬ ਦੇ ਕੇ ਉਸ ਕੋਲੋਂ ਪੁੱਛਿਆ.. 'ਹੋਰ ਤੁਹਾਡੀ ਸਿਹਤ ਸਿਹਤ ਤਾਂ ਠੀਕ ਏ?' 'ਸਿਹਤ ਤਾਂ ਠੀਕ ਐ.. ਪਰ ਦਿਲ ਠੀਕ ਨਹੀਂ।'

ਬੋਲਣੋ ਹਟਣ ਦੇ ਨਾਲ ਈ ਹਰਪਾਲ ਨੇ ਲੰਮਾ ਹਉਕਾ ਲਿਆ। ਮੈਂ ਉਸਦੇ ਉਤਰੇ-ਉਤਰੇ ਚਿਹਰੇ ਵੱਲ ਘੋਖਵੀਂ ਨਜ਼ਰ ਨਾਲ ਤੱਕਦਿਆਂ ਸਵਾਲ ਕੀਤਾ,

'ਕਿਉਂ...? ਥੋਡੇ ਦਿਲ ਨੂੰ ਕੀ ਹੋ ਗਿਆ?'

'ਦਿਲ ਨੂੰ ਗੁਰਬਚਨ ! ਤੇਰੀ ਯਾਦ ਤੜਫਾ' ਹਰਪਾਲ ਨੇ ਪਹਿਲਾਂ ਨਾਲੋਂ ਵੀ ਲੰਮਾ ਹਉਕਾ ਲੈ 'ਚ ਲੈ ਕੇ ਘੁੱਟਿਆ ਸੀ ।

'ਮੇਰੀ ਯਾਦ ਨੂੰ...ਮੈਨੂੰ ਕੀ ਗੋਲੀ ਵੱਜਦੀ ਐ...ਤੁਸੀਂ ਅਮਲੀਆਂ ਵਾਂਗੂੰ ਉਬਾਸੀਆਂ ਜਿਹੀਆਂ ਲਈ ਜਾਂਦੇ ਹੋ ।'

'ਕਰਾਂ ਕੀ ਮੈਂ ਗੁਰਬਚਨ ! ਤੇਰੇ ਪਿਆਰ 'ਚ ਈ ਗਜ਼ਬ ਹਰਪਾਲ ਆਪਣੇ ਹੱਥ 'ਚ ਲਿਆ, ਮੇਰਾ ਹੱਥ ਆਪਣੇ ਫਰਕ ਕਰਦਾ ਬੋਲਦਾ ਰਿਹਾ ਸੀ । '.. ਮੈਨੂੰ ਤੇਰੇ ਪਿਆਰ ਦੀ ਕਸਮ ਲੱਗ, ਜੇਲ੍ਹ 'ਚ ਚਿੱਤ ਜਾ ਨਹੀਂ ਲੱਗਦਾ ।' ਉਸਦੀ ਇਹ ਗੱਲ ਮੈਨੂੰ ਬਿਜਲੀ ਵਾਂਗੂੰ ਝੰਜੋੜ ਮਾਰ ਗਈ ਤੇ ਮੈਂ ਉਸਦੇ ਹੱਥ ਵਿੱਚੋਂ ਆ ਰਿਸ਼ਕਾਉਂਦੀ ਬੋਲੀ ,

'ਤੁਹਾਨੂੰ, ਮੇਰੇ ਪਿਆਰ ਨੂੰ ਪਾਰਟੀ ਦੇ ਪ੍ਰਤੀ ਬਣਦੇ ਫਰਜ਼ ਦੇ ਉਤੇ ਨਹੀਂ ਪੈਣ ਦੇਣਾ ਚਾਹੀਦਾ । ਫੇਰ ਵੀ ਤੁਸੀਂ ਉਸ ਪਾਰਟੀ ਦੇ ਬੰਦੇ ਹੋ, ਪਾਰਟੀ ਦੇ ਸੂਰਮੇ ਵੀਰਾਂ ਨੇ ਮੌਤ ਨੂੰ ਵੀ ਟਿੱਚ ਸਮਝਿਆ ਸੀ।'

'ਨਹੀਂ ਗੁਰਬਚਨ ! ਨਹੀਂ ਤੂੰ ਗ਼ਲਤ ਸਮਝ ਗਈ...' ਪਾੜ 'ਚ ਫੜੇ ਗਏ ਚੋਰ ਵਰਗੀ ਆਵਾਜ਼ 'ਚ ਥਥਲਾਉਂਦਿਆਂ ਹਰਪਾਲ ਨੇ ਸਫ਼ਾਈ ਪੇਸ਼ ਕੀਤੀ, 'ਪਿਆਰ ਅਤੇ ਪਾਰਟੀ ਪ੍ਰਤੀ ਬਣਦੇ ਫਰਜ਼ ਇਕ ਚੀਜ਼ ਨਹੀਂ । ਸਗੋਂ ਦੋ ਚੀਜ਼ਾਂ ਨੇ ।' ਹਰਪਾਲ ਦੇ ਸੱਪ ਵਾਂਗ ਵਲ ਖਾਂਦੇ ਵਿਚਾਰ ਦੀ ਸਿਰੀ ਤੇ ਮੈਂ ਸੱਟ ਮਾਰੀ...'ਹਰਪਾਲ ਜੀ ! ਇਮਤਿਹਾਨ ਦੀ ਘੜੀ 'ਚ ਪਿਆਰ ਅਤੇ ਪਾਰਟੀ-ਫਰਜ਼ ਦੋ ਵੱਖਰੀਆਂ ਵੱਖਰੀਆਂ ਚੀਜ਼ਾਂ ਨਹੀਂ ਰਹਿੰਦੇ । ਇੱਕੋ ਚੀਜ਼ ਬਣ ਜਾਂਦੇ ਐ ..।'

'ਤੇਰੀ ਗੱਲ ਤਾਂ ਠੀਕ ਐ...' ਹਰਪਾਲ ਦਾ ਸੱਪ ਵਾਂਗ ਵਲ ਖਾਂਦਾ ਵਿਚਾਰ ਸਿੱਧਾ-ਸਰੰਗ ਹੋ ਗਿਆ ਸੀ । ਮੇਰੇ ਅਤੇ ਹਰਪਾਲ 'ਚ ਹਾਲੇ ਗੱਲ-ਬਾਤ ਚੱਲ ਈ ਰਹੀ ਸੀ ਕਿ ਇੰਨੇ ਨੂੰ ਇਕੱਤਰ ਨੇ ਫਰ ਕੰਨ ਆ ਕੱਢੇ ਸਨ । ਇਕੱਤਰ ਦੇ ਆਉਣ ਦੇ ਨਾਲ ਈ ਮੈਨੂੰ ਚੀਹ ਜਿਹੀ ਚੜ੍ਹ ਗਈ । ਮੈਂ ਅਤੇ ਹਰਪਾਲ ਉੱਠ ਕੇ ਖੜੇ ਹੋ ਗਏ ਸਾਂ । ਮੇਰਾ ਚੋਰ-ਇਸ਼ਾਰਾ ਸਮਝਦਿਆਂ ਹਰਪਾਲ ਨੇ ਇਕੱਤਰ ਦੇ ਹੱਥ ਬਿਸਕੁਟਾਂ ਵਾਲੀ ਪੀਪੀ ਦਿੰਦਿਆਂ ਆਖਿਆ ਸੀ ,

ਲ਼ ਇਕੱਤਰਾ ਤੂੰ !'

ਜੁਆਬ ਨਾ ਔੜਿਆ। ਬਲ ...ਤਰ ਪਹਿਲਾ ਵਾਂਗ ਹਿੜ੍ਹ ਹਿੜ੍ਹ ਕਰਦਾ ਫੇਰ ਬਾ
ਹੋਇਆ ਬੋਲਿਆ ...ਪਣੇ ਖੀਸੇ ਚੋਂ, ਛੇਤੀ ਛੇਤੀ—ਬਾਈ ਦੀ ਚਿੱਠੀ

'ਲੈ ਸੁਖੀਏ ...ਫੜਾ ਦਿੱਤੀ। ਚਿੱਠੀ ਪੈਂਟ ਦੀ ਪਿਛਲੀ ਜੇਬ 'ਚ ਤੁੰਨ ਕੇ, ਕ
ਦਾ ਨਾਉਂ ਮ... ...ਜ਼ਾਂ ਵਾਲਾ ਥੈਲਾ ਚੁੱਕ ਲਿਆ। ਅਸੀਂ ਦੋਵੇਂ ਅੱਗੜ-ਪਿੱਛੜ ਦ
...ਹੁਣ ਢਿਓੜੀ ਆ ਗਏ ਸਾਂ।

ਐਂ, ਕਿਉਂ 'ਇਕ ਪਾਸੇ ਹੋ ਕੇ ਖੜ ਜਾਉ ਵਈ ਇਕ ਪਾਸੇ ਹੋ ਕੇ ਖੜ ਜਾਉ
ਸੋਚ ...ਤਾ ਮੁਖੀਆਂ ਵਾਲਾ ਹੌਲਦਾਰ ਇਕ ਦਮ ਭੂਸਰਿਆਂ ਵਾਂਗੂੰ ਡਿਉਢੀ ਵਿਚਲੀ
'ਚ ...ਨਾਲ ਸਾਨੂੰ ਵੀ ਕੰਧ ਵੱਲ ਧੱਕਣ ਲੱਗ ਪਿਆ ਸੀ। ਊਰੀ ਵਾਂਗ ਘ
ਦੀ ...ਪਾਰਟੀਅਲਦਾਰ ਵੱਲ ਤੱਕਦੀ ਮੈਂ ਹੈਰਾਨ ਹੋ ਗਈ ਸਾਂ। ਮੇਰੀ ਹੈਰਾਨੀ ਉਸ
ਦੂਰ ਹੋਈ ਸੀ, ਜਿਸ ਸਮੇਂ ਹਰਪਾਲ ਨੇ ਦੱਸਿਆ ਸੀ ਕਿ ਕਿਸੇ ਅਫ਼ਸਰ
ਕਨ ਅੰਦਰ ਆਉਣਾ ਹੋਊ ਜਾਂ ਬਾਹਰ ਜਾਣਾ ਹੋਊ। ਊਰੀ ਵਾਂਗ ਘੁੰਮਦੇ ਵਾਰਡਰ
ਤਾਕੀ ਖੋਲ੍ਹਣ ਦੀ ਥਾਂ, ਡਿਉਢੀ ਦਾ ਸਾਰਾ ਬੂਹਾ ਈ ਖੋਲ੍ਹ ਦਿੱਤਾ। ਬਾਹਰ ਖ
ਪੁਲੀਸ ਗੱਡੀ 'ਚੋਂ ਉੱਤਰੇ, ਪ੍ਰਕਾਸ਼ ਸਿੰਘ ਬਾਦਲ ਨੂੰ, ਪਹਿਲਾਂ ਬਾਹਰ ਖੜ੍ਹੇ ਸੰਤ
ਨੇ ਅਟੈਨਸ਼ਨ ਹੋ ਕੇ ਸਲੂਟ ਮਾਰਿਆ ਅਤੇ ਫੇਰ ਚਾਬੀਆਂ ਵਾਲੇ ਹੌਲਦਾਰ
ਅਟੈਨਸ਼ਨ ਹੋ ਕੇ ਸਲੂਟ ਮਾਰਿਆ। ਪੁਲੀਸ ਲਾਈਨ ਵਾਲੇ ਪੰਜ-ਛੇ ਸਿਪਾਹੀ
ਅਤੇ ਹੌਲਦਾਰ ਨਾਲ, ਪ੍ਰਕਾਸ਼ ਸਿੰਘ ਬਾਦਲ ਡਿਉਢੀ 'ਚ ਦਾਖ਼ਲ ਹੋ ਗਿ
ਸੀ। ਉਸਦੇ ਦਾਖ਼ਲ ਹੁੰਦਿਆਂ ਈ ਚਾਬੀਆਂ ਵਾਲੇ ਹੌਲਦਾਰ ਨੇ ਫੁਰਤੀ ਨਾ
ਗੇਟ ਬੰਦ ਕਰ ਦਿੱਤਾ।

ਮੈਨੂੰ ਉਸ ਸਮੇਂ ਹਰਪਾਲ ਨੇ ਦੱਸਿਆ ਕਿ ਬਾਦਲ ਅਕਾਲੀਆਂ '
ਗ੍ਰਿਫ਼ਤਾਰ ਹੋਇਆ ਹੈ ਤੇ ਹੁਣ ਤਾਰੀਕ ਤੇ ਜਾ ਕੇ ਵਾਪਿਸ ਆਇਐ।

ਤੇ ਫੇਰ ਮੈਂ ਆਪਣੇ ਵੱਲ ਤਰਸਦੀ ਨਜ਼ਰ ਨਾਲ ਤੱਕਦੇ ਹਰਪਾਲ
ਡਿਉਢੀ 'ਚ ਖੜ੍ਹਾ ਛੱਡਕੇ, ਖੁੱਲ੍ਹੀ ਤਾਕੀ ਵਿਚ ਦੀ, ਨਿਉਂ ਕੇ ਬਾਹਰ ਆ ਗਈ
ਸਾਂ। ਮੈਂ ਬਾਹਰ ਆਈ ਨੇ ਹਰਪਾਲ ਵੱਲ ਤੱਕਣ ਲਈ ਪਿੱਛੇ ਨੂੰ ਹਾਲੇ ਧੌਣ
ਮੋੜੀ ਈ ਸੀ ਕਿ ਇੰਨੇ ਨੂੰ ਚਾਬੀਆਂ ਵਾਲੇ ਹੌਲਦਾਰ ਨੇ ਫੜੱਕ ਦੇਵੇ ਤਾਕੀ ਬੰਦ
ਕਰ ਦਿੱਤੀ। ਹਰਪਾਲ ਦੀ ਥਾਂ ਬੱਸ ਮੈਨੂੰ ਤਾਕੀ ਦਾ ਬਾਹਰਲਾ ਪਾਸਾ
ਈ ਦਿਸਿਆ।

ਮੈਂ ਉਸ ਦਿਨ ਤੋਂ ਹਫ਼ਤੇ ਬਾਦ ਜਦ ਫੇਰ ਮ
ਮੈਨੂੰ ਹਰਪਾਲ ਨੇ ਬਾਈ ਹੋਰਾਂ ਦੀ ਚਿੱਠੀ ਦੇ ਜੁਆਬ
ਚਿੱਠੀ ਫੜਾਉਣ ਨਾਲ ਈ ਉਸਨੇ ਮੈਨੂੰ ਚਿੱਠੀ ਪੜ੍ਹਨ
ਮੈਂ ਘਰ ਆ ਕੇ, ਮੰਜੇ ਤੇ ਪੂਣੀ ਬਣਾ ਕੇ ਰੱਖੇ ਬਿਸਤਰੇ ਨ
ਦੀਆਂ ਤਹਿਆਂ ਖੋਲ੍ਹਣ ਲੱਗ ਪਈ। ਚਿੱਠੀ, ਪਹਿਲਾਂ ਮੈਂ ਮੂੰਹ
ਚਿੱਠੀ ਇਉਂ ਪੜ੍ਹਣ ਲੱਗ ਪਈ ਜਿਵੇਂ ਕਿਸੇ ਨੂੰ ਸੁਣਾਉਣੀ ਹੋ ਹੁ
ਬਾਰੇ ਤੁਹਾਨੂੰ ਵੀ ਦੱਸਨੀ ਆਂ। ਮੈਂ ਉਸ ਚਿੱਠੀ ਦੀ ਨਕਲ
ਕੋਲ ਰੱਖ ਲਈ ਸੀ। ਇਹ ਉਹੀ ਨਕਲ ਏ। ਲਉ ਸੁਣੋ :

ਪਿਆਰੇ ਸਾਥੀਉ !

ਸਤਿ ਸ੍ਰੀ ਅਕਾਲ ਕਬੂਲ ਕਰਨੀ !

ਗੁਰਬਚਨ ਰਾਹੀਂ ਤੁਹਾਡਾ ਭੇਜਿਆ ਖਤ ਪੜ੍ਹਕੇ ਮੈਨੂੰ ਯਕੀਨ ਹੋ
ਕਿ ਜੇਲ੍ਹ ਅੰਦਰਲੀ ਪਾਰਟੀ ਕਮੇਟੀ ਨੇ ਮੇਰੇ ਬਾਰੇ ਤੁਹਾਨੂੰ ਹੂ-ਬਹੂ ਉਹੀ ਰਿਪੋਰਟ ਭੇਜੀ ਹੈ ਜਿਸਦੀ ਮੈਨੂੰ ਆਸ ਸੀ। ਉਹਨਾਂ ਦੀ ਭੇਜੀ ਰਿਪੋਰਟ ਬਾਰੇ ਮੈਂ ਤੁਹਾਨੂੰ ਸਾਫ਼ ਕਹਿੰਦਾ ਹਾਂ ਕਿ ਰਿਪੋਰਟ ਨਿਰੋਲ ਝੂਠੀ ਐ। ਗਲਤ ਐ। ਕੋਰਾ ਬਕਵਾਸ ਐ।

ਉਹਨਾਂ ਦੀ ਤੁਹਾਨੂੰ ਭੇਜੀ ਤਿਪੋਰਟ ਦੇ ਵਿਰੋਧ 'ਚ ਅਤੇ ਤੁਹਾਡੀ,ਗੁਰਬਚਨ ਰਾਹੀਂ ਭੇਜੀ ਚਿੱਠੀ ਦੇ ਜਵਾਬ 'ਚ ਮੈਂ ਇਸ ਚਿੱਠੀ 'ਚ ਆਪਣਾ ਪੱਖ, ਦਾਅਵੇ ਨਾਲ ਪੇਸ਼ ਕਰਦਾ ਹਾਂ।

ਪਹਿਲਾਂ, ਜੇਲ੍ਹ ਵਿਚਲੀ ਪਾਰਟੀ-ਕਮੇਟੀ ਨੇ ਮੇਰੇ ਤੇ ਇਲਜ਼ਾਮ ਲਾਇਆ ਹੈ ਕਿ ਮੈਂ ਪਾਰਟੀ ਲਿਟਰੇਚਰ ਪੜ੍ਹਨ ਅਤੇ ਰਾਜਨੀਤਕ ਵਿਚਾਰ-ਵਟਾਂਦਰਾ ਕਰਨ ਤੋਂ ਕੰਨੀਂ ਕਤਰਾ ਕੇ ਐਵੇਂ ਅਕਾਲੀ ਐਜੀਟੇਟਰਾਂ ਨਾਲ ਤਾਸ਼ ਖੇਡ-ਖੇਡ ਸਮਾਂ ਬਰਬਾਦ ਕਰਨ ਲੱਗ ਪਿਆ ਹਾਂ। ਸਮਾਂ ਬਰਬਾਦ ਕਰਨ ਦਾ ਮੈਨੂੰ ਬੇਹੱਦ ਦੁੱਖ ਹੈ। ਪਰ ਸਾਥੀਓ, ਮੈਨੂੰ ਸਮਾਂ ਬਰਬਾਦ ਕਿਉਂ ਕਰਨਾ ਪੈ ਰਿਹੈ? ਇਸਦਾ ਕਾਰਨ ਜੇਲ੍ਹ ਅੰਦਰਲੇ ਸਾਥੀਆਂ ਦਾ ਤੰਗ ਨਜ਼ਰ ਰਵੱਈਆ ਹੈ। ਜਿਹੜੇ ਮਾੜੀ-ਮਾੜੀ ਗੱਲ ਤੇ ਮੈਨੂੰ ਉਦਾਰਵਾਦੀ ਅਤੇ ਚੰਮ ਬਚਾਊ ਜਿਹੇ ਫਤਵਿਆਂ ਵਰਗੇ ਫ਼ਤਵੇ ਦਿੰਦੇ ਰਹਿੰਦੇ ਹਨ। ਉਨ੍ਹਾਂ ਦੇ ਇਹਨਾਂ ਫਤਵਿਆਂ ਨੇ ਮੇਰਾ ਮਨ,ਕਿਤਾਬਾਂ ਪੜ੍ਹਣੋਂ ਅਤੇ ਵਿਚਾਰ-ਵਟਾਂਦਰਾ ਕਰਨੋਂ ਖੱਟਾ ਪਾ ਦਿੱਤਾ ਹੈ। ਮੇਰੇ ਲਈ ਟਾਈਮ

ਖੜ੍ਹੀ ਹੋ ਗਈ ਤੇ ਇਸ ਮੁਸ਼ਕਲ ਨੂੰ ਦੂਰ ਕਰਨ ਲਈ ਜੁਆਬ ਨਾ ਔੜਿਆ। ਕਾਰੀਆਂ ਨਾਲ ਤਾਸ਼ ਖੇਡਣ ਦੇ ਰਾਹ ਪੈਣਾ ਪਿਆ। ਹੋਇਆ ਬੋਲਿਆ ... ਪਾਰਟੀ ਕਮੇਟੀ ਦਾ, ਸਾਥੀਓ! ਮੇਰੇ ਤੇ ਦੂਸਰਾ ਇਲਜ਼ਾਮ

'ਲੈ ਸੁਖੀ ਜੇਲ੍ਹ ਅੰਦਰਲੇ ਸਾਥੀਆਂ ਨਾਲੋਂ ਚਾਹ-ਪੀਣ ਦੀ ਸਾਂਝ ਤੋੜ ਕੇ ਦਾ ਨਾਉਂ ... ਟੀ ਦੇ ਅੰਦੋਲਨਕਾਰੀ ਇਕੱਤਰ ਨਾਲ ਬਣਾ ਲਈ ਹੈ, ਇਹ ਵੀ ਹੁਣ

ਕਿ... ਪਰ ਸਾਥੀਓ! ਤੁਸੀਂ ਦੱਸੋ ਜਦ ਜੇਲ੍ਹ ਵਿਚ ਸਾਥੀ, ਦਾਲ ਨੂੰ ਤੜਕਾ ਐਂ, ... ਚਾਹ ਕਰਨ ਅਤੇ ਭਾਂਡੇ ਸਾਫ਼ ਕਰਨ ਪਿੱਛੇ ਆਥਣ-ਉਗਣ ਲੜਦੇ ਸੋਚ ... ਰਹਿੰਦੇ ਹੋਣ ਤਾਂ, ਕੀ ਕੀਤਾ ਜਾ ਸਕਦੈ? ਜਦ ਕਿਸੇ ਸਾਥੀ ਦਾ ...ਤ ਤੇ ਆਇਆ ਘਿਉ ਜਾਂ ਖੋਆ, ਪਾਰਟੀ ਕਮੇਟੀ ਸਾਰਿਆਂ 'ਚ ਵੰਡਣ ਦੀ ਪਾਰਟੀ ਪੈਂਦੀ ਹੈ ਤਾਂ ਕੀ ਕੀਤਾ ਜਾ ਸਕਦੈ? ਮਾੜੀ ਮਾੜੀ ਗੱਲ ਪਿੱਛੇ ਸਧਾਰਨ ਤੋਂ ਸਧਾਰਨ ਸਾਥੀ, ਮੇਰੀ ਬੇਇੱਜ਼ਤੀ ਕਰ ਦਿੰਦਾ ਹੈ। ਇਹੋ ਜਿਹੇ ਮਹੌਲ 'ਚ ਭਲਾ ਮੇਰੀ ਉਨ੍ਹਾਂ ਨਾਲ ਚਾਹ ਪਾਣੀ ਦੀ ਸਾਂਝ ਕਿਵੇਂ ਬਣੀ ਰਹਿ ਸਕਦੀ ਸੀ। ਬਾਕੀ ਇਕੱਤਰ ਮੇਰੀ ਸਕੀ ਮਾਸੀ ਦਾ ਮੁੰਡਾ 'ਹੈ ਤੇ ਉਹ ਸਾਡੇ ਘਰ-ਵਾਲਿਆਂ ਕੋਲੋਂ ਮੈਨੂੰ ਜ਼ਮੀਨ ਅਤੇ ਘਰ 'ਚੋਂ ਹਿੱਸਾ ਦਿਵਾਉਣ ਲਈ, ਆਪਣੇ ਬਾਪੂ ਜੀ ਰਾਹੀਂ ਕੋਸ਼ਿਸ਼ ਕਰ ਰਿਹਾ ਹੈ। ਸ਼ਾਇਦ ਇਸ ਕੰਮ ਖਾਤਰ ਮੈਨੂੰ ਛੇਤੀ ਜੇਲ੍ਹ 'ਚੋਂ ਬਾਹਰ ਆਉਣਾ ਪਵੇ।

ਤੇ ਜੇਲ੍ਹ ਅੰਦਰਲੀ ਪਾਰਟੀ ਕਮੇਟੀ ਦਾ ਮੇਰੇ ਤੇ ਤੀਜਾ ਦੋਸ਼ ਇਹ ਹੈ, ਕਿ ਮੈਂ ਇਕੱਤਰ ਕੋਲੋਂ ਅਫ਼ੀਮ ਲੈ ਕੇ ਖਾਣ ਲੱਗ ਪਿਆ ਹਾਂ। ਸਾਥੀਓ! ਇਹ ਸਰਾਸਰ ਝੂਠ ਹੈ। ਪਰ ਸਾਥੀਓ! ਮੇਰੇ ਸਿਰ ਨੂੰ ਕਈ ਵਾਰੀ ਬੇਹੱਦ ਦਰਦ ਹੋਣ ਲੱਗ ਪੈਂਦਾ ਹੈ। ਬੇ-ਅਥਾਹ ਦਰਦ ਦਾ ਇੱਕੋ ਇੱਕ ਕਾਰਨ ਇਹ ਹੈ ਕਿ ਜੇਲ੍ਹ ਅੰਦਰਲੇ ਸਾਥੀਆਂ ਦਾ ਸੁਭਾਅ ਬਹੁਤ ਚਿੜਚਿੜ੍ਹਾ ਬਣ ਬਣ ਚੁੱਕਿਆ ਹੈ। ਉਹ ਛੋਟੀ ਛੋਟੀ ਗੱਲ ਤੇ ਭੱਜ ਕੇ, ਵੱਢ-ਖਾਣਿਆਂ ਵਾਂਗੂੰ ਪੈ ਜਾਂਦੇ ਹਨ। ਇਸ ਕਾਰਨ ਸਿਰ ਦਰਦ ਨੂੰ ਘਟਾਉਣ ਲਈ, ਮੈਂ ਕਦੇ ਨਾ ਕਦੇ ਅਫੀਮ ਦਾ ਕੰਡਾ ਇਕੱਤਰ ਕੋਲੋਂ ਜ਼ਰੂਰ ਲੈ ਕੇ ਖਾ ਲੈਂਦਾ ਹਾਂ। ਪਰ ਉਹਨਾਂ ਦੀ ਇਹ ਗੱਲ ਠੀਕ ਨਹੀਂ ਕਿ ਮੈਂ ਅਫੀਮ ਰੋਜ਼ ਖਾਂਦਾ ਹਾਂ!

ਹੋਰ ਸਾਥੀਓ! ਸਭ ਠੀਕ-ਠਾਕ ਹੈ। ਤੁਸੀਂ ਗੁਰਬਚਨ ਦਾ ਪੂਰਾ ਪੂਰਾ ਖਿਆਲ ਰੱਖਣਾ। ਬਾਕੀ ਮਿਲਣ ਤੇ ਸਹੀ।

ਤੁਹਾਡਾ ਸਾਥੀ— ਹਰਪਾਲ ਸਿੰਘ

ਹਰਪਾਲ ਦੀ ਚਿੱਠੀ ਪੜ੍ਹਨ ਨਾਲ ਮੇਰੇ ਨਾਲ
ਮੇਰੇ ਲਈ ਹੁਣ ਵੀ ਬਿਆਨ ਕਰਨੀ ਔਖੀ ਏ। ਪਰ ...ੀਆਂ ਦਾ ਸਿਲਸਿਲਾ ਕਿ ਉਸ ਸਮੇਂ ਮੈਨੂੰ ਘਰ ਕਿਵੇਂ ਵੱਢ-ਵੱਢ ਖਾਂਦਾ ਜਾਪਣ ਲੱ... ਹਾਂ ਪੱਖੀ ਪੈਂਦਾ ਨੂੰ ਕਮਰੇ ਦੀ ਅੰਦਰਲੀ ਕੰਧ ਵਿਚਲੀ ਕਿੱਲੀ ਤੇ, ਟੰਗਿਆ ... ਬਦਲਣੋਂ ਦਾ ਕੁੜਤਾ ਪਜਾਮਾ ਕਿਵੇਂ ਚੁਭਿਆ ਸੀ। ਉਸ ਕਿੱਲੀ ਦੀ ਨ... ਸਾੜੇ ਵਿਆਹ ਵਾਲੇ ਹਾਰਾਂ ਦੇ ਲਾਲ ਫੁੱਲਾਂ ਦਾ ਰੰਗ ਕਿਵੇਂ ਉੱ... ਪੱਖੀ ਰੁਖ ਜਾਪਿਆ ਸੀ। ਹਾਰਾਂ ਵਾਲੀ ਕਿੱਲੀ ਤੋਂ ਦੋ ਕੁ ਫੁੱਟ ਦੀ ਵਿੱਥ ...ਹੀਦੀ ਨਾਲ ਲੰਮਕਦੀਆਂ, ਕਰਤਾਰ ਸਰਾਭੇ ਅਤੇ ਗੁਰੂ ਗੋਬਿੰਦ ਸਿੰ... ਏਦਾ ਤਸਵੀਰਾਂ ਕਿਵੇਂ ਕਚੀਚੀਆਂ ਵਟਦੀਆਂ ਜਾਪੀਆਂ ਸਨ, ਉਹਨਾਂ ... ਸਰੇ ਹੇਠ ਹਰਪਾਲ ਨੇ ਫੜੇ ਜਾਣ ਤੋਂ ਮਹੀਨਾ ਕੁ ਪਹਿਲਾਂ ਲਿਖਿਆ ਸੀ :

'ਜੇਲ੍ਹਾਂ ਹੈਨ ਕਾਲਜ ਵਤਨ ਸੇਵਕਾਂ ਲਈ,
ਦਾਖ਼ਲ ਹੋ ਕੇ ਡਿਗਰੀਆਂ ਪਾ ਜਾਣਾ।
ਹੁੰਦੇ ਫੇਲ੍ਹ ਬਹੁਤੇ ਅਤੇ ਪਾਸ ਥੋੜੇ,
ਤੁਸੀਂ ਮੂਲੋਂ ਨਾ ਕਿਤੇ ਘਬਰਾ ਜਾਣਾ।'

ਤਸਵੀਰ ਹੇਠਲੀਆਂ ਕਰਤਾਰ ਸਿੰਘ ਸਰਾਭੇ ਦੀ ਕਵਿਤਾ ਦੀਆਂ ਲਾਈਨਾਂ ਵਲ ਤੱਕਦਿਆਂ ਮੈਂ ਸੋਚ ਗਈ ਸਾਂ,

ਹਰਪਾਲ ਦੀ ਚਿੱਠੀ ਦੱਸਦੀ ਏ ਕਿ ਉਸ ਦੇ ਲੱਛਣ ਪਾਸ ਹੋਣ ਵਾਲੇ ਨਹੀਂ, ਫੇਲ੍ਹ ਹੋਣ ਵਾਲੇ ਨੇ।.. ਖੈਰ! ਮੈਨੂੰ ਇਉਂ ਢੇਰੀ ਨਹੀਂ ਢਾਉਣੀ ਚਾਹੀਦੀ। ਉਸ ਨੂੰ ਫੇਲ੍ਹ ਹੋਣ ਤੋਂ ਬਚਾਉਣਾ ਚਾਹੀਦੈ।.. ਹੁਣ ਤਾਂ ਲੋਕ ਮੈਨੂੰ ਸ਼ਹੀਦ ਸਵਰਨੇ ਦੀ ਭੈਣ ਆਖਦੇ ਨੇ। ਪਰ ਜੇ ਹਰਪਾਲ ਇਸ ਇਮਤਿਹਾਨ 'ਚ ਫੇਲ੍ਹ ਹੋ ਗਿਆ ਤਾਂ ਲੋਕ ਮੈਨੂੰ ਹਰਪਾਲ...।

ਇਥੇ ਆ ਕੇ ਮੇਰੀ ਸੋਚ ਰੁਕ ਗਈ ਸੀ। ਮੇਰਾ ਸਿਰ ਚਕਰਾਉਣ ਲੱਗ ਪਿਆ ਸੀ ਤੇ ਮੈਂ ਆਪਣੇ-ਆਪ ਨੂੰ ਇਹ ਆਖਦੀ ਉਠੀ ਸਾਂ...' ਤੈਨੂੰ ਹਰਪਾਲ ਨੂੰ ਫੇਲ੍ਹ ਹੋਣੋ ਬਚਾਉਣ ਦੀ ਆਪਣੀ ਪੂਰੀ ਵਾਹ ਲਾਉਣੀ ਚਾਹੀਦੀ ਏ...।

...ਤੇ ਮੈਂ ਹਰਪਾਲ ਨੂੰ ਖ਼ਤ ਲਿਖਣ ਲਈ, ਪੈੱਨ ਅਤੇ ਕਾਗਜ਼ ਲੈ ਕੇ ਬੈਠ ਗਈ ਸਾਂ। ਮੈਂ ਜਿਹੜਾ ਖ਼ਤ ਉਸ ਨੂੰ ਲਿਖਿਆ ਸੀ, ਉਹ ਤੁਹਾਨੂੰ ਵੀ ਪੜ੍ਹਕੇ ਸੁਣਾਉਂਦੀ ਹਾਂ।

...ਨ ਸਾਥੀ,

ਜੁਆਬ ਨਾ ਔੜਿਆ। ...ਮਿਲੀ ਇਜਾਜ਼ਤ ਅਨੁਸਾਰ, ਮੈਂ ਤੁਹਾਡੀ, ਬਾਈ ਹੋਰਾਂ...
ਹੋਇਆ ਬੋਲਿਆ ... ਵਾਰ-ਵਾਰ ਪੜ੍ਹੀ, ਚਿੱਠੀ ਪਹਿਲੀ ਵਾਰ ਤੋਂ ਅਗਲੀ ...

'ਲੈ ਸੁਖੀ ਮੇਰਾ ਦਿਲ ਪਹਿਲਾਂ ਨਾਲੋਂ ਵੱਧ ਦੁਖੀ ਹੁੰਦਾ ਰਿਹਾ। ਮੈਨੂੰ ਤੁਹਾ...
ਦਾ ਨਾਉਂ ਮ... ਰਾਹ ਤੇ ਮੋੜ ਕੱਟਣ ਦੀ ਉੱਕੀ ਆਸ ਨਹੀਂ ਸੀ, ਜਿਸ ਰਾਹ...

...ਹੁਣ...ਜ਼ਾ, ਮੈਨੂੰ ਤੁਹਾਡੀ ਚਿੱਠੀ 'ਚੋਂ ਸਾਫ਼ ਉਭਰਦਾ ਦਿਸਿਆ ਏ...
ਐਂ, ਕਿਉਂ ਸਾਥੀ ਹਰਪਾਲ! ਮੈਂ ਇਹ ਨਹੀਂ ਸਮਝਦੀ ਕਿ ਪਾਰਟੀ ਦੇ ਜੋ...
ਸੋਚ ...ਰਲੇ ਬਾਈਆਂ ਦੇ ਵਰਤਾਉ 'ਚ ਕੋਈ ਨੁਕਸ ਨਹੀਂ ਹੋਣਾ। ਉਹ...
'ਚ ...ਰਵੱਈਏ 'ਚ ਜ਼ਰੂਰ ਨੁਕਸ ਹੋ ਸਕਦਾ ਏ। ਪਰ ਉਹਨਾਂ ਦੇ ਰਵੱਈ...
ਦੀ ਪਾਰਟੀ ...ਰਲੇ ਨੁਕਸਾਂ ਨੂੰ ਆਪਣਿਆਂ ਵਾਂਗੂ ਸੁਧਾਰਨ ਦਾ ਰਾਹ ਛੱਡ ਕੇ ਤੁਸੀਂ...
ਜਿਹੜੇ ਰਾਹ ਵੱਲ ਮੋੜਾ ਕੱਟਿਆ ਏ, ਉਹ ਰਾਹ ਉਹਨਾਂ ਦੇ ਰਵੱਈਏ ਵਿਚਲੇ...
ਵੱਡੇ ਤੋਂ ਵੱਡੇ ਨੁਕਸ ਨਾਲੋਂ ਵੀ, ਵੱਧ ਖਤਰਨਾਕ ਏ। ਕਿੰਨਾ ਚੰਗਾ ਹੋਵੇ,
ਤੁਸੀਂ ਆਪਣਾ ਸਮਾਂ ਤਾਸ 'ਚ ਬਰਬਾਦ ਕਰਨ ਦੀ ਥਾਂ, ਪਾਰਟੀ ਦੇ, ਜੋ...
ਵਿਚਲੇ ਵੀਰਾਂ ਦੇ ਰਵੱਈਏ ਅੰਦਰਲੇ ਨੁਕਸਾਂ ਨੂੰ ਸੁਧਾਰਨ ਲਈ ਇਸਤੇਮਾ...
ਕਰੋ। ਸਿਰ ਦੇ ਦਰਦ ਸਮੇਂ ਜਿਹੜਾ ਤੁਸੀਂ ਅਫ਼ੀਮ ਦਾ ਕੰਡਾ ਲੈ ਕੇ ਖਾ...
ਹੋ, ਇਹ ਕੰਡਾ ਸਿਰ ਦਰਦ ਲਈ ਕੋਈ ਚੰਗੀ ਦਵਾਈ ਨਹੀਂ। ਸਿਰ ਦਰ...
ਦਾ ਇਲਾਜ ਤਾਂ ਬਸ ਇਕੋ-ਇਕ ਏ ਕਿ, ਤੁਸੀਂ ਆਪਣੇ ਦਿਮਾਗ ਤੋਂ ...
ਬੋਝ ਦੀ ਪੰਡ ਲਾਹਕੇ ਪਰ੍ਹਾਂ ਵਗਾਹ ਮਾਰੋ, ਜਿਹੜੇ ਬੋਝ ਦੀ ਪੰਡ ਤੁਹਾ...
ਦਿਮਾਗ 'ਚ ਤੁਹਾਡੀ ਜ਼ਮੀਰ ਦੇ ਉਲਟ ਪੈਦਾ ਹੋ ਰਹੇ ਘਟੀਆ ਵਿਚ...
ਬਣ ਰਹੀ ਏ। ਮੇਰੇ ਜੀਵਨ ਸਾਥੀ ਹਰਪਾਲ! ਤੁਸੀਂ ਮੇਰੀਆਂ ਖਰੀਆਂ-ਖਰੀ...
ਗੱਲਾਂ ਦਾ ਗੁੱਸਾ ਕਰਨ ਦੀ ਬਜਾਏ, ਇਹਨਾਂ ਗੱਲਾਂ ਅੰਦਰਲੀ ਸੱਚਾਈ ਨੂੰ ਫੜ...
ਦੀ ਕੋਸ਼ਿਸ਼ ਕਰਨੀ। ਮੈਂ ਤੁਹਾਨੂੰ, ਉਸ ਦਿਨ ਮੁਲਾਕਾਤ ਸਮੇਂ ਜੇਲ੍ਹ 'ਚ...
ਆਖਿਆ ਸੀ ਕਿ ਇਕੱਤਰ ਦਾ ਰੰਗ ਢੰਗ ਚੰਗੇ ਬੰਦਿਆਂ ਵਾਲਾ ਨਹੀਂ ਲੱਗਦਾ...
ਮੇਰੀ ਇਸ ਗੱਲ 'ਚ ਕੋਈ ਝੂਠ ਨਹੀਂ। ਮੇਰੀ ਗੱਲ ਵਿਚਲੀ ਸੱਚਾਈ ਨੂੰ ਸ...
ਵੀ ਸਾਫ਼ ਕਰ ਰਿਹੈ। ਤੁਸੀਂ ਖ਼ੁਦ ਸਮਝ ਸਕਦੇ ਹੋ ਕਿ ਇਕੱਤਰ...
ਮੁਸਾਇਟੀ ਤੁਹਾਨੂੰ ਕਿਵੇਂ ਉਹਨਾਂ ਵੀਰਾਂ ਤੋਂ ਪਾਸੇ ਧੂਹ ਕੇ ਲੈ ਜਾ ਰਹੀ ਐ, ਜਿ...
ਵੀਰਾਂ ਨੂੰ ਤੁਸੀਂ ਕਿਸੇ ਦਿਨ 'ਬਹੁਤ ਕੀਮਤੀ ਬੰਦੇ' ਆਖਿਆ ਸੀ। ਉਸ...

ਹਿਆਂ ਦਾ ਸਿਲਸਿਲਾ
ਸੁਸਾਇਟੀ ਕਿਵੇਂ ਤੁਹਾਨੂੰ ਅਮਲੀ ਬਨਾਉਣ ਦੇ ਰਾਹ ਪਾ ਰਹ... ਹਾਂ ਪੱਖੀ ਪੈਦਾ
ਹਰਪਾਲ ! ਜ਼ਮੀਨ ਜਾਇਦਾਦ, ਕੋਈ ਨਾ ਨਾਲ ਲੈ ਕੇ ਜੰਮਦਾ ਏ ... 'ਚ ਬਦਲਣੋਂ
ਨਾਲ ਲੈ ਕੇ ਮਰਦਾ ਏ। ਤੁਸੀਂ ਤਾਂ ਖ਼ੁਦ ਆਪ ਆਖਦੇ ਹੁੰਦੇ
ਦੁਨੀਆਂ 'ਚ ਬੰਦੇ ਦੇ ਕੀਤੇ ਚੰਗੇ ਅਮਲ ਈ ਅਮਰ ਰਹਿੰਦੇ ਨੇ'. ਤੇ ਹੁ... ਪੱਖੀ ਰੁਖ
ਜਿਹੜੇ ਅਮਲ ਕਰਨੇ ਸ਼ੁਰੂ ਕੀਤੇ ਨੇ, ਇਹ ਚੰਗੇਨ ਹੀਂ, ਮਾੜੇ ਹਨ। ...ਹੀਦੀ
ਤੁਹਾਨੂੰ ਆਖਰ 'ਚ ਇਹੋ ਬੇਨਤੀ ਕਰਦੀ, ਲਿਖਦੀ ਹਾਂ ਕਿ ਤੁਹਾਨੂੰ ਮੇਰੀ ...ਦਾ
ਮੇਰੇ ਪੇਟ ਵਿਚਲੀ ਤੁਹਾਡੀ ਅਮਾਨਤ ਦੀ ਕਸਮ ਲੱਗੇ ਤੁਸੀਂ ਜ਼... ਸਰੇ
ਜਾਇਦਾਦ ਦੇ ਲਾਲਚ 'ਚ ਆ ਕੇ ਹਕੂਮਤ ਕੋਲੋਂ ਮੁਆਫ਼ੀ ਨਾ ਮੰਗਣੀ
ਕਿਉਂਕਿ ਬਾਈ ਹੋਰੀਂ ਦੱਸਦੇ ਸਨ ਕਿ ਅੱਜ ਦੀ ਹਾਲਤ 'ਚ ਜ਼ਮਾਨਤ ਉਸੇ ਦੀ
ਈ ਹੋ ਸਕਦੀ ਐ ਜਿਹੜਾ ਸਰਕਾਰ ਦੀਆਂ ਲਹੂ-ਪੀਣੀਆਂ ਨੀਤੀਆਂ ਉੱਤੇ
ਦਸਤਖ਼ਤ ਕਰਦਾ ਏ। ਤੁਸੀਂ ਇਨ੍ਹਾਂ ਕਲੈਹਣੀਆਂ ਨੀਤੀਆਂ ਤੇ ਸਹੀ ਪਾਕੇ ਬਿਲਕੁਲ
ਬਾਹਰ ਨਾ ਆਉਣਾ। ਮੁਸੀਬਤਾਂ ਬੰਦਿਆ ਤੇ ਈ ਆਉਂਦੀਆਂ ਏਂ। ਤੁਸੀਂ
ਮੁਸੀਬਤਾਂ ਸਾਹਮਣੇ ਹੌਸਲਾ ਨਾ ਹਾਰਨਾ। ਮੇਰਾ ਫਿਕਰ ਉੱਕਾ ਨਾ ਕਰਿਓ,
ਮੈਨੂੰ ਤਾਂ ਮੁਸੀਬਤਾਂ ਦੇ ਪਹਾੜਾਂ ਨਾਲ ਟਕਰਾਉਣਾ, ਸਮਿਆਂ ਨੇ ਸਿਖਾ ਦਿੱਤਾ ਏ।
ਤੁਸੀਂ ਆਪਣਾ ਹੌਂਸਲਾ ਬੁਲੰਦ ਰੱਖਣਾ।

ਤੁਹਾਡੀ ਜੀਵਨ ਸਾਥਣ—ਕਿਰਣ ਬਾਲਾ ਉਰਫ਼ ਗੁਰਬਚਨ ਕੌਰ।

ਮੈਂ ਆਪਣੀ ਇਸ ਚਿੱਠੀ ਦੇ ਨਾਲ ਈ ਬਾਈ ਹੋਰਾਂ ਦੀ ਲਿਖੀ ਚਿੱਠੀ ਵੀ ਹਰਪਾਲ ਨੂੰ ਮੁਲਾਕਾਤ ਕਰਨ ਸਮੇਂ ਫੜਾ'ਤੀ। ਬਾਈ ਹੋਰਾਂ ਦੀ ਚਿੱਠੀ 'ਚ ਕੀ ਲਿਖਿਆ ਸੀ ? ਮੈਨੂੰ ਇਸਦਾ ਦਾ, ਨਾ ਉਸ ਸਮੇਂ ਪਤਾ ਸੀ ਤੇ ਨਾ ਈ ਹੁਣ ਪਤੇ। ਕਿਉਂਕਿ ਮੈਂ ਉਹ ਚਿੱਠੀ ਪੜ੍ਹੀ ਨਹੀਂ ਸੀ, ਪਰ ਮੈਂ ਉਸ ਚਿੱਠੀ ਬਾਰੇ ਆਪਣਾ ਅੰਦਾਜ਼ਾ ਦੱਸ ਸਕਦੀ ਹਾਂ। ਮੇਰਾ ਖਿਆਲ ਐ, ਬਾਈ ਹੋਰਾਂ ਨੇ ਵੀ ਆਪਣੀ ਚਿੱਠੀ 'ਚ ਹਰਪਾਲ ਨੂੰ ਕਾਇਮ ਰਹਿਣ ਬਾਰੇ ਈ ਲਿਖਿਆ ਹੋਊ।...ਪਰ ਹਰਪਾਲ 'ਤੇ ਸਾਡੀਆਂ ਚਿੱਠੀਆਂ ਦਾ ਕੋਈ ਅਸਰ ਨਾ ਹੋਇਆ। ਉਹ ਇਕ ਪਾਸੇ ਤਾ ਮੈਨੂੰ ਵਿਸ਼ਵਾਸ਼ ਦਿਵਾਉਂਦਾ ਰਿਹਾ,

'ਗੁਰਬਚਨ ! ਤੂੰ ਫਿਕਰ ਨਾ ਕਰ...ਮੁਆਫ਼ੀ ਮੰਗ ਕੇ ਮੈਂ ਜੇਲ੍ਹੋਂ ਬਾਹਰ ਨਹੀਂ ਆਵਾਂਗਾ। ਬਾਹਰ ਆਇਆ ਤਾਂ ਮੁਆਫ਼ੀ ਮੰਗੇ ਤੋਂ ਬਿਨਾਂ ਈ ਆਵਾਂਗਾ।'

ਜੁਆਬ ਨਾ ਔੜਿਆ। ਖ਼ਾਸੇ, ਸਾਥੋਂ ਚੋਰੀਓ, ਇਕੱਤਰ ਦੇ ਪਿਓ ਨੂੰ ਮੁਆਫ਼ੀ- ਹੋਇਆ ਬੋਲਿਆ [illegible]ਰਕੇ ਦੇ ਦਿੱਤੇ ਸਨ। ਇਸ ਗੱਲ ਦਾ ਪਤਾ ਜੇਲ੍ਹ ਅੰਦਰਲੇ 'ਲੇ ਸੁਖੀ[illegible] ਦੇ ਇਕ ਵਾਰਡਰ ਕੋਲੋਂ ਲੱਗਿਆ ਸੀ, ਜਿਸ ਬਾਈ ਨੇ, ਦਾ ਨਾਉਂ [illegible]ਕਾਤੀ ਰਾਹੀਂ, ਪਾਰਟੀ ਵਾਲਿਆਂ ਨੂੰ ਇਸ ਗੱਲ ਬਾਰੇ ਸੁਨੇਹਾ [illegible]ੀ। ਹਰਪਾਲ ਦੇ ਜੇਲ੍ਹ 'ਚੋਂ ਬਾਹਰ ਆਉਣ ਦੀ ਮੈਨੂੰ, ਜਿਹੋ-ਜਿਹੀ ਐਂ, [illegible] ਸੀ ਉਸਦਾ ਅੰਦਾਜ਼ਾ ਤੁਸੀਂ ਖ਼ੁਦ ਈ ਲਾ ਸਕਦੇ ਹੋ। ਸੱਚ ਨਾਲ ਈ ਸੋਚ [illegible]ੀਨ ਕਰਨਾ, ਸਾਡੇ ਕਮਰੇ ਦੀ ਅੰਦਰਲੀ ਕੰਧ ਵਿਚਲੀ ਕਿੱਲੀ ਤੇ ਟੰਗੇ [illegible] ਫੁੱਲਾਂ ਦਾ ਲਾਲ ਰੰਗ ਮੈਨੂੰ ਉੱਡ-ਪੁੱਡ ਗਿਆ ਜਾਪਿਆ ਸੀ ਤੇ ਮੇਰੇ ਦ[illegible] 'ਚ ਉੱਥਲ-ਪੁੱਥਲ ਹੋਈ ਸੀ। ਮੇਰਾ ਚਿੱਤ ਫੁੱਲਾਂ ਦੇ ਉਹਨਾਂ ਹਾਰਾਂ ਨੂੰ ਕਮਰੇ ਦੀ ਕੰਧ ਵਿਚਲੀ ਕਿੱਲੀ ਤੋਂ ਲਾਹਕੇ, ਚੁਲ੍ਹੇ 'ਚ ਬਲਦੀ ਅੱਗ 'ਚ ਸੁੱਟਣ ਨੂੰ ਕੀਤਾ ਸੀ। ਸ਼ਾਇਦ ਮੈਂ ਸਿੱਟ ਈ ਦਿੰਦੀ, ਜੇ ਮੈਨੂੰ ਬਾਈ ਹੋਰਾਂ ਦੀ ਚਿੱਠੀ ਨਾ ਮਿਲੀ ਹੁੰਦੀ। ਉਹ ਚਿੱਠੀ ਮੇਰੇ ਕੋਲ ਹੁਣ ਵੀ ਹੈ। ਇਕ ਮਿੰਟ ਮੈਂ ਤੁਹਾਨੂੰ ਆਪਣੇ ਪਰਸ 'ਚੋਂ ਉਹ ਚਿੱਠੀ ਕੱਢਕੇ ਸੁਣਾਉਂਦੀ ਹਾਂ। .. ਲਉ ! ਬਿਜਲੀ ਈ ਚਲੀ ਗਈ। ਬਿਜਲੀ ਆ ਜਾਣ ਦਿਉ, ਫੇਰ ਸੁਣਾਉਨੀ ਆਂ ਚਿੱਠੀ...।

ਸੱਤ

ਲਉ ! ਬਿਜਲੀ ਆ ਗਈ ਏ। ਲਉ...ਸੁਣੋ !

ਪਿਆਰੀ ਭੈਣ ਕਿਰਣ !

ਅਸੀਂ ਇਹ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਹਰਪਾਲ ਦੇ ਜੇਲ੍ਹ 'ਚੋਂ ਮੁਆਫ਼ੀ ਮੰਗ ਕੇ ਆਉਣ ਨਾਲ, ਤੇਰੇ ਮਨ ਨੂੰ ਬਹੁਤ ਦੁੱਖ ਹੋਇਆ ਹੋਵੇਗਾ। ਪਰ ਕਿਰਣ ! ਇਸ ਤੋਂ ਦੁੱਖੀ ਹੋ ਕੇ ਤੈਨੂੰ ਹਰਗਿਜ਼ ਕੋਈ ਗਲਤ ਕਦਮ ਨਹੀਂ ਪੁੱਟਣਾ ਚਾਹੀਦਾ। ਕਿਉਂਕਿ ਮਜ਼ਦੂਰ ਜਮਾਤ ਦੀ ਮਾਰਕਸਵਾਦੀ ਰਾਜਨੀਤੀ ਅਤੇ ਵਿਚਾਰਧਾਰਾ ਸਾਫ਼ ਸਿਖਾਉਂਦੀ ਹੈ ਕਿ ਹਰ ਇੱਕ ਚੀਜ਼ 'ਚ ਸਿਫ਼ਤੀ

ਤਬਦੀਲੀ ਆਉਣ ਤੋਂ ਪਹਿਲਾਂ ਗਿਣਾਤਮਕ ਤਬਦੀਲੀਆਂ ਦਾ ਸਿਲਸਿਲਾ ਲਾਜ਼ਮੀ ਹੁੰਦਾ ਹੈ। ਇਸ ਸਿਲਸਿਲੇ ਦੌਰਾਨ ਜੇ ਬਾਹਰੀ ਹਾਲਤਾਂ ਹਾਂ ਪੱਖੀ ਪੈਦਾ ਕੀਤੀਆਂ ਜਾਣ ਤਾਂ ਉਸ ਚੀਜ਼ ਨੂੰ ਨਾਂਹ ਪੱਖੀ ਸਿਫ਼ਤੀ ਤਬਦੀਲੀ 'ਚ ਬਦਲਣੋਂ ਬਚਾਇਆ ਜਾ ਸਕਦਾ ਹੈ।

ਇਸ ਲਈ ਭੈਣ ਕਿਰਣ! ਆਪਾਂ ਨੂੰ ਹਰਪਾਲ ਪ੍ਰਤੀ ਨਾਂਹ ਪੱਖੀ ਰੁਖ ਕਦਾਚਿਤ ਨਹੀਂ ਅਪਣਾਉਣਾ ਚਾਹੀਦਾ। ਸਮਝਾਊ ਪਹੁੰਚ ਅਪਣਾਉਣੀ ਚਾਹੀਦੀ ਹੈ। ਇਸ ਪਹੁੰਚ ਨੂੰ ਮੁਖ ਰੱਖਦਿਆਂ, ਪਾਰਟੀ ਵਲੋਂ ਸਾਥੀ ਗੁਰਮੀਤ ਬਕਾਇਦਾ ਹਰਪਾਲ ਨਾਲ ਅਤੇ ਤੁਹਾਡੇ ਨਾਲ ਤਾਲਮੇਲ ਬਣਾਕੇ ਰੱਖੇਗਾ। ਮੇਰਾ ਜਾਂ ਦੂਸਰੇ ਸੀਨੀਅਰ ਸਾਥੀਆਂ ਦਾ ਤੁਹਾਨੂੰ ਮਿਲਣ ਲਈ ਆਉਣਾ ਕੁਝ ਸਮੇਂ ਲਈ ਮੁਸ਼ਕਲ ਬਣ ਗਿਆ ਹੈ, ਕਿਉਂਕਿ ਕਾਮਰੇਡ ਮਾਉ-ਜ਼ੇ-ਤੁੰਗ ਦੀ ਮੌਤ ਤੋਂ ਬਾਦ, ਆਪਣੀ ਪਾਰਟੀ ਦੀ ਕੇਂਦਰੀ ਕਮੇਟੀ 'ਚ ਕਈ ਮਹੱਤਵਪੂਰਨ ਵਿਚਾਰਧਾਰਕ-ਰਾਜਨੀਤਕ ਨੁਕਤਿਆਂ ਤੇ ਵਾਦ-ਵਿਵਾਦ ਛਿੜ ਪਿਆ ਹੈ। ਜਿਸ ਕਾਰਨ ਸੀਨੀਅਰ ਸਾਥੀਆਂ ਦੇ ਰੁਝੇਵੇਂ ਪਹਿਲਾਂ ਨਾਲੋਂ ਵਧ ਗਏ ਹਨ।...

ਤੇ ਇਸ ਕਾਰਨ ਭੈਣ ਕਿਰਣ! ਹੁਣ ਤੁਹਾਡੇ ਅਤੇ ਹਰਪਾਲ ਨਾਲ, ਪਾਰਟੀ ਸਾਥੀ ਗੁਰਮੀਤ ਰਾਹੀਂ ਤਾਲਮੇਲ ਬਣਾ ਕੇ ਰੱਖੇਗੀ। ਤੁਸੀਂ ਸਦਾ ਚੜ੍ਹਦੀਆਂ ਕਲਾਂ 'ਚ ਰਹਿਣਾ।

ਤੁਹਾਡਾ—ਬਾਈ ਕਾਮਰੇਡ

ਬਸ ਇਹੋ ਚਿੱਠੀ ਹੈ ਬਾਈ ਕਾਮਰੇਡ ਦੀ। ਇਸ ਚਿੱਠੀ ਨੂੰ ਵਾਰ-ਵਾਰ ਪੜ੍ਹਨ ਨਾਲ ਮੈਂ ਆਪਣੇ ਦਿਲ ਅੰਦਰਲੀ ਪੈਦਾ ਹੋਈ ਉੱਥਲ ਪੁੱਥਲ 'ਤੇ ਕਾਬੂ ਪਾਉਣ 'ਚ ਕੁਝ ਨਾ ਕੁਝ ਹੱਦ ਤੱਕ ਕਾਮਯਾਬ ਹੋਊ। ਹਾਂ!.. ਹਾਂ!!... ਆਹ ਖਿੜਕੀ ਬੰਦ ਕਰ ਦੇਵੋ। ਬਾਹਰੋਂ ਠੰਢੀ ਹਵਾ ਆਉਣ ਲੱਗ ਪਈ ਏ।

ਹਾਂ! ਤੇ ਗੁਰਮੀਤ ਮਹੀਨੇ-ਸਵਾ-ਮਹੀਨੇ ਬਾਦ ਸਾਡੇ ਘਰ ਗੇੜਾ ਮਾਰਦਾ। ਉਹ ਕਿਸੇ ਗੇੜੇ ਪਾਰਟੀ ਦਾ ਕੋਈ ਪਰਚਾ ਦੇ ਚਲਾ ਜਾਂਦਾ ਤੇ ਕਿਸੇ ਗੇੜੇ ਪਾਰਟੀ ਦਾ ਸਪੈਸ਼ਲ ਕੱਢਿਆ ਲੀਫਲੈਟ ਦੇ ਕੇ ਚਲਾ ਜਾਂਦਾ। ਮੈਂ ਤਾਂ ਪਾਰਟੀ ਪਰਚੇ ਅਤੇ ਲੀਫਲੈਟਾਂ ਨੂੰ ਖਿੱਚ ਨਾਲ ਪੜ੍ਹਦੀ। ਪਰ ਹਰਪਾਲ ਪਰਚੇ ਦੇ ਵਰਕਿਆਂ ਦੀ ਉੱਲਦ ਪੁੱਲਦ ਕਰਕੇ, ਪਰਚੇ ਨੂੰ ਪਰਾਂ ਧਰਦਾ ਚਿੜਚਿੜੀ ਆਵਾਜ਼ 'ਚ ਚੀਕਦਾ :

'ਪਤਾ ਨਹੀਂ ਕਾਮਰੇਡਾਂ ਦੀ ਮੱਤ ਨੂੰ ਕੀ ਪੁੱਠੀ ਭਮਾਲੀ ਆ ਗਈ। ਕੋਈ ਆਖੀ ਜਾਂਦੈ ਤਿੰਨ ਦੁਨੀਆਂ ਦਾ ਸਿਧਾਂਤ ਸੋਧਵਾਦੀ ਐ, ਕੋਈ ਕਹੀ ਜਾਂਦੈ ਚੀਨ 'ਚ ਵੀਂ ਇਜਾਰੇਦਾਰ ਸਰਮਾਏਦਾਰੀ ਬਹਾਲ ਹੋ ਗਈ।... ਤੇ ਭਲਾ! ਜੇ ਚੀਨ 'ਚ ਵੀ ਇਜਾਰੇਦਾਰ ਸਰਮਾਏਦਾਰੀ ਬਹਾਲ ਹੋ ਗਈ ਤਾਂ ਫੇਰ ਭਾਰਤ 'ਚ ਇਨਕਲਾਬ ਕਰਨ 'ਤੇ ਟੱਕਰਾਂ ਕਾਹਨੂੰ ਮਾਰਦੇ ਨੇ।... ਜਦੋਂ ਕਿਸੇ ਦੇਸ਼ 'ਚ ਇਨਕਲਾਬ ਨੇ ਖੜਨਾ ਈ ਨਹੀਂ...ਪਹਿਲਾਂ ਰੂਸ, ਵੀਅਤਨਾਮ ਅਤੇ ਕੰਬੋਡੀਆ ਦੇ ਇਨਕਲਾਬਾਂ ਦਾ ਭੱਠਾ ਬੈਠ ਗਿਆ...।'

ਉਸ ਦੀਆਂ ਇਹੋ ਜਿਹੀਆਂ ਗੱਲਾਂ 'ਚੋਂ ਸੱਚ ਨਾਲ ਈ ਮੈਨੂੰ ਮੁਸ਼ਕ ਰਹੇ ਪਾਣੀ ਵਰਗੀ ਸੜਿਆਂਦ ਆਉਂਦੀ। ਕਿਉਂਕਿ ਉਹ ਘੁਣਤਰਾਂ ਕੱਢਣ 'ਚ ਤਾਂ ਮਾਹਰ ਹੋ ਰਿਹਾ ਸੀ, ਪਰ ਦੂਸਰੇ ਪਾਸੇ ਪਾਰਟੀ ਦੇ ਕੰਮ ਧੰਦੇ ਵੱਲੀਓਂ ਦਿਨੋ ਦਿਨ ਕੰਨੀ ਕਤਰਾਉਂਦਾ, ਜ਼ਮੀਨ ਜਾਇਦਾਦ ਲੈਣ ਦੇ ਚੱਕਰ 'ਚ ਵੱਧ ਉਲਝਦਾ ਜਾ ਰਿਹਾ ਸੀ। ਉਸਦੀ, ਇਸ ਚੱਕਰ 'ਚ ਉਲਝੇ ਦੀ ਇਕ ਲੱਤ ਤਾਂ ਇਕੱਤਰ ਦੇ ਪਿੰਡ ਹੁੰਦੀ ਅਤੇ ਦੂਸਰੀ ਲੱਤ ਆਪਣੇ ਪਿੰਡ ਹੁੰਦੀ। ਮੇਰੇ ਕੋਲ ਵੀ ਉਹ ਤਕਰੀਬਨ ਦਿਨ ਛਿਪੇ ਤੋਂ ਬਾਦ ਈ ਆਉਂਦਾ। ਉਹ ਤਾਂ ਉਸ ਸ਼ਾਮ ਵੀ ਘਰ ਨਹੀਂ ਸੀ, ਜਿਸ ਸ਼ਾਮ ਮੈਂ ਮੰਜੇ ਤੇ ਪਈ ਜਣੇਪੇ ਦੀ ਪੀੜਾਂ ਨਾਲ ਕੁਰਲਾਅ ਰਹੀ ਸਾਂ। ਕੁਦਰਤੀ ਉਸ ਸ਼ਾਮ ਮੈਨੂੰ ਮਿਲਣ ਲਈ ਗੁਰਮੀਤ ਦੇ ਮਾਤਾ ਜੀ ਆ ਗਏ। ਮਾਤਾ ਜੀ ਮੇਰੀ ਹਾਲਤ ਨੂੰ ਵੇਖਦਿਆਂ ਈ, ਹਰਪਾਲ ਦੀ ਲਾਪ੍ਰਵਾਹੀ ਨੂੰ ਕੋਸਦੇ, ਡਾਕਟਰ ਨੂੰ ਬੁਲਾਉਣ ਚਲੇ ਗਏ ਸਨ। ਡਾਕਟਰ ਦੀ ਕਾਫ਼ੀ ਭੱਜ-ਨੱਠ ਤੋਂ ਬਾਦ ਈ ਮੈਂ ਮੁੰਡੇ ਨੂੰ ਜਨਮ ਦੇ ਸਕੀ ਸਾਂ।...

...ਮੁੰਡਾ, ਨਿਰ੍ਹਾ ਮੇਰੇ ਸਵਰਨ ਵੀਰ ਦੇ ਮੜੰਗੇ ਦਾ ਸੀ। ਉਸੇ ਵਰਗਾ ਗੋਰਾ ਰੰਗ, ਗੋਲ ਮੂੰਹ, ਚੌੜਾ ਮੱਥਾ, ਲੰਮੀ ਠੋਡੀ ਅਤੇ ਮੋਟੀ ਮੋਟੀ ਅੱਖ। ਸੱਚ ਨਾਲ ਈ ਮੈਨੂੰ ਮੇਰੇ ਨਾਲ ਪਿਆ ਮੁੰਡਾ ਇਉਂ ਲੱਗੇ ਜਿਵੇਂ, ਮੇਰਾ ਸਵਰਨ ਵੀਰ ਮੁੜਕੇ ਵਾਪਿਸ ਆ ਗਿਆ ਹੁੰਦੈ। ਮੈਂ ਮਨ ਈ ਮਨ 'ਚ ਸੋਚਣ ਲੱਗ ਪਈ ਸਾਂ। ਅੜੀਏ! ਵੀਰ ਸਵਰਨਾ ਮੁੜ ਕੇ ਵਾਪਿਸ ਆ ਗਿਆ ਏ।. ਤੈਨੂੰ ਇਸ ਦਾ ਨਾਉਂ ਵੀ ਉਹੀ ਰੱਖਣਾ ਚਾਹੀਦਾ ਏ ਜਿਹੜਾ ਨਾਉਂ ਉਸਦੇ ਨੂਰ ਨੂੰ ਅਮਰ ਕਰ ਦੇਣ ਵਾਲਾ ਹੋਵੇ।

...ਹਾਂ...ਹਾਂ!! ਤੈਨੂੰ ਇਸਦਾ ਨਾਂ ਕੀ ਰੱਖਣਾ ਚਾਹੀਦੈ ਭਲਾ? ਸੋਚ

ਖਾਂ, ਨਾਂ ਕੀ ਰੱਖਣਾ ਚਾਹੀਦੈ ?...ਹਾਂ...ਹਾਂ। ਇਹ ਨਾਂ ਵਧੀਆ ਰਹੇਗਾ... 'ਅਮਰਦੀਪ'...ਪਰ ਜੇ ਇਹ ਨਾਂ ਭਲਾ, ਹਰਪਾਲ ਨੂੰ ਪਸੰਦ ਨਾ ਆਇਆ।... ਫੇਰ ?...ਫੇਰ ਕੀ ? ਤੈਨੂੰ ਇਹੋ ਨਾਉਂ ਈ ਰੱਖਣਾ ਚਾਹੀਦੈ। ਬੇਸ਼ੱਕ ਹਰਪਾਲ ਕਿਵੇਂ ਵੀ ਆਖੇ...'

ਮੇਰੀ ਇਹ ਸੋਚ ਉਸ ਸਮੇਂ ਟੁੱਟੀ ਸੀ, ਜਿਸ ਸਮੇਂ ਹਰਪਾਲ ਅਤੇ ਇਕੱਤਰ ਹੋਰੀਂ ਘਰ ਦੇ ਵਿਹੜੇ 'ਚ ਆ ਧਮਕੇ ਸਨ। ਘਰ ਦੇ ਬੂਹੇ ਤੇ ਨਿੰਮ ਬੰਨ੍ਹਿਆ ਤੱਕ ਤਾਂ ਉਹਨੂੰ ਚਾਅ ਜਿਹਾ ਚੜ੍ਹ ਗਿਆ ਸੀ ਤੇ ਇਕੱਤਰ ਨੇ ਆਪਣੇ ਗਾਤਰੇ ਪਾਈ ਕਿਰਪਾਨ ਨੂੰ ਢਾਕ ਕੋਲੋਂ ਠੀਕ ਕਰਦਿਆਂ ਆਖਿਆ ਸੀ,

'ਲੈ ਵਈ ਪਾਲਿਆ ! ਅੱਜ ਤਾਂ ਤੇਰਾ ਬੋਤਲ ਲਿਆਉਣ ਦਾ ਹੱਕ ਬਣਦੈ ਈ ਬਣਦੈ ਐ।'

'ਤੇਰੀ ਜਾਨ ਨੂੰ ਇਕੱਤਰਾ ਬੋਤਲਾਂ ਦਾ ਘਾਟੈ !' ਹਰਪਾਲ ਨੇ ਖੁਸ਼ੀ ਭਰੇ ਅੰਦਾਜ਼ 'ਚ ਆਖਿਆ ਸੀ। ਮਾਤਾ ਜੀ, ਚਾਰ ਦਿਨਾਂ ਮਗਰੋਂ ਮੁੜੇ ਹਰਪਾਲ ਤੇ ਮੇਰੇ ਨਾਲੋਂ ਵੀ ਵੱਧ ਔਖੀ ਸੀ। ਦੂਸਰਾ ਇਕੱਤਰ ਦੀ ਰੱਖੀ ਸ਼ਰਾਬ ਦੀ ਬੋਤਲ ਵਾਲੀ ਮੰਗ 'ਤੇ, ਉਸ ਵੱਲੋਂ ਕੀਤੀ ਗਈ ਹਾਂ ਮਾਤਾ ਜੀ ਦੇ ਮਨ ਨੂੰ ਹੋਰ ਵੀ ਔਖਾ ਕਰ ਗਈ ਸੀ। ਉਸਨੇ ਆਪਣੀ ਔਖ ਜ਼ਾਹਰ ਕਰਦਿਆਂ ਹਰਪਾਲ ਨੂੰ ਕਿਹਾ ਸੀ,

'ਲੱਗਦਿਆਂ ਬਣਿਐ ਬੋਤਲਾਂ ਦਿਆ, ਸੰਗ ਨਹੀਂ ਆਉਂਦੀ, ਕੱਢ ਲਏ ਕੰਨ ਹੁਣ ਚੂਹੇ ਵਾਂਗੂ ਚੌਥੇ ਦਿਨ...'

'ਮਾਈ ! ਤੂੰ ਗੁੱਸੇ ਨਾ ਹੋ ..' ਹਰਪਾਲ ਦੇ ਜੁਆਬ ਦੇਣ ਤੋਂ ਪਹਿਲਾਂ ਈ ਇਕੱਤਰ ਬੋਲਣ ਲੱਗ ਪਿਆ ਸੀ, '...ਅੱਜ ਤਾਂ ਹਰਪਾਲ ਦਾ ਬੋਤਲ ਲਿਆਉਣ ਦਾ ਹੱਕ ਬਣਦਾ ਈ ਬਣਦੈ ਏਧਰੋਂ ਇਕ ਮੁੰਡੇ ਦੀ ਖੁਸ਼ੀ ਅਤੇ ਉਧਰੋਂ ਜ਼ਮੀਨ ਤੇ ਘਰ 'ਚੋਂ ਹਿੱਸਾ ਮਿਲਣ ਦੀ ਖੁਸ਼ੀ...'. ਬੋਲਦਾ ਬੋਲਦਾ ਇਕੱਤਰ ਹਰਪਾਲ ਨੂੰ ਆਖਣ ਲੱਗ ਪਿਆ ਸੀ...'ਢਿੱਲ ਨਾ ਕਰ ਮੇਰੇ—ਆਰ। ਠੇਕੇ ਨੂੰ ਰੇਲ ਬਣਜਾ...'

ਮੈਂ ਅਤੇ ਮਾਤਾ ਜੀ ਇਕੱਤਰ ਦੀ ਕੈਂਚੀ ਵਾਂਗੂ ਕਿਚਰ-ਕਿਚਰ ਕਰਦੀ ਜ਼ਬਾਨ ਤੇ ਹੈਰਾਨ ਹੋਣ ਦੇ ਨਾਲ-ਨਾਲ, ਮਨ ਈ ਮਨ 'ਚ ਔਖੀਆਂ ਵੀ ਹੋ ਰਹੀਆਂ ਸੀ। ਹਰਪਾਲ ਮੇਰੇ ਵੱਲ ਅਤੇ ਮੁੰਡੇ ਵੱਲ ਇਕ ਪਲ ਮੁਸਕਰਾ ਕੇ

ਤੱਕਣ ਬਾਦ, ਮੇਰੇ ਚੇਹਰੇ ਉਤਲੀ ਨਫ਼ਰਤ ਅਤੇ ਮਾਤਾ ਜੀ ਦੇ ਚਿਹਰੇ ਉਤਲੇ ਗਿਲੇ ਨੂੰ ਅੱਖੋਂ ਉਹਲੇ ਕਰਕੇ ਠੇਕੇ ਨੂੰ ਚਲਾ ਗਿਆ। ਉਹ ਦੋਵੇਂ ਵਿਹੜੇ 'ਚ ਬੈਠੇ ਪੀਂਦੇ ਰਹੇ ਸਨ। ਸ਼ਰਾਬ ਨਾਲ ਗੁੱਟ ਹੋਇਆ ਇਕੱਤਰ ਤਾਂ ਰੋਟੀ ਖਾਧੇ ਤੋਂ ਬਿਨਾਂ ਈ ਮੰਜੇ ਤੇ ਡਿੱਗ ਪਿਆ ਸੀ। ਹਰਪਾਲ ਮੇਰੇ ਮੰਜੇ ਨੇੜਲੇ ਮੰਜੇ 'ਤੇ ਬੈਠੀ ਮਾਤਾ ਜੀ ਕੋਲ ਆ ਬੈਠਾ ਸੀ। ਮੈਨੂੰ ਉਸ ਸਮੇਂ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਕਮਰੇ ਅੰਦਰਲੀ ਕੰਧ ਵਿਚਲੀ ਕਿੱਲੀ 'ਤੇ ਟੰਗੇ ਫੁੱਲਾਂ ਦੇ ਹਾਰਾਂ 'ਚੋਂ ਗੰਦੇ ਨਾਲੇ ਵਿਚਲੀ ਸੜਿਆਂਦ ਆਉਣੀ ਸ਼ੁਰੂ ਹੋ ਗਈ ਸੀ ਤੇ ਮੈਂ ਆਪਣੇ ਦਿਲ ਅੰਦਰ ਉਠ ਰਹੀ ਉਥੱਲ-ਪੁਥੱਲ 'ਤੇ ਕਾਬੂ ਪਾਉਂਦੀ ਹਰਪਾਲ ਨੂੰ ਸਿਰਫ਼ ਇਹੋ ਆਖ ਸਕੀ ਸਾਂ, 'ਹੁਣ ਤੁਸੀਂ ਮੈਨੂੰ ਵੀ ਆਰਾਮ ਕਰ ਲੈਣ ਦੇਵੋ ਅਤੇ ਆਪ ਵੀ ਜਾ ਕੇ ਆਰਾਮ ਕਰ ਲਵੋ, ਸਵੇਰੇ ਗੱਲ ਕਰਾਂਗੇ...'

ਮੇਰੀ ਇਸ ਗੱਲ ਦੇ ਬਾਵਜੂਦ ਵੀ, ਹਰਪਾਲ ਘੇਸਲ ਮਾਰ ਕੇ ਬੈਠਾ ਰਿਹਾ ਸੀ। ਪਰ ਮੈਂ ਤੇ ਚੁੰਨੀ ਦਾ ਲੜ ਲੈ ਕੇ ਪਈ ਰਹੀ ਸਾਂ। ਉਹ ਕੁਝ ਮਿੰਟ ਮਾਤਾ ਜੀ ਦੀਆਂ ਖਰੀਆਂ-ਖਰੀਆਂ ਸੁਣ ਕੇ, ਆਪਣੇ ਬਿਸਤਰੇ 'ਤੇ ਜਾ ਪਿਆ ਸੀ। ਸਵੇਰੇ ਇਕੱਤਰ ਦੇ ਚਲੇ ਜਾਣ ਬਾਦ, ਉਹ ਫੇਰ ਆ ਗਿਆ ਸੀ ਅਤੇ ਆਪਣੀ ਲਾਪਰਵਾਹੀ ਦਾ ਪਸ਼ਚਾਤਾਪ ਕਰਦਾ ਰਿਹਾ ਸੀ। ਫੇਰ ਮੇਰੇ ਤੇ ਉਸ ਵਿਚਕਾਰ ਮੁੰਡੇ ਦਾ ਨਾਉਂ ਰੱਖਣ ਪਿੱਛੇ ਜ਼ਿੱਦ-ਜ਼ਿਦਾਈ ਸ਼ੁਰੂ ਹੋ ਗਈ ਸੀ। ਮੈਂ ਆਪਣੇ ਵੱਲੋਂ ਮੁੰਡੇ ਦਾ ਨਾਉਂ ਅਮਰਦੀਪ ਧਰ ਈ ਚੁੱਕੀ ਸਾਂ। ਪਰ ਉਹ ਮੁੰਡੇ ਦਾ ਨਾਉਂ ਸਤਨਾਮ ਸਿੰਘ ਧਰਨ ਲਈ ਜ਼ੋਰ ਪਾ ਰਿਹਾ ਸੀ। ਨਾ ਮੈਂ ਆਪਣੀ ਹਿੰਡ ਤੋਂ ਹਟੀ ਸਾਂ ਨਾ ਹੀ ਉਹ ਆਪਣੀ ਹਿੰਡ ਤੋਂ ਪਿੱਛੇ ਹਟ ਰਿਹਾ ਸੀ। ਸਾਡੇ ਦੋਹਾਂ 'ਚ ਪੈਦਾ ਹੋਏ ਰੱਟੇ ਨੂੰ ਸਮਝਦੀ ਮਾਤਾ ਜੀ ਦੇ ਆਖਿਆ,

'ਲਓ! ਇਹ ਵੀ ਭਲਾ ਕੋਈ ਗੱਲਾਂ ਚੋਂ ਗੱਲ ਐ...ਜਿਹਦੇ ਪਿੱਛੇ ਤੁਸੀਂ ਕਚੀਰਾ ਕਰੀ ਜਾਨੇ ਓਂ...' ਬੋਲਦੀ ਬੋਲਦੀ ਮਾਤਾ ਜੀ ਮੈਨੂੰ ਆਖਣ ਲੱਗ ਪਈ ਸੀ—"ਬੀਬਾ! ਤੂੰ ਮੁੰਡੇ ਨੂੰ ਅਮਰਦੀਪ ਨਾਉਂ ਨਾਲ ਬੁਲਾ ਲਿਆ ਕਰੀਂ ਤੇ ਇਹ ਮੁੰਡੇ ਨੂੰ ਸਤਨਾਮ ਨਾਉਂ ਨਾਲ ਬੁਲਾ ਲਿਆ ਕਰੂ।'

ਮਾਤਾ ਜੀ ਦੀ ਦਲੀਲ ਇਕ ਪਲ ਤਾਂ ਮੈਨੂੰ ਅਤੇ ਹਰਪਾਲ ਨੂੰ ਜਚ ਗਈ ਸੀ, ਪਰ ਦੂਸਰੇ ਪਲ ਮੇਰੇ ਮਨ 'ਚ ਆਈ,

—ਪੜ੍ਹਨ ਲਾਉਣ ਵੇਲੇ ਤਾਂ ਮੁੰਡੇ ਦੇ ਦੋ ਨਾਉਂ ਨਹੀਂ ਲਿਖਵਾਏ ਜਾਣੇ। ਉਦੋਂ ਤਾਂ ਇਕੋ ਨਾਉਂ ਈ ਲਿਖਵਾਉਣਾ ਪਊ...।

ਮੈਂ ਆਪਣੇ ਮਨ 'ਚ ਆਈ ਗੱਲ ਸਪੱਸ਼ਟ ਰੱਖ ਦਿੱਤੀ। ਮੇਰੀ ਗੱਲ ਸੁਣਦਿਆਂ ਈ ਹਰਪਾਲ ਨੇ ਵੀ ਆਖਿਆ ਸੀ, 'ਹਾਂ, ਬੇਬੇ! ਗੁਰਬਚਨ ਦੀ ਗੱਲ ਠੀਕ ਐ...ਫੇਰ ਉਦੋਂ ਪੰਗਾ ਪਊ..।' ਤੇ ਮਾਤਾ ਜੀ ਕੁਝ ਪਲ ਸੋਚਣ ਬਾਦ ਫੇਰ ਆਪਣੇ ਪਹਿਲੇ ਅੰਦਾਜ਼ 'ਚ ਈ ਬੋਲੇ ਸਨ,

'...ਉਦੋਂ, ਮੁੰਡਾ ਆਪੇ ਆਪਣਾ ਨਾਉਂ ਲਿਖਵਾਦੂ, ਜਿਹੜਾ ਮੁੰਡੇ ਨੂੰ ਚੰਗਾ ਲੱਗਿਆ।' ਮਾਤਾ ਜੀ ਦੇ ਦਿੱਤੇ ਫੈਸਲੇ ਮੁਤਾਬਕ ਮੈਂ ਮੁੰਡੇ ਦਾ ਨਾਉਂ ਅਮਰਦੀਪ ਧਰ ਲਿਆ ਅਤੇ ਉਸਨੇ ਸਤਨਾਮ ਸਿੰਘ ਧਰ ਲਿਆ।

ਦਿਨਾਂ, ਹਫ਼ਤਿਆਂ ਤੇ ਮਹੀਨਿਆਂ ਦੇ ਗੁਜ਼ਰਨ ਨਾਲ ਅਮਰਦੀਪ ਵੱਡਾ ਹੋਣ ਲੱਗ ਪਿਆ ਸੀ। ਗੁਰਮੀਤ ਪਹਿਲਾਂ ਵਾਂਗੂ ਈ ਮੈਨੂੰ ਪਾਰਟੀ ਲਿਟਰੇਚਰ ਪਹੁੰਚਾਉਂਦਾ ਰਿਹਾ ਸੀ। ਪਾਰਟੀ ਲਿਟਰੇਚਰ ਅਤੇ ਗੁਰਮੀਤ ਨਾਲ ਵਿਚਾਰ-ਵਟਾਂਦਰਾ ਕਰਨ ਨਾਲ ਮੇਰੀ ਰਾਜਨੀਤਕ ਸਮਝ ਨਿਖਰਨ ਲੱਗ ਪਈ ਸੀ। ਮੇਰੀ ਨਿੱਖਰ ਰਹੀ ਸਮਝ ਹਰਪਾਲ ਨੂੰ ਚੁੱਭਣ ਲੱਗ ਪਈ ਤੇ ਉਹ ਮਾੜੀ-ਮਾੜੀ ਗੱਲ 'ਤੇ ਮੇਰੇ ਰਾਜਨੀਤਕ ਵਿਚਾਰਾਂ ਦੀ ਟੋਕ-ਟਕਾਈ ਕਰਨ ਲੱਗ ਪਿਆ। ਪਰ ਟੋਕ ਟਕਾਈ ਕਰਨ ਮੌਕੇ, ਉਹ ਮੇਰੇ ਨਰਾਜ਼ ਹੋ ਜਾਣ ਦਾ ਖਿਆਲ ਰੱਖਦਾ। ਮੇਰੀ ਜ਼ਮੀਰ ਨੂੰ ਉਸਦੀ ਟੋਕ-ਟਕਾਈ ਫੇਰ ਵੀ ਸਰਕੜੇ ਕੰਢੇ ਵਾਂਗ ਪੱਛ ਜਾਂਦੀ। ਉਸ ਦਿਨ ਤਾਂ ਮੈਨੂੰ ਬਹੁਤ ਈ ਰੜਕੀ, ਜਿਸ ਦਿਨ ਮੈਂ ਵਿਹੜੇ 'ਚ ਫੱਗਣ ਦੀ ਨਿੱਘੀ-ਨਿੱਘੀ ਧੁੱਪ ਦੇ ਉਸਵੀਏ ਡਹੇ ਮੰਜੇ ਤੇ ਬੈਠੀ, ਪਾਰਟੀ ਪਰਚੇ ਵਿਚਲਾ ਲੇਖ 'ਲੋਕਾਂ 'ਚ ਕੰਮ ਕਿਵੇਂ ਕਰੀਏ' ਪੜ੍ਹ ਰਹੀ ਸੀ। ਮੇਰੇ ਕੋਲ ਮੰਜੇ 'ਤੇ ਵਿਛੇ ਤੌਲੀਏ ਤੇ ਬੈਠਾ ਅਮਰਦੀਪ ਰਬੜ ਦੇ ਖਿਡਾਉਣੇ, ਸ਼ੇਰ ਨਾਲ ਖੇਡੀ ਜਾ ਰਿਹਾ ਸੀ। ਹਰਪਾਲ ਆਪਣੀ ਲੰਮੀ ਵਧਾਈ ਦਾੜ੍ਹੀ 'ਚ ਪਲਾਸਟਿਕ ਦਾ ਬਰੀਕ ਦੰਦਿਆਂ ਵਾਲਾ ਕੰਘਾ ਫੇਰਦਾ ਕਮਰੇ 'ਚੋਂ ਆ ਕੇ, ਮੰਜੇ ਕੋਲ ਪਹਿਲਾਂ ਈ ਡਹੀ ਪਈ ਕੁਰਸੀ ਤੇ ਆ ਬੈਠਾ ਸੀ, ਕੁਝ ਪਲ ਤਾਂ ਉਹ ਚੁੱਪ ਚਾਪ ਮੇਰੇ ਵੱਲ ਤੱਕਦਾ ਰਿਹਾ। ਫੇਰ ਉਸਨੇ ਅਕੇਵੇਂ ਭਰੇ ਅੰਦਾਜ਼ 'ਚ ਆਖਿਆ।

'ਛੱਡ ਪਰ੍ਹੇ ਇਹਨਾਂ ਰਿਸਾਲਿਆਂ ਰਸੂਲਿਆਂ ਜਿਆਂ ਨੂੰ ਗੁਰਬਚਨ! ਹੈ ਨਹੀਂ ਇਹਨਾਂ 'ਚ ਹੁਣ ਕੁਛ ਕੱਢਣ...ਪਾਉਣ ਨੂੰ...।"

'ਹੈ ਕਿਉਂ ਨਹੀਂ...ਲੋਕਾਂ 'ਚ ਕੰਮ ਕਰਨ ਬਾਰੇ ਬਹੁਤ ਈ ਵਧੀਆ

ਲੇਖ ਦਿੱਤੇ...।' ਮੈਂ ਪਹਿਲਾਂ ਵਾਂਗ ਈ ਹੱਥਲਾ ਪਰਚਾ ਪੜ੍ਹਦੀ ਪੜ੍ਹਦੀ ਨੇ ਵਿਚਦੀ ਉਸਦੀ ਗੱਲ ਦਾ ਜਵਾਬ ਦਿੱਤਾ ਪਰ ਮੇਰਾ ਜਵਾਬ ਉਸਨੂੰ ਵਾਧੂ ਜਿਹਾ ਲੱਗਿਆ। ਤਾਂ ਹੀ ਉਸਨੇ ਵਿਅੰਗ ਭਰੇ ਅੰਦਾਜ਼ 'ਚ ਆਖਿਆ ਸੀ,

'ਭਲਾ! ਕਮਲੀਏ!! ਜਿਹੜੇ ਰੋਟੀ ਉਤਲੇ ਡੇਲ੍ਹਿਆਂ ਵਾਂਗੂ ਛੱਤੀ ਸੌ ਗਰੁੱਪਾਂ 'ਚ ਖਿੰਡੇ ਪਏ ਹੋਣ, ਉਹ ਲੋਕਾਂ 'ਚ ਕੰਮ ਕਰਕੇ ਕੀ ਲੱਲ੍ਹਰ ਲਾ ਦੇਣਗੇ?'

ਉਸਦੇ ਵਿਅੰਗ ਨੇ ਮੈਨੂੰ ਹੱਥਲੇ ਪਰਚੇ 'ਚ ਨਜ਼ਰ ਉਠਾਣ ਲਈ ਮਜਬੂਰ ਕਰ ਦਿੱਤਾ ਤੇ ਮੈਂ ਨਜ਼ਰ ਉਠਾ ਕੇ ਪੁੱਛਿਆ,

'ਸ੍ਰੀ ਮਾਨ ਜੀ! ਇਨਕਲਾਬ ਆਉਣ ਤੋਂ ਪਹਿਲਾਂ ਰੂਸ 'ਚ ਕਿੰਨੇ ਗਰੁੱਪ ਸਨ?'

'ਤਾਹੀਂ ਫੇਰ ਰੂਸ 'ਚ ਆਇਆ ਇਨਕਲਾਬ ਲਗਰਾਂ ਛੱਡ ਗਿਆ ਹੋਊ?...' ਉਹ ਬੋਲਣੋਂ ਹਟਣ ਦੇ ਨਾਲ ਈ 'ਹਾਂਅ-ਹਾਂਅ' ਕਰਨ ਲੱਗ ਪਿਆ ਸੀ। ਅਸਲ 'ਚ ਮੈਂ ਤਾਂ ਸਾਡੇ ਵਿਚਕਾਰ ਚੱਲਦੀ ਗੱਲ ਨੂੰ ਸੰਜੀਦਾ ਬਣਾਉਣਾ ਚਾਹੁੰਦੀ ਸਾਂ, ਪਰ ਉਹ ਗੱਲ ਨੂੰ ਹਾਸੀ 'ਚ ਪਾ ਕੇ, ਕਮਿਉਨਿਸਟ ਇਨਕਲਾਬੀ ਲਹਿਰ 'ਚ ਪਈ ਫੁੱਟ ਦਾ ਮਖੌਲ ਉਡਾਉਣਾ ਚਾਹੁੰਦਾ ਸੀ। ਉਸਦੇ ਗੱਲ ਕਰਨ ਦੇ ਮਨਸ਼ੇ ਨੂੰ ਸਮਝ, ਮੈਂ ਉਸ ਤੇ ਚੋਟ ਮਾਰੀ।

'ਸਵਾਰ ਡਿੱਗ ਡਿੱਗ ਕੇ ਈ ਹੁੰਦੇ ਐ। ਉਹ ਸਵਾਰ ਕਦੇ ਨਹੀਂ ਬਣ ਸਕਦੇ, ਜਿਨ੍ਹਾਂ ਨੂੰ ਸਵਾਰੀ ਕਰਨ ਤੋਂ ਈ ਡਰ ਆਉਣ ਲੱਗ ਪਏ।'

ਮੇਰੀ, ਮਾਰੀ ਚੋਟ, ਉਸਦੇ ਮਨ ਅੰਦਰ ਵਧ ਰਹੀ ਕਮਜ਼ੋਰੀ ਤੇ ਆਹਰਨ ਤੇ ਵੱਜਦੇ ਹਥੌੜੇ ਦੀ ਸੱਟ ਵਾਂਗੂ ਜਾ ਵੱਜੀ ਤੇ ਦਾੜ੍ਹੀ 'ਚ ਕੰਘਾ ਫੇਰ ਰਿਹਾ, ਉਸਦਾ ਹੱਥ ਥਾਏ ਰੁਕ ਗਿਆ ਸੀ। ਢੁਕਵਾਂ ਜਵਾਬ ਉਸਨੂੰ ਕੋਈ ਨਹੀਂ ਸੀ ਔੜ ਰਿਹਾ! ਉਹ ਮੁੜ ਕਾਹਲੀ-ਕਾਹਲੀ ਕੰਘਾ ਫੇਰਨ ਲੱਗਿਆ ਬੋਲਿਆ ਸੀ,

'ਫੋਕਾ ਢੂਹਾ ਭਨਾਉਣ ਨਾਲੋਂ ਤਾਂ ਕੁਛ ਨਾ ਕੀਤਾ ਹੀ ਚੰਗਾ ਹੁੰਦੈ—'

'ਕੁਝ ਨਾ ਕਰਨ ਦਾ ਅਰਥ, ਬੁੱਤ ਬਣ ਜਾਣ ਤੋਂ ਬਿਨਾਂ ਭਲਾ ਹੋਰ ਕੀ ਨਿਕਲ ਸਕਦੈ..?' ਮੈਂ ਇਕ ਪਲ ਹਰਪਾਲ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਤੱਕਿਆ। ਮੇਰਾ ਇਉਂ ਤੱਕਣਾ ਉਸਨੂੰ ਬੇਹੱਦ ਬੁਰਾ ਲੱਗਿਆ, ਤੇ ਉਹ ਬੁਖਲਾਹਟ 'ਚ ਆ ਕੇ ਬੋਲਣ ਲੱਗ ਪਿਆ। ਮੈਂ ਉਸਦੀ ਬੁਖਲਾਹਟ ਨੂੰ ਵਧਾਉਣ ਤੋਂ ਕੰਨੀ ਕਤਰਾਉਂਦੀ ਮੁੜ ਹੱਥਲਾ ਪਰਚਾ ਪੜ੍ਹਨ ਲੱਗ ਪਈ। ਉਸਨੇ ਕੰਘਾ

ਜੇਬ 'ਚ ਪਾ ਅਮਰਦੀਪ ਨੂੰ ਚੁੱਕ ਲਿਆ ਸੀ।

ਹਰਪਾਲ ਦੇ ਟੋਕ-ਟਕਾਈ ਵਾਲੇ ਸੁਭਾਅ ਦੇ ਬੁਖਲਾਹਟ 'ਚ ਬਦਲਣ ਨੇ ਮੇਰੇ ਮਨ ਦੀ ਸੋਚ ਖੜੀ ਕਰ ਦਿੱਤੀ ਸੀ,

'ਕਿਤੇ ਅੜੀਏ ! ਇਉਂ ਬਹਿਸ ਕਰਦਿਆਂ-ਕਰਦਿਆਂ ਸਾਡਾ ਰਿਸ਼ਤਾ ਖਤਰੇ 'ਚ ਈ ਨਾ ਪਏ ਜਾਵੇ ? ਇਹ ਟੋਕਾ-ਟਕਾਈ ਕਰਨੋਂ ਤਾਂ ਹੱਟਦਾ ਨਹੀਂ। ਫੇਰ ਖਰੀਆਂ-ਖਰੀਆਂ ਸੁਣਕੇ ਛੇਤੀ ਬੁਖਲਾਹਟ 'ਚ ਆ ਜਾਂਦੈ। ਫੇਰ ਇਸਦਾ ਅਰਥ ਤਾਂ ਇਹ ਹੋਇਆ ਕਿ ਮੈਂ ਆਪਣੇ ਰਾਜਨੀਤਕ ਵਿਚਾਰਾਂ ਦੀ ਆਜ਼ਾਦੀ ਉਸਦੇ ਰਹਿਮ ਤੇ ਛੱਡ ਦੇਵਾਂ ?'

ਇੱਥੇ ਪਹੁੰਚ ਕੇ ਮੇਰੀ ਸੋਚ ਖੜ ਗਈ, ਮੈਨੂੰ ਇਕ ਪਲ ਇਉਂ ਲੱਗਿਆ ਜਿਵੇਂ ਮੇਰੇ ਸਾਹਮਣੇ ਵਾਲੀਆਂ ਸਾਰੀਆਂ ਚੀਜ਼ਾਂ ਪੱਥਰਾਅ ਗਈਆਂ ਹੋਣ। ਫਰ੍ਹਰ-ਫਰ੍ਹਰ ਵਗਦੀ ਹਵਾ ਰੁੱਕ ਗਈ ਹੋਵੇ ਤੇ ਫੇਰ ਮੇਰੀਆਂ ਅੱਖਾਂ ਸਾਹਮਣੇ ਹਨੇਰਾ ਪਸਰ ਗਿਆ ਸੀ। ਪਰ ਦੂਸਰੇ ਪਲ ਪਸਰੇ ਹਨੇਰੇ 'ਚ ਮੈਨੂੰ ਅੱਗ ਦਾ ਭਾਂਬੜ ਮੱਚਿਆ ਨਜ਼ਰ ਆਇਆ ਤੇ ਅੱਗ ਦਾ ਭਾਂਬੜ ਹੌਲੀ ਹੌਲੀ ਮੈਨੂੰ ਮੇਰੇ ਸਵਰਨੇ ਵੀਰ ਦੇ ਅਕਾਰ 'ਚ ਵੱਟਦਾ ਦਿੱਸਿਆ ਤੇ ਫੇਰ ਮੈਨੂੰ ਮੇਰੇ ਸਾਹਮਣੇ ਵਾਲੀਆਂ ਚੀਜ਼ਾਂ ਜਿਉਂ ਜਿਉਂਦੀਆਂ ਜਾਗਦੀਆਂ ਨਜ਼ਰ ਆਉਣ ਲੱਗ ਪਈਆਂ ਸਨ। ਹਵਾ ਦੀ ਫਰ੍ਹਰ-ਫਰ੍ਹਰ ਸੁਣਾਈ ਦੇਣ ਲੱਗ ਪਈ ਤੇ ਮੇਰੀ ਜ਼ਮੀਰ ਕੜ੍ਹਕ ਪਈ ਸੀ,

'ਮੈਂ ਆਪਣੇ ਰਾਜਨੀਤਕ ਵਿਚਾਰਾਂ ਦੀ ਅਜ਼ਾਦੀ ਕਿਸੇ ਵੀ ਸੂਰਤ 'ਚ ਹਰਪਾਲ ਦੇ ਰਹਿਮ 'ਤੇ ਨਹੀ ਛੱਡ ਸਕਦਾਂ।...ਬੇਸ਼ਕ ਮੈਨੂੰ ਇਸਦੀ ਕੋਈ ਵੀ ਕੀਮਤ ਕਿਉਂ ਨਾ ਉਤਾਰਨੀ ਪਵੇ ...।'

ਆਪਣੀ ਜ਼ਮੀਰ ਦੀ ਇਹ ਕੜ੍ਹਕ ਮੈਂ ਹਰਪਾਲ ਦੇ ਸਾਹਮਣੇ ਵੀ ਸਾਫ਼ ਸਾਫ਼ ਰੱਖ ਦਿੱਤੀ। ਮੇਰੀ ਜ਼ਮੀਰ ਦਾ ਫੈਸਲਾ ਸੁਣਕੇ ਹਟਿਆ। ਹਰਪਾਲ ਕੁਝ ਪਲ ਤਾਂ ਠਠੰਬਰਿਆ ਜਿਹਾ, ਮਨ ਈ ਮਨ 'ਚ ਕੁਝ ਸੋਚਦਾ ਰਿਹਾ ਤੇ ਫੇਰ ਮੈਨੂੰ ਆਪਣੀਆਂ ਵਾਹਵਾਂ 'ਚ ਲੈਂਦਾ ਜ਼ਜਬਾਤੀ ਰੌਅ 'ਚ ਆ ਕੇ ਬੋਲਣ ਲੱਗ ਪਿਆ,

'ਗੁਰਬਚਨ ! ਤੇਰੇ ਤੇ ਮੇਰੇ ਪਿਆਰ ਦਾ ਰਿਸ਼ਤਾ ਬਾਕੀ ਸਾਰੇ ਰਿਸ਼ਤਿਆਂ ਨਾਲੋਂ ਉੱਪਰ ਦੀ ਐ ...।'

'ਤੁਹਾਡੇ ਵਾਂਗੂ ਮੈਨੂੰ ਗੋਲ-ਮੋਲੂ ਗੱਲਾਂ ਨਹੀਂ ਕਰਨੀਆਂ ਆਉਂਦੀਆਂ...।'

ਮੈਂ ਗੱਲ ਸਾਫ਼ ਕਰਾਉਣ ਲਈ ਉਸਨੂੰ ਆਖਿਆ, 'ਤੁਸੀਂ ਸਿੱਧੀ ਤਰ੍ਹਾਂ ਦੱਸੋ ਕਿ ਮੈਨੂੰ ਮੇਰੇ ਰਾਜਨੀਤਕ ਵਿਚਾਰਾਂ ਦੀ ਆਜ਼ਾਦੀ ਦੇ ਸਕਦੇ ਹੋ ? ਜਾਂ ਨਹੀਂ।' ਮੇਰੀ ਕੋਰੀ ਗੱਲ ਨੂੰ ਸੁਣਕੇ, ਉਸ ਨੇ ਮੈਨੂੰ ਆਪਣੀ ਛਾਤੀ ਨਾਲ ਲਾ ਕੇ ਘੁੱਟਦਿਆਂ ਆਖਿਆ ਸੀ—'ਤੂੰ ਜੇ ਮੈਥੋਂ ਜਾਨ ਮੰਗੇਂ ਗੁਰਬਚਨ ! ਤਾਂ ਮੈਂ ਜਾਨ ਵੀ ਦੇ ਸਕਦਾਂ', ਬੋਲ ਰਹੇ ਹਰਪਾਲ ਦੀ ਛਾਤੀ 'ਚ ਧੜਕਦੇ ਦਿਲ ਦੀ ਧੜਕਣ ਮੈਨੂੰ ਸਾਫ਼ ਮਹਿਸੂਸ ਹੋਈ ਸੀ ਤੇ ਮੈਂ ਫੇਰ ਵੀ ਰੁੱਖੇ ਜਿਹੇ ਅੰਦਾਜ਼ 'ਚ ਪੁੱਛਿਆ,

'ਤੁਸੀਂ ਸਾਫ਼ ਸਾਫ਼ ਦਸੋ ਕਿ ਮੈਨੂੰ ਮੇਰੇ ਰਾਜਨੀਤਕ ਵਿਚਾਰਾਂ ਦੀ ਆਜ਼ਾਦੀ ਦੇ ਸਕਦੇ ਹੋ ? ਜਾਂ ਨਹੀਂ ?'

'ਦੇ ਸਕਦਾ ਹਾਂ ਬਾਬਾ ਗੁਰੂ ਦੇ ਸਕਦਾ ਹਾਂ...' ਉਹ ਮੈਨੂੰ ਸਾਰੇ ਜ਼ੋਰ ਦੀ ਘੁੱਟਦਾ ਅਜੀਬ ਜਿਹੀ ਲੋਰ 'ਚ ਆ ਕੇ ਬੋਲਦਾ ਰਿਹਾ ਸੀ।'.. ਪਰ ਤੂੰ ਵੀ ਮੇਰੇ ਰਾਜਨੀਤਕ ਵਿਚਾਰਾਂ 'ਚ ਦਖ਼ਲ ਨਾ ਦੇਈਂ ?'

ਪਤਾ ਨਹੀਂ, ਕਿਵੇਂ ਉਸ ਵੇਲੇ ਮੇਰੇ ਮੂੰਹ 'ਚੋਂ 'ਚੰਗਾ' ਨਿਕਲ ਗਿਆ ਸੀ। ਉਸ ਤੋਂ ਬਾਦ, ਉਹ ਮੇਰੇ ਰਾਜਨੀਤਕ ਵਿਚਾਰਾਂ ਦੀ ਟੋਕ-ਟਕਾਈ ਕਰਨੋਂ ਤਾਂ ਹਟ ਗਿਆ ਸੀ, ਪਰ ਗੁਰਮੀਤ ਨਾਲ ਸਿੰਙ ਫਸਾਉਣ ਲੱਗ ਪਿਆ ਸੀ ਪਰ ਉਸ ਪ੍ਰਤੀ ਗੁਰਮੀਤ ਆਖਰ ਤੱਕ ਸਮਝਾਊ ਪਹੁੰਚ ਰੱਖਦਾ ਰਿਹਾ। ਉਹ, ਜਿਉਂ-ਜਿਉਂ, ਬਾਈ ਹੋਰਾਂ ਦੀ ਪਾਰਟੀ ਕੋਲੋਂ ਪਰ੍ਹੇ ਹੁੰਦਾ ਗਿਆ, ਤਿਉਂ-ਤਿਉਂ ਉਹ, ਅਕਾਲੀ ਪਾਰਟੀ ਦੇ ਨੇੜੇ ਹੋਣ ਲੱਗ ਪਿਆ। ਉਸ 'ਚ ਆ ਰਹੇ ਇਸ ਮੋੜੇ ਦਾ ਮੈਨੂੰ ਤਾਂ ਪਹਿਲਾਂ ਈ ਸ਼ੱਕ ਹੋ ਗਿਆ ਸੀ, ਪਰ ਗੁਰਮੀਤ ਨੂੰ ਪਤਾ ਉਸ ਦਿਨ ਲੱਗਿਆ, ਜਿਸ ਦਿਨ ਅਸੀਂ ਕਮਰੇ 'ਚ ਡਹੇ ਮੰਜਿਆਂ 'ਤੇ ਬੈਠੇ, ਅਕਾਲੀ ਪਾਰਟੀ ਦੇ ਧਰਮ-ਯੁੱਧ ਦੀਆਂ ਗੱਲਾਂ ਕਰੀ ਜਾ ਰਹੇ ਸਾਂ। ਹਰਪਾਲ ਨੇ ਗੱਲ ਈ ਗੱਲ 'ਚ ਗੁਰਮੀਤ 'ਤੇ ਸਵਾਲ ਕੀਤਾ ਸੀ।

'ਕਾਮਰੇਡਾ ! ਧਰਮ-ਯੁੱਧ ਮੋਰਚੇ ਬਾਰੇ ਥੋਡੀ ਪਾਰਟੀ ਦਾ ਕੀ ਸਟੈਂਡ ਐ ? ਉਸ ਦਾ ਸਵਾਲ ਸੁਣਦਿਆਂ ਈ ਮੈਨੂੰ ਇਕ ਪਲ ਇਉਂ ਜਾਪਿਆ ਸੀ, ਜਿਵੇਂ ਕਮਰੇ ਦੀ ਕੰਧ ਵਿਚਲੀ ਕਿੱਲੀ ਨਾਲ ਲਮਕਦੇ, ਲਾਲ ਫੁੱਲਾਂ ਵਾਲੇ ਹਾਰਾਂ ਦੇ ਹੇਠਾਂ, ਕਮਰੇ ਦੀ ਫਰਸ਼ 'ਤੇ ਲਟ-ਲਟ ਕਰਦੀ ਅੱਗ ਬਲਣ ਲੱਗ ਪਈ ਹੋਵੇ। ਫੁੱਲਾਂ ਦੇ ਹਾਰ, ਕਿੱਲੀ ਤੋਂ ਲੱਥ ਕੇ, ਉਸ ਅੱਗ 'ਚ ਡਿੱਗ

ਪਏ ਹੋਣ ।

'ਕਿਵੇਂ, ਹਰਪਾਲ ! ਸਾਡੀ ਪਾਰਟੀ, ਹੁਣ ਤੇਰੀ ਪਾਰਟੀ ਨਹੀਂ ਰਹੀ ?'

'ਆਪਣੀ ਪਾਰਟੀ, ਹੁਣ ਇਹਨਾਂ ਦੀ ਪਾਰਟੀ ਨਹੀਂ ਰਹੀ ਗੁਰਮੀਤ ! ..' ਹਰਪਾਲ ਦੇ ਬੋਲਣ ਤੋਂ ਪਹਿਲਾਂ ਈ ਮੈਂ ਦੁੱਖ ਅਤੇ ਨਫਰਤ ਭਰੀ ਅਵਾਜ਼ 'ਚ ਬੋਲੀ ਸਾਂ । '...ਅੱਜ-ਕੱਲ ਇਹ ਅਕਾਲੀ-ਪਾਰਟੀ ਦੇ ਭਗਤ ਬਣੇ ਹੋਏ ਨੇ...।'

ਮੇਰੀ ਗੱਲ ਸੁਣਦਿਆਂ ਈ ਗੁਰਮੀਤ ਦੀ ਹੈਰਾਨੀ 'ਚ ਹੋਰ ਵਾਧਾ ਹੋ ਗਿਆ ਸੀ। ਉਸ ਨੇ ਹਰਪਾਲ ਵੱਲ, ਦੁੱਖ ਭਰੀ ਨਜ਼ਰ ਨਾਲ ਤੱਕਦਿਆਂ ਆਖਿਆ ਸੀ,

'ਕਿਉਂ...? ਹਰਪਾਲ ! ਕਿਰਣ ਕੀ ਦੱਸ ਰਹੀ ਐ ?'

"ਇਹ ਠੀਕ ਈ ਦੱਸ ਰਹੀ ਐ...' ਹਰਪਾਲ ਬਿਨਾਂ ਲੁੱਕ ਲਪੇਟ ਦੇ ਸਾਫ਼ ਸਾਫ਼ ਬੋਲਣ ਲੱਗ ਪਿਆ ਸੀ '...ਮੈਨੂੰ ਥੋਡੀ ਪਾਰਟੀ ਨਾਲੋਂ ਕਾਮਰੇਡਾ ! ਅਕਾਲੀ ਪਾਰਟੀ ਚੰਗੀ ਲੱਗ ਰਹੀ ਐ । ਤੁਸੀਂ ਤਾਂ ਬਸ ਹੁਣ ਕਾਗਜ਼ ਕਾਲੇ ਕਰਨ ਤੇ ਜ਼ੋਰ ਦਿੱਤਾ ਹੋਇਐ, ਤੇ ਅਕਾਲੀ ਪਾਰਟੀ ਕੁਛ ਨਾ ਕੁਛ ਕਰ ਤਾਂ ਰਹੀ ਐ ..'

ਹਰਪਾਲ ਆਪਣੀ ਗੱਲ ਨੂੰ ਲੱਸੀ ਵਾਂਗੂ ਵਧਾਈ ਜਾ ਰਿਹਾ ਸੀ ਮੈਂ ਚੁਪ-ਚਾਪ ਬੈਠੀ ਸਾਂ । ਗੁਰਮੀਤ ਆਪਣੀ ਬੁੱਕਲ 'ਚ ਬੈਠੇ ਅਮਰਦੀਪ ਦੀ ਢੂਹੀਂ ਉਤੇ ਦੀ ਸੁਭਾਵਿਕ, ਪੋਲਾ ਪੋਲਾ ਹੱਥ ਫੇਰਦਾ ਠਰੰਮੇ ਨਾਲ, ਹਰਪਾਲ ਦੀ ਗੱਲ ਸੁਣੀ ਜਾ ਰਿਹਾ ਸੀ । ਉਸ ਦੀ ਲੰਮੀ ਗੱਲ ਮੁੱਕਣ ਤੋਂ ਮਗਰੋਂ ਗੁਰਮੀਤ ਤੁਹੱਮਲ ਨਾਲ ਬੋਲਿਆ ਸੀ ।

'ਤੂੰ ਜੋ ਮੋੜਾ ਕੱਟ ਰਿਹਾ ਐਂ ਹਰਪਾਲ, ਇਸ 'ਤੇ ਸਾਨੂੰ ਅਫਸੋਸ ਐ' ਬੋਲਦੇ ਬੋਲਦੇ ਗੁਰਮੀਤ ਨੇ ਉਸ 'ਤੇ ਸਵਾਲ ਕੀਤਾ, 'ਹੁਣ ਤੂੰ ਐਂ ਦਸ ਕਿ ਆਪਾਂ ਪਹਿਲਾਂ ਇਹ ਗੱਲ ਕਰੀਏ ਕਿ ਤੇਰਾ ਮੋੜਾ, ਕਿਵੇਂ ਗ਼ਲਤ ਐ ? ਜਾਂ ਇਹ ਗੱਲ ਕਰੀਏ ਕਿ ਸਾਡੀ ਪਾਰਟੀ ਦਾ ਅਕਾਲੀ ਪਾਰਟੀ ਦੇ ਧਰਮ ਯੁੱਧ ਮੋਰਚੇ ਬਾਰੇ ਕੀ ਸਟੈਂਡ ਐ ?

'ਪਹਿਲਾਂ ਇਹੋ ਗੱਲ ਕਰੋ ਗੁਰਮੀਤ ! ਵਈ ਇਹਨਾਂ ਦਾ ਮੋੜਾ ਕੱਟਣਾ ਕਿਵੇਂ ਗ਼ਲਤ ਐ...। ਮੈਂ ਉਸ ਦੀ ਗੱਲ ਮੁੱਕਣ ਸਾਰ ਦੀ ਹਰਪਾਲ ਤੋਂ ਪਹਿਲਾਂ ਬੋਲ ਪਈ ਸਾਂ । ਮੇਰੇ ਬੋਲਣੋਂ ਹਟਣ ਦੇ ਨਾਲ ਈ ਹਰਪਾਲ ਨੇ ਬੁੱਲ੍ਹਾਂ

'ਚ ਮੁਸਕਰਾਉਂਦਿਆਂ ਆਖਿਆ,

'ਅੱਛਾ ! ਥੋਡੀ ਦੋਹਾਂ ਦੀ ਸਮਝ ਮੁਤਾਬਕ ਮੇਰਾ ਮੋੜਾ ਕੱਟਣਾ ਗਲਤ...' ਪਰ ਥੋਨੂੰ ਤਾਂ ਗ਼ਲਤ ਲੱਗਣਾ ਈ ਲੱਗਣਾ ਸੀ...ਕਿਉਂਜੋ ਥੋਡੀ ਪਾਰਟੀ ਦਾ ਮੈਂਬਰ ਟੁੱਟ ਗਿਆ . ।

'ਖੈਰ ! ਟੁੱਟੇ ਮੈਂਬਰ ਦਾ ਦੁੱਖ ਤਾਂ ਹੁੰਦਾ ਈ ਐ ਹਰਪਾਲ...।' ਬਾਈ ਬੋਲਦਾ ਬੋਲਦਾ ਪਹਿਲਾਂ ਨਾਲੋਂ ਵੱਧ ਸੰਜੀਦਗੀ ਨਾਲੋਂ ਬੋਲਣ ਲੱਗ ਪਿਆ ਸੀ 'ਤੇ ਹਾਂ ! ਆਪਾਂ ਹੁਣ ਹਰਪਾਲ ਪਹਿਲਾਂ ਇਹੋ ਗੱਲ ਕਰਦੇ ਆਂ ਕਿ ਤੇਰਾ ਮੋੜਾ ਕੱਟਣਾ ਕਿਵੇਂ ਠੀਕ ਨਹੀਂ...।'

'ਚਲੋ ! ਤੁਸੀਂ ਕਰ ਲਉ ਆਵਦਾ ਰਾਂਝਾ ਰਾਜ਼ੀ', ਹਰਪਾਲ ਬੋਲਿਆ ਸੀ। ਗੁਰਮੀਤ, ਉਸਦੇ ਮੋੜੇ ਬਾਰੇ ਬੋਲਣ ਲੱਗ ਪਿਆ। ਮੈਂ ਚੁੱਪ-ਚਾਪ ਸੁਣਨ ਲੱਗ ਪਈ ਸੀ। ਹਰਪਾਲ ਬੈਠਾ-ਬੈਠਾ, ਆਪਣੀ ਖੁੱਲ੍ਹੀ ਲੰਮੀ-ਦਾੜ੍ਹੀ 'ਚ ਸੁਭਾਵਿਕ ਉਂਗਲੀਆਂ ਫੇਰਨ ਲੱਗ ਪਿਆ ਸੀ। ਅਮਰਦੀਪ, ਗੁਰਮੀਤ ਦੀ ਜੇਬ 'ਚੋਂ ਕੱਢੇ ਪੈੱਨ ਨਾਲ ਖੇਡ ਰਿਹਾ ਸੀ ਬਾਈ ਗੁਰਮੀਤ ਦੱਸ ਰਿਹਾ ਸੀ ਕਿ ਅਕਾਲੀ ਪਾਰਟੀ ਜਾਂ ਕੋਈ ਹੋਰ ਗ਼ੈਰ ਮਾਰਕਸਵਾਦੀ-ਲੈਨਿਨਵਾਦੀ ਪਾਰਟੀ, ਲੁਟੇਰੇ ਅਤੇ ਜ਼ਾਲਮ ਸਮਾਜਿਕ ਪ੍ਰਬੰਧ ਨੂੰ ਕਿਸੇ ਵੀ ਸੂਰਤ 'ਚ ਜੜ੍ਹਾਂ 'ਚੋਂ ਨਹੀਂ ਪੁੱਟ ਸਕਦੀ। ਕਿਉਂਕਿ ਲੁਟੇਰੇ ਅਤੇ ਜ਼ਾਲਮ ਸਮਾਜਿਕ ਪ੍ਰਬੰਧ ਦੀਆਂ ਹੱਦਾਂ, ਕੌਮਾਂ, ਦੇਸ਼ਾਂ ਜਾਂ ਖਿੱਤਿਆਂ ਤੱਕ ਈ ਸੀਮਤ ਨਹੀਂ, ਸਗੋਂ ਇਸ ਪ੍ਰਬੰਧ ਦਾ ਤਾਣਾ-ਬਾਣਾ, ਇਕ ਇਕਾਈ ਦੇ ਰੂਪ 'ਚ, ਸਾਰੀ ਦੁਨੀਆਂ ਅੰਦਰ ਫੈਲਿਆ ਹੋਇਆ ਹੈ। ਪੰਜਾਬ ਦੀ, ਭਾਰਤ ਦੀ, ਮੁੱਕਦੀ ਗੱਲ ਸਾਰੀ ਦੁਨੀਆਂ ਦੇ ਦੇਸ਼ਾਂ ਦੀ ਆਰਥਕਤਾ, ਰਾਜਨੀਤੀ ਅਤੇ ਸਭਿਆਚਾਰਕ ਦੀਆਂ ਤੰਦਾਂ ਸੰਸਾਰ ਮੰਡੀ ਨਾਲ ਹੂ-ਬ-ਹੂ ਉਵੇਂ ਈ ਜੁੜਿਐ...ਜਿਵੇਂ ਬਿਜਲੀ ਦੀਆਂ ਸਾਰੀਆਂ ਲਾਈਨਾਂ ਦੀਆਂ ਤਾਰਾਂ ਦਾ ਜਾਲ ਵਿੰਗ-ਟੇਢ ਪਾ ਕੇ, ਉਸ ਬਿਜਲੀ ਘਰ ਨਾਲ ਜੁੜਿਆ ਹੁੰਦੈ, ਜਿਸ 'ਚੋਂ ਬਿਜਲੀ ਪੈਦਾ ਹੁੰਦੀ ਐ।...

ਬੋਲਦਾ ਬੋਲਦਾ ਗੁਰਮੀਤ ਮੁਸਕਰਾ ਕੇ ਬੋਲਣ ਲੱਗ ਪਿਆ ਸੀ...ਪਰ ਅਕਾਲੀ ਪਾਰਟੀ ਦੀ ਅਤੇ ਦੂਸਰੀਆਂ ਸਾਰੀਆਂ, ਗ਼ੈਰ-ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦੀ ਨੀਤੀ ਹੈ ਬਣੀ ..ਬਿਜਲੀ ਘਰਾਂ ਨਾਲੋਂ ਬਿਜਲੀ ਦੀਆਂ ਲਾਈਨਾਂ ਦੇ ਤਾਣੇ ਬਾਣੇ ਨੂੰ ਤੋੜ ਕੇ, ਬਿਜਲੀ ਪ੍ਰਾਪਤ ਕਰਨ ਦੀ ਝਾਕ ਰੱਖਣ ਵਾਲੀ।'

ਗੁਰਮੀਤ ਦੀ ਚੱਲਦੀ ਗੱਲ ਤੇ 'ਹਾਂਅ...ਹਾਂਅ' ਕਰਕੇ ਹੱਸਦੇ ਹਰਪਾਲ

ਨੇ ਆਖਿਆ ਸੀ, '...ਕਾਮਰੇਡਾ ! ਥੋੜੇ ਤਾਂ ਬਿਜਲੀ ਘਰ ਦੇ ਫਿਊਜ਼ ਈ ਉੱਡੇ ਪਏ ਐ, ਗੱਲਾਂ ਮਾਰਨ ਤੋਂ ਬਿਨਾਂ ਹੁਣ ਥੋਡੇ ਕੋਲ ਰਹਿ ਵੀ ਕੀ ਗਿਐ...ਜੇ ਮੇਰੀ ਗੱਲ ਝੂਠ ਐ ਤਾਂ ਦੱਸ ਦੇ ..।'

'ਤੇਰੀ ਗੱਲ ਬਿਲਕੁਲ ਝੂਠ ਐ...' ਗੁਰਮੀਤ ਉਸਦੀ ਗੋਲ ਮੋਲ ਟਿੱਚਰ ਦਾ ਅਰਥ ਸਮਝਦਾ, ਇਹ ਦੱਸਣ ਲੱਗ ਪਿਆ ਸੀ ਕਿ ਉਸਦੀ ਟਿੱਚਰ ਦੇ ਰੂਪ 'ਚ ਕੀਤੀ ਗੱਲ ਕਿਵੇਂ ਝੂਠ ਹੈ।

'.. ਠੀਕ ਐ ਰੂਸ-ਚੀਨ ਦੇ ਇਨਕਲਾਬ ਅਗਾਹਾਂ ਨਹੀਂ ਵਧ ਸਕੇ। ਇਹਨਾਂ ਦੇਸ਼ਾਂ 'ਚ ਮੁੜ ਲੁਟੇਰੀ ਜਮਾਤ ਉਪਰ ਆ ਗਈ। ਪਰ ਇਨਾਂ ਕੁ ਤਾਂ ਤੂੰ ਵੀ ਜਾਣਦੈਂ ਕਿ ਇਨ੍ਹਾਂ ਦੇਸ਼ਾਂ 'ਚ, ਇਨਕਲਾਬ ਫੇਲ੍ਹ ਹੋ ਜਾਣ ਦਾ ਕੋਈ ਨਾ ਕੋਈ ਕਾਰਨ ਹੋਵੇਗਾ, ਕਿਉਂਕਿ ਬਿਨਾਂ ਕਾਰਨ ਤੋਂ ਤਾਂ ਕੁਝ ਹੋ ਈ ਨਹੀਂ ਸਕਦਾ...।'

'ਹਾਂਅ ਇਹ ਤਾਂ ਤੇਰੀ ਗੱਲ ਠੀਕ ਐ'

'ਫੇਰ ਸਾਡੇ ਕਮਿਊਨਿਸਟਾਂ ਕੋਲ ਹਰਪਾਲ ਸਿਆਂ, ਮਾਰਕਸਵਾਦ-ਲੈਨਿਨਵਾਦ ਦੀ ਰੌਸ਼ਨੀ ਵੀ ਐ, ਜਿਸ ਰੌਸ਼ਨੀ ਰਾਹੀਂ ਇਨਕਲਾਬਾਂ ਨੂੰ ਫੇਲ੍ਹ ਕਰਨ ਵਾਲੇ ਕਾਰਨਾਂ ਨੂੰ ਭਾਲਿਆ ਜਾ ਸਕਦੈ ਤੇ ਇਨਕਲ'ਬਾਂ ਨੂੰ ਅਗਾਹਾਂ ਵਧਾਇਆ ਜਾ ਸਕਦੈ ..'

'ਇਹ ਤਾਂ ਦਿਸੀ ਜਾਂਦਾ, ਜਿਹੋ ਜਿਹਾ ਤੁਸੀਂ ਇਨਕਲਾਬਾਂ ਨੂੰ ਅਗਾਹਾਂ ਵਧਾਉਗੇ। ਨਿੱਤ ਨਵੇਂ ਦਿਨ, ਥੋਡੇ ਗਰੁੱਪ, ਨਵੇਂ ਗਰੁੱਪਾਂ ਨੂੰ, ਆਹਣ ਦੇ ਬੱਚਿਆਂ ਵਾਂਗ ਜੰਮੀ ਜਾਂਦੇ ਨੇ...'

ਹਰਪਾਲ ਦਲੀਲ ਨਾਲ ਗੱਲ ਕਰਨ ਦੀ ਬਜਾਏ, ਵੇਗ 'ਚ ਆ ਕੇ, ਗੱਲ 'ਚੋਂ ਗੱਲ ਫੜਨ ਲੱਗ ਪਿਆ ਸੀ। ਚਲਦੇ ਨੁਕਤੇ ਬਾਰੇ ਬਹਿਸ ਕਰਨ ਦੀ ਬਜਾਏ ਨਵੇਂ ਨੁਕਤੇ ਖੜੇ ਕਰਨ ਲੱਗ ਪਿਆ ਸੀ। ਜਿਸ ਕਾਰਨ ਬਹਿਸ ਦੀ ਹਾਲਤ ਪਾਣੀ 'ਚ ਪਈ ਮਧਾਣੀ ਵਰਗੀ ਬਣ ਗਈ ਸੀ। ਗੁਰਮੀਤ ਗੱਲ ਨੂੰ ਪਹਿਲੇ ਨੁਕਤੇ 'ਤੇ ਲਿਆਉਣ ਦੀ ਕੋਸ਼ਿਸ਼ ਕਰਦਾ, ਪਰ ਹਰਪਾਲ ਵਿਚ ਦੀ ਕੋਈ ਨਵੀਂ ਚੱਕਚੂੰਧਰ ਛੱਡ ਦਿੰਦਾ—ਉਸ ਦਾ ਵਿਗੜਿਆ ਰੱਥ ਵੇਖ ਕੇ ਗੁਰਮੀਤ ਨੇ ਕੁਝ ਮਿੰਟਾਂ ਲਈ ਗੱਲ ਬੰਦ ਕਰ ਦਿੱਤੀ। ਮੈਂ ਚਾਹ ਕਰਨ ਲਈ ਉੱਠ ਖੜੀ ਸਾਂ।

...ਅੱਛਾ ਚਾਹ ਦਾ ਨਾਉਂ ਸੁਣਕੇ ਤੁਹਾਨੂੰ ਵੀ ਚਾਹ ਦੀ ਲੋੜ ਮਹਿਸੂਸ ਹੋਣ ਲੱਗ ਪਈ ਏ। ਖੈਰ! ਉਂਝ ਮੇਰਾ ਵੀ ਚਾਹ ਨੂੰ ਦਿੱਲ ਮੰਨ ਰਿਹਾ ਏ। ਕਿਉਂਕਿ, ਪਹਿਲੇ ਦਿਨਾਂ ਨਾਲੋਂ ਠੰਡ ਵੀ ਅੱਜ ਕੁਝ ਨਾ ਕੁਝ ਵੱਧ ਏ। ਠੰਡੀ ਹਵਾ, ਰਜ਼ਾਈ ਵਿਚ ਦੀ ਵੀ; ਲੰਘ ਰਹੀ ਏ। ਚਲੋ! ਗਰਮ ਚਾਹ ਪੀਣ ਤੋਂ ਬਾਦ ਈ, ਮੈਂ ਆਪਣੀ ਹੱਡ-ਬੀਤੀ ਦਾ ਅਗਲਾ ਹਿੱਸਾ ਤੁਹਾਨੂੰ ਸੁਣਾਵਾਂਗੀ।

ਅੱਠ

...ਤੇ ਹਾਂ! ਉਸ ਦਿਨ ਸਾਡੇ ਚਾਹ ਪੀਂਦਿਆਂ-ਪੀਦਿਆਂ ਅਮਰਦੀਪ ਗੁਰਮੀਤ ਦੀ ਬੁੱਕਲ 'ਚ, ਖੇਡਦਾ ਖੇਡਦਾ ਈ, ਪੈੱਨ ਹੱਥ 'ਚ ਫੜੀ ਸੌਂ ਗਿਆ ਸੀ। ਮੈਂ ਉਸ ਨੂੰ ਚੁੱਕ ਕੇ ਵਿਛਾਏ ਕਪੜੇ 'ਤੇ ਲਿਟਾਅ ਦਿੱਤਾ ਸੀ। ਗੁਰਮੀਤ, ਹਰਪਾਲ ਦੇ ਖੜੇ ਕੀਤੇ ਸਵਾਲ ਦੇ ਜਵਾਬ 'ਚ ਦੱਸਣ ਲੱਗ ਪਿਆ ਸੀ।

'ਵੇਖ ਬਈ ਹਰਪਾਲ! ਜਿਥੋਂ ਤੱਕ ਅਕਾਲੀ ਪਾਰਟੀ ਦੀਆਂ ਕੁਝ, ਇਹੋ ਜਿਹੀਆਂ ਮੰਗਾਂ ਦਾ ਤੁਅੱਲਕ ਹੈ, ਜਿਵੇਂ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ 'ਚ ਸ਼ਾਮਿਲ ਕਰਨ ਦੀ ਮੰਗ, ਦਰਿਆਈ ਪਾਣੀਆਂ 'ਚੋਂ ਦਰਿਆਈ ਪਾਣੀਆਂ ਦੀ ਵੰਡ ਦੇ ਕੌਮਾਂਤਰੀ ਨਿਯਮਾਂ ਮੁਤਾਬਕ, ਬਣਦਾ ਹਿੱਸਾ ਲੈਣ ਦੀ ਮੰਗ, ਪੰਜਾਬ 'ਚ ਬਿਜਲੀ ਦੇ ਹੈੱਡ ਵਰਕਸ ਉਸਾਰਨ ਦੀ ਆਜ਼ਾਦੀ ਲੈਣ ਦੀ ਮੰਗ ਤੇ ਇਹੋ-ਜਿਹੀਆਂ ਹੋਰ ਕਈ ਮੰਗਾਂ ਨੂੰ ਸਾਡੀ ਪਾਰਟੀ, ਅਕਾਲੀ ਪਾਰਟੀ ਦੀਆਂ ਠੀਕ ਮੰਗਾਂ ਮੰਨਦੀਐ...ਇਨਾਂ ਮੰਗਾਂ ਨੂੰ ਮਨਾਉਣ ਲਈ ਅਕਾਲੀ ਪਾਰਟੀ ਜਿਹੜੇ ਫਿਰਕੂ ਨਾਹਰੇ ਲਾ ਰਹੀਐ, ਉਨਾਂ ਨੂੰ ਸਾਡੀ ਪਾਰਟੀ ਗਲਤ ਸਮਝਦੀ ਐ। ਉਸ ਦੇ ਫਿਰਕੂ ਨਾਹਰੇ ਲਾਜ਼ਮੀ ਫਿਰਕੂ ਜ਼ਹਿਰ ਨੂੰ ਪੱਲ੍ਹਰਣ ਪਸਰਣ ਦਾ ਸੰਦ ਬਣਨਗੇ। ਇਸ ਤੋਂ ਬਿਨਾਂ ਸਾਡੀ ਪਾਰਟੀ ਸਮਝਦੀ ਐ ਕਿ ਜੇ ਮੰਗਾਂ ਮੰਨੀਆਂ ਵੀ ਜਾਣ, ਤਾਂ ਅਕਾਲੀ ਪਾਰਟੀ ਦੀ ਅਗਵਾਈ ਹੇਠਾਂ ਇਨ੍ਹਾਂ ਮੰਗਾਂ ਦਾ ਫਾਇਦਾ ਆਮ ਲੋਕਾਂ ਨੂੰ ਨਹੀਂ ਪਹੁੰਚ

ਸਕਦਾ। ਕਿਉਂਕਿ ਅਕਾਲੀ ਪਾਰਟੀ ਖ਼ੁਦ ਧਨੀ ਕਿਸਾਨਾਂ ਦੀ ਪਾਰਟੀ ਐ। ਧਨੀ ਕਿਸਾਨੀ ਖੁਦ ਵੀ ਲੁੱਟੀ ਜਾਣ ਦੇ ਨਾਲ ਲੋਟੂ ਪਾਰਟੀ ਐ।' ਗੁਰਮੀਤ ਦੀ ਚਲਦੀ ਗੱਲ ਸੁਣ ਰਿਹਾ ਹਰਪਾਲ, ਉਕੇਵੇਂ ਜਿਹੇ 'ਚ ਆ ਕੇ ਚੱਲਦੀ ਗੱਲ ਨੂੰ ਕੱਟਦਾ ਬੋਲਿਆ ਸੀ,

'ਮੰਗਾਂ ਪਿਛੇ ਅਕਾਲੀ ਪਾਰਟੀ ਦਾ ਕਿਹੜਾ ਹਿੱਤ ਐ, ਜਿਹੜਾ ਗਲਤ ਐ ? ਨਾਲੇ ਅਕਾਲੀ ਪਾਰਟੀ ਦੇ ਨਾਹਰੇ ਫਿਰਕਾਪ੍ਰਸਤੀ ਭੜਕਾਉਣ ਦਾ ਸੰਦ ਕਿਵੇਂ ਬਣਨਗੇ ? ਜਾਂ ਕਿ ਅਕਾਲੀ ਪਾਰਟੀ ਦਾ ਤੁਸੀਂ ਵਿਰੋਧ ਉਂਝ ਕਰਨਾ ਈ ਕਰਨੈ ?'

'ਨਹੀਂ ਇਹ ਗੱਲ ਨਹੀਂ.. ਕਮਿਊਨਿਸਟ ਐਵੇਂ ਕਿਸੇ ਦਾ ਵਿਰੋਧ ਨਹੀਂ ਕਰਦੇ ਹੁੰਦੇ ਤੇ ਨਾ ਹੀ ਕਮਿਊਨਿਸਟ ਐਵੇਂ ਕਿਸੇ ਦੀ ਹਮਾਇਤ ਕਰਦੇ ਹੁੰਦੇ ਐ। ਠੀਕ ਦੀ ਹਮਾਇਤ ਕਰਨੀ ਅਤੇ ਗ਼ਲਤ ਦਾ ਵਿਰੋਧ ਕਰਨਾ ਕਮਿਊਨਿਸਟਾਂ ਦਾ ਫ਼ਰਜ਼ ਹੁੰਦੈ...' ਬੋਲਦਾ ਬੋਲਦਾ ਗੁਰਮੀਤ ਦੱਸਣ ਲਗ ਪਿਆ ਸੀ ਕਿ ਅਕਾਲੀ ਪਾਰਟੀ ਵੰਨਿਓ ਅੱਜ ਇਹਨਾਂ ਮੰਗਾਂ ਨੂੰ ਉਠਾਉਣ ਪਿਛੇ ਸਾਫ਼ ਅਕਾਲੀ ਪਾਰਟੀ ਦਾ ਆਉਣ ਵਾਲੀਆਂ ਚਣਾਂ 'ਚ ਵੱਧ ਤੋਂ ਵੱਧ ਸੀਟਾਂ ਜਿੱਤਣ ਦਾ ਅਤੇ ਅਕਾਲੀਆਂ ਦੀ ਸਰਕਾਰ ਬਣਾਉਣ ਦਾ ਹਿੱਤ ਕੰਮ ਕਰਦੈ। ਜੇ ਹਿੱਤ ਨਾ ਕੰਮ ਕਰਦਾ ਹੁੰਦਾ ਤਾਂ ਇਹ ਪਾਰਟੀ ਇਹਨਾਂ ਮੰਗਾਂ ਨੂੰ ਉਠਾ ਕੇ, ਉਸ ਸਮੇਂ ਵੀ ਕੇਂਦਰ ਵਿਰੁੱਧ ਘੋਲ ਛੇੜ ਸਕਦੀ ਸੀ ਜਿਸ ਸਮੇਂ ਪੰਜਾਬ 'ਚ ਇਹਨਾਂ ਦੀ ਸਰਕਾਰ ਸੀ। ਪਰ ਉਦੋਂ ਤਾਂ ਇਹ ਕੇਂਦਰ ਦੀਆਂ ਮਾਰੂ ਨੀਤੀਆਂ ਅਨੁਸਾਰ ਚੱਲਦੀ, ਲੁਟੇਰੀ ਅਤੇ ਬੁੱਚੜ ਹਕੂਮਤ ਖਿਲਾਫ਼ ਜੂਝਣ ਵਾਲੇ ਲੋਕਾਂ ਦਾ ਖ਼ੁਦ ਕਤਲੇਆਮ ਕਰਦੀ ਰਹੀ ਸੀ। ਬਾਦਲ ਸਰਕਾਰ ਦੇ ਸਮੇਂ 'ਚ ਕਿੰਨੇ ਨਕਸਲ-ਵਾੜੀ ਯੋਧੇ ਸ਼ਹੀਦ ਕੀਤੇ ਗਏ। ਤੇ ਹੁਣ ਜਦ ਅਕਾਲੀ ਪਾਰਟੀ ਆਪਣਾ ਵਿਸ਼ਵਾਸ ਲੋਕਾਂ 'ਚ ਗੁਆ ਚੁੱਕੀ ਐ ਤਾਂ ਇਸਨੂੰ ਇਹਨਾਂ ਮੰਗਾਂ ਤੇ ਘੋਲ ਛੇੜਨਾ ਯਾਦ ਆਇਐ...' ਗੁਰਮੀਤ ਆਪਣੀ ਗੱਲ ਕਰੀ ਜਾ ਰਿਹਾ ਸੀ। ਹਰਪਾਲ ਅੱਕਵੀ ਜਿਹੀ ਕਰਦਾ ਵਿਚਦੀ ਆਖ ਗਿਆ ਸੀ,

'ਗੱਲਾਂ 'ਚ ਤਾਂ, ਤੁਸੀਂ ਕਾਮਰੇਡ ਰੱਬ ਨੂੰ ਵੀ ਨਹੀਂ ਦਿਵਾਲ...?'

ਹਰਪਾਲ ਦੀ ਇਸ ਗੱਲ ਨੂੰ ਅਣਗੌਲੀ ਕਰਕੇ ਗੁਰਮੀਤ ਨੇ ਆਪਣੀ ਗੱਲ ਚਾਲੂ ਰੱਖੀ ਸੀ,

'ਬਾਕੀ ਰਹੀ ਅਕਾਲੀ ਪਾਰਟੀ ਦੇ ਫਿਰਕੂ ਨਾਹਰਿਆਂ ਦੀ ਗੱਲ .. ਇਹ ਨਾਹਰੇ ਲਾਜ਼ਮੀ ਵਿਦੇਸ਼ਾਂ 'ਚ ਬੈਠੇ ਖਾਲਿਸਤਾਨੀਆਂ ਦੀ ਲਹਿਰ ਦੀ ਸੇਵਾ 'ਚ ਲੱਗਣਗੇ ਤੇ ਇਹਨਾਂ ਦੀ ਆਡ 'ਚ ਕੇਂਦਰ ਸਰਕਾਰ ਹਿੰਦੂ-ਸਿੱਖਾਂ 'ਚ ਪਾਟਕ ਪਾ ਕੇ, ਲੋਕਾਂ ਦੀ ਜਮਾਤੀ ਲਹਿਰ ਨੂੰ ਢਾਅ ਲਾਉਣ ਦਾ ਸੁਨਹਿਰੀ ਮੌਕਾ ਹੱਥੋਂ ਨਹੀਂ ਖੁੰਝਾਵੇਗੀ, ਜਿਵੇਂ ਆਪਾਂ ਹਾਲ਼ੀਏਂ ਵੇਖਦੇ ਐਂ ਕਿ ਕਿਵੇਂ ਇਕ ਪਾਸੇ ਗੁਰਦੁਆਰਿਆਂ 'ਚ ਬੀੜੀਆਂ-ਸਿਗਰਟਾਂ ਅਤੇ ਮੰਦਰਾਂ 'ਚ ਗਊਆਂ ਦੇ ਸਿਰ ਡਿੱਗਣੇ ਸ਼ੁਰੂ ਹੋ ਗਏ ਐ।'

'ਇਹ ਸਾਰਾ ਕੁਝ ਅਕਾਲੀ ਪਾਰਟੀ ਤਾਂ ਨਹੀਂ ਕਰਵਾ ਰਹੀ', ਹਰਪਾਲ, ਗੁਰਮੀਤ ਦੀ ਚੱਲਦੀ ਮੇਲ 'ਚ ਬੋਲਿਆ।...'ਤੈਨੂੰ ਪਤਾ ਹੋਣਾ ਚਾਹੀਦੈ, ਅਕਾਲੀ ਪਾਰਟੀ, ਹਿੰਦੂ ਸਿੱਖ ਏਕਤਾ ਦੀ ਮੁਦੱਈ ਐ...ਹਿੰਦੂ ਸਿੱਖ ਏਕਤਾ ਬਾਰੇ ਅਕਾਲੀ ਆਗੂਆਂ ਦੇ ਰੋਜ਼ਾਨਾ ਵਾਂਗੂੰ ਬਿਆਨ ਆਉਂਦੇ ਐ...ਪਰ ਤੁਸੀਂ ਕਾਮਰੇਡਾਂ ਨੇ ਤਾਂ ਆਪਣੀ ਗੱਲ ਮੁੱਖ ਰੱਖਣੀ ਐ।' ਬੋਲਣੋਂ ਹਟੇ ਹਰਪਾਲ ਨੇ ਫ਼ਰਸ਼ 'ਤੇ ਪਿਆ ਟਰਾਂਜ਼ਿਸਟਰ ਚੁੱਕ ਲਿਆ ਸੀ।

'ਤੂੰ ਦੱਸ ਹਰਪਾਲ ! ਸਿੱਖ ਫਿਰਕੇ ਦੇ ਧਾਰਮਿਕ ਸਥਾਨਾਂ 'ਚੋਂ ਘੋਲ ਸ਼ੁਰੂ ਕਰਨ ਨਾਲ 'ਖਾਲਸੇ ਦਾ ਬੋਲ-ਬਾਲਾ' ਜਿਹੇ ਨਾਹਰੇ ਬੁਲੰਦ ਕਰਨ ਨਾਲ, ਸੰਘਰਸ਼ ਨੂੰ ਧਰਮ-ਯੁੱਧ ਦਾ ਨਾਉਂ ਦੇਣ ਨਾਲ...ਅਤੇ ਸਿੱਖ ਧਰਮ ਦੇ ਆਗੂ ਨੂੰ ਸੰਘਰਸ਼ ਦਾ ਡਿਕਟੇਟਰ ਥਾਪਣ ਨਾਲ, ਹੋਰ ਧਰਮਾਂ ਨੂੰ ਮੰਨਣ ਵਾਲੇ ਜਾਂ ਕਿਸੇ ਵੀ ਧਰਮ ਨੂੰ ਨਾ ਮੰਨਣ ਵਾਲੇ ਪੰਜਾਬੀ, ਇਸ ਸੰਘਰਸ਼ ਦੇ ਨੇੜੇ ਆਉਣਗੇ ? ਫੇਰ ਇਹ ਹਿੰਦੂ ਸਿੱਖ-ਏਕਤਾ ਹੋਵੇਗੀ ? ਜਾਂ ਧਾਰਮਿਕ ਫਿਰਕਿਆਂ 'ਚ ਤਣਾਅ ਨਹੀਂ ਵਧੇਗਾ ?'

ਗੁਰਮੀਤ ਦੇ ਸਵਾਲਾਂ ਦਾ ਜੁਆਬ ਦੇਣ ਦੀ ਥਾਂ ਹਰਪਾਲ ਉਕੇਵੇਂ ਭਰੀ ਆਵਾਜ਼ 'ਚ ਬੋਲਿਆ ਸੀ। ਹਿੰਦੂਆਂ, ਹਰੀਜਨਾਂ ਅਤੇ ਕਮਿਊਨਿਸਟਾਂ ਨੇ ਤਾਂ ਅਕਾਲੀ ਪਾਰਟੀ ਦੇ ਚੰਗੇ ਤੋਂ ਚੰਗੇ ਕੰਮ ਦੀ ਵੀ ਵਿਰੋਧਤਾ ਕਰਨੀ ਈ ਕਰਨੀ ਐ ..ਅਕਾਲੀ ਪਾਰਟੀ ਤੇ ਫਿਰਕੂਪੁਣੇ ਦਾ ਲੇਬਲ ਲਾਉਣਾ ਈ ਲਾਉਣੈ...' ਬੋਲਦੇ ਬੋਲਦੇ ਹਰਪਾਲ ਨੇ ਟਰਾਂਜ਼ਿਸਟਰ ਦੀ ਸਵਿਚ ਦੱਬੀ। ਟਰਾਂਜ਼ਿਸਟਰ 'ਤੇ ਫਿਲਮੀ ਗੀਤ ਚੱਲ ਰਹੇ ਸਨ। ਬਹਿਸ ਵਿਚਕਾਰੋਂ ਛੱਡ ਕੇ ਹਰਪਾਲ ਦਾ ਟਰਾਂਜਿਸਟਰ ਲਾਉਣਾ, ਮੈਨੂੰ ਬਹੁਤ ਬੁਰਾ ਲੱਗਿਆ।

ਮੈਂ ਉਸਨੂੰ ਟਰਾਂਜ਼ਿਸਟਰ ਬੰਦ ਕਰਨ ਲਈ ਕਿਹਾ। ਉਸਨੇ ਟਰਾਂਜ਼ਿਸਟਰ ਬੰਦ ਕਰਨ ਦੀ ਥਾਂ ਮੱਧਮ ਆਵਾਜ਼ 'ਚ ਕਰਦਿਆਂ ਆਖਿਆ,

'ਸਿੱਖ ਇਤਿਹਾਸ ਦਾ ਵਿਰਸਾ ਬਹੁਤ ਖਾੜਕੂ ਵਿਰਸੈ, ਇਸ ਵਿਰਸੇ ਨੂੰ ਤੁਸੀਂ ਕਾਮਰੇਡਾਂ ਨੇ ਤਾਂ ਅੱਖੋਂ-ਪਰੋਖੇ ਕੀਤਾ ਹੋਇਐ ਤੇ ਅਕਾਲੀ ਪਾਰਟੀ ਵਿਰਸੇ ਨੂੰ ਵਰਤ ਰਹੀ ਐ...ਤਾਂ ਹੀ ਅੱਜ ਅਕਾਲੀ ਪਾਰਟੀ ਦੇ ਮੋਰਚੇ 'ਚ ਲੱਖਾਂ ਲੋਕ ਜੇਲ੍ਹੀਂ ਜਾ ਰਹੇ ਐ...।'

'ਇਸ 'ਚ ਕੋਈ ਸ਼ੱਕ ਨਹੀਂ...ਵਾਕਿਆ ਈ ਸਿੱਖ ਇਤਹਾਸ ਦਾ ਵਿਰਸਾ ਜ਼ੁਲਮ ਜਬਰ ਵਿਰੁੱਧ ਚਲੀਆਂ ਖਾੜਕੂ ਲੜਾਈਆਂ ਨਾਲ ਭਰਿਐ ਹੋਇਐ। ਪਰ ਇਸ ਖਾੜਕੂ ਵਿਰਸੇ ਨੂੰ ਜੇ ਕੋਈ ਅੱਜ ਵਰਤ ਰਿਹ ਤਾਂ ਉਹ ਕਮਿਉਨਿਸਟ ਇਨਕਲਾਬੀ ਲੋਕ ਈ ਵਰਤ ਰਹੇ ਨੇ ਇਸ ਵਿਰਸੇ ਨੂੰ ਅਮੀਰ ਬਣਾਉਂਦਿਆਂ ਕਿਵੇਂ ਲਾਲ ਪਾਰਟੀ ਅਤੇ ਨਕਸਲਵਾੜੀ ਲਹਿਰ ਦੇ ਸੂਰਮਿਆਂ ਨੇ ਲੁਟੇਰੇ ਅਤੇ ਜ਼ਾਲਮ ਰਾਜ ਦੇ ਖ਼ਿਲਾਫ਼ ਜੂਝਦਿਆਂ ਕੁਰਬਾਨੀਆਂ ਕੀਤੀਆਂ। ਅਕਾਲੀ ਪਾਰਟੀ ਇਸ ਖਾੜਕੂ ਵਿਰਸੇ ਨੂੰ ਆਪਣੇ ਕੁਰਸੀ ਯੁੱਧ ਪਿੱਛੇ ਕਿਵੇਂ ਕਲੰਕਤ ਕਰਦੀ ਰਹੀ ਐ, ਇਹ ਕਿਸੇ ਤੋਂ ਭੁੱਲਿਆ ਨਹੀਂ...।'

'ਰਹਿਣ ਦੇ ਕਾਮਰੇਡ ਰਹਿਣ ਦੇ...!' ਗੁਰਮੀਤ ਦੀ ਗੱਲ ਤੋਂ ਚਿੜ੍ਹਕੇ ਹਰਪਾਲ ਬੋਲਣ ਲੱਗ ਪਿਆ ਸੀ...'...ਜੇ ਲੱਖਾਂ ਲੋਕਾਂ ਦੀਆਂ ਗ੍ਰਿਫਤਾਰੀਆਂ ਵੀ ਤੈਨੂੰ ਸਿੱਖ ਇਤਿਹਾਸ ਕਲੰਕਤ ਕਰਨਾ ਲੱਗਦੈ ਤਾਂ ਫੇਰ ਤੇਰੇ ਨਾਲ ਗੱਲ ਕੀ ਕਰਨੀ ਐ।' ਬੋਲਣੋਂ ਹਟੇ ਹਰਪਾਲ ਨੇ ਟਰਾਂਜ਼ਿਸਟਰ ਦੀ ਆਵਾਜ਼ ਪਹਿਲਾਂ ਨਾਲੋਂ ਉੱਚੀ ਕਰ ਦਿੱਤੀ ਸੀ। ਗੁਰਮੀਤ ਨੇ ਆਪਣੀ ਗੱਲ ਹੋਰ ਸਾਫ਼ ਕਰਦਿਆਂ ਆਖਿਆ।

'ਜਿੱਥੋਂ ਤੱਕ ਲੱਖਾਂ ਲੋਕਾਂ ਦਾ, ਗ੍ਰਿਫਤਾਰੀਆਂ ਦੇਣ ਦਾ ਤੁਅੱਲਕ ਐ... ਇਹਨਾਂ ਨੂੰ ਅਸੀਂ ਮਾੜੀਆਂ ਨਹੀਂ ਕਹਿੰਦੇ। ਸਵਾਲ ਤਾਂ ਇਹ ਐ ਕਿ ਇਹ ਗ੍ਰਿਫਤਾਰੀਆਂ ਦਿਵਾਈਆਂ ਜਾ ਰਹੀਆਂ ਨੇ ਬਾਦਲ ਵਰਗੇ ਭੋਂਪਤੀਆਂ ਨੂੰ ਖ਼ੁਸੀਆਂ ਕੁਰਸੀਆਂ ਦਿਵਾਉਣ ਲਈ...'

ਗੁਰਮੀਤ ਦੀ ਚਲਦੀ ਗੱਲ ਮੈਂ ਤਾਂ ਧਿਆਨ ਨਾਲ ਸੁਣ ਰਹੀ ਸੀ, ਪਰ ਹਰਪਾਲ ਬੇਧਿਆਨੀ ਵਿਖਾਉਂਦਾ ਹੋਇਆ ਟਰਾਂਜਿਸਟਰ ਦੇ ਸਟੇਸ਼ਨਾਂ ਵਾਲੀ ਸਵਿੱਚ ਹੇਠ ਨੂੰ ਅਤੇ ਹੇਠੋਂ ਉਪਰ ਨੂੰ ਵਾਰ ਵਾਰ ਘੁੰਮਾਅ ਰਿਹਾ

ਸੀ। ਟਰਾਂਜ਼ਿਸਟਰ ਕਿੱਚ-ਕਿੱਚ ਕਰਨ ਲੱਗ ਪਿਆ ਸੀ। ਹਰਪਾਲ ਦਾ ਧਾਰਨ ਕੀਤਾ ਰਵੱਈਆ ਪਤਾ ਨਹੀਂ ਉਸ ਸਮੇਂ ਗੁਰਮੀਤ ਨੂੰ ਕਿੰਨਾ ਕੁ ਬੁਰਾ ਲੱਗਿਆ ਸੀ। ਸੱਚ ਨਾਲ ਉਦੋਂ, ਮੈਨੂੰ ਹਰਪਾਲ ਵੀ ਚੰਗਾ ਨਹੀਂ ਸੀ ਲੱਗਿਆ। ਮੈਂ ਬੈਠੀ ਬੈਠੀ ਸੋਚਣ ਲੱਗ ਪਈ ਸਾਂ,

—'ਅੜੀਏ ! ਤੇਰੇ ਤੇ ਹਰਪਾਲ ਦੇ ਵਿਚਾਰਾਂ ਵਿਚਲਾ ਫ਼ਰਕ ਤਾਂ ਦਿਨੋ-ਦਿਨ ਵੱਧਦਾ ਈ ਜਾ ਰਿਹੈ।'

ਇਕੱਤਰ ਦੇ ਬਾਪੂ ਜੀ ਨੇ ਜਦੋਂ ਤੋਂ ਆਉਣ ਵਾਲੀਆਂ ਇਲੈਕਸ਼ਨਾਂ 'ਚ ਐਮ. ਐਲ. ਏ ਦੀ ਸੀਟ ਦਵਾਉਣ ਦਾ ਸਬਜ਼ਬਾਗ ਵਿਖਾਇਆ ਸੀ, ਉਦੋਂ ਤੋਂ ਤਾਂ ਹਰਪਾਲ ਦਿਨ ਰਾਤ ਇਕ ਕਰਕੇ ਧਰਮ ਯੁੱਧ ਮੋਰਚੇ 'ਚ ਕੰਮ ਕਰਨ ਲੱਗ ਪਿਆ ਸੀ। ਮੇਰੇ ਕੋਲ ਵੀ ਪੰਜਵੇਂ-ਸੱਤਵੇਂ ਦਿਨ ਗੇੜਾ ਮਾਰਨ ਲੱਗ ਪਿਆ ਸੀ। ਕਾਫ਼ੀ ਭੱਜ-ਦੌੜ ਕਰਨ 'ਤੇ, ਉਹ ਅਕਾਲੀ ਪਾਰਟੀ ਦੇ ਯੂਥਵਿੰਗ ਦਾ ਜ਼ਿਲ੍ਹਾ ਸਕੱਤਰ ਬਣ ਗਿਆ ਸੀ। ਤੇ ਆਪਣੇ ਪਿੰਡਾਂ 'ਚੋਂ ਪੰਜਾਹ ਬੰਦਿਆਂ ਦਾ ਜਥਾ ਲਿਜਾ ਕੇ ਉਸ ਨੇ ਆਪਣੇ ਜਥੇ ਸਮੇਤ ਗ੍ਰਿਫ਼ਤਾਰੀ ਦੇ ਦਿੱਤੀ ਸੀ। ਘਰ ਮੈਂ ਤੇ ਅਮਰਦੀਪ ਦੋਹੇਂ ਈ ਰਹਿ ਗਏ ਸਾਂ। ਦਿਨ ਤਾਂ, ਮੇਰਾ ਤੇ ਅਮਰਦੀਪ ਦਾ ਸਕੂਲ 'ਚ ਲੰਘ ਜਾਂਦਾ ਸੀ ਤੇ ਰਾਤ ਸੋਚਾਂ ਵਿਚ ਲੰਘ ਜਾਂਦੀ ਸੀ। ਉਹਨੀਂ ਦਿਨੀਂ ਅਖਬਾਰਾਂ ਅਤੇ ਰੇਡੀਓ 'ਚ ਇਹ ਖੱਬਰਾਂ ਆਮ ਆਉਣ ਲੱਗ ਪਈਆਂ ਸਨ :

'ਅੱਤਵਾਦੀਆਂ ਨੇ ਥਾਣੇ 'ਚੋਂ ਅਸਲਾ ਲੁੱਟ ਲਿਆ...ਬੈਂਕ 'ਚੋਂ ਡਾਕਾ ਮਾਰਕੇ, ਅੱਤਵਾਦੀ ਲੱਖਾਂ ਰੁਪਈਆਂ ਲੁੱਟ ਕੇ ਲੈ ਗਏ...ਇਕ ਫ਼ਿਰਕੇ ਦੇ ਬੰਦਿਆਂ ਨੂੰ ਅੱਤਵ ਦੀਆਂ ਨੇ ਕਤਲ ਕਰ ਦਿਤਾ...ਪੁਲਸ ਕਰਮਚਾਰੀ ਅੱਤਵਾਦੀਆਂ ਹੱਥੋਂ ਮਾਰੇ ਗਏ... 'ਅੱਤਵਾਦੀ' ਪੁਲਸ ਮੁਕਾਬਲੇ 'ਚ ਮਾਰੇ ਗਏ ..।'

ਇਹਨਾਂ ਖਬਰਾਂ ਦੀ, ਮੈਨੂੰ ਕੋਈ ਸਮਝ ਨਹੀਂ ਸੀ ਆਉਂਦੀ ਕਿ ਇਹ ਸਭ ਕੁਝ ਕੌਣ ਕਰ ਰਿਹੈ ? ਕੌਣ ਤੇ ਕਿਉਂ ਕਰ ਰਿਹੈ...? ਉਂਝ ਸਾਡੇ ਸਕੂਲ ਦੇ ਸਟਾਫ਼ 'ਚ, ਇਹਨਾਂ ਖਬਰਾਂ ਬਾਰੇ ਅੰਦਾਜ਼ਿਆਂ ਭਰੀਆਂ ਗੱਲਾਂ ਚਲਦੀਆਂ ਈ ਰਹਿੰਦੀਆਂ ਸਨ। ਕਈਆਂ ਦਾ ਵਿਚਾਰ ਸੀ ਕਿ ਇਸ ਸਭ-ਕੁੱਝ ਦੀ ਜ਼ਿੰਮੇਵਾਰੀ ਅਕਾਲੀਆਂ ਦੇ ਧਰਮ-ਯੁੱਧ ਮੋਰਚੇ ਸਿਰ ਆਉਂਦੀ ਐ।

ਕਈ ਆਖਦੇ ਸਨ ਕਿ ਸਿੱਖਾਂ ਦਾ ਨਰਮ ਧੜਾ ਤਾਂ ਇਹ ਸਭ ਕੁਝ ਨਹੀਂ ਕਰ ਰਹਿਆ—ਇਹ ਸਭ ਕੁਝ ਤਾਂ ਸਿੱਖਾਂ ਦਾ ਗਰਮ ਧੜਾ ਕਰ ਰਹਿਆ... ਇਹਨਾਂ ਅੰਦਾਜ਼ਿਆਂ ਤੋਂ ਮੇਰੇ ਕੁਝ ਪਿੜ ਪੱਲੇ ਨਹੀਂ ਸੀ ਪੈਂਦਾ। ਮੈਂ ਸੋਚਣ ਲੱਗ ਪਈ ਸੀ ਕਿ ਗੁਰਮੀਤ ਜੇ ਗੇੜਾ ਮਾਰੇ ਤਾਂ ਉਸ ਕੋਲੋਂ, ਇਸ ਸਭ ਕੰਮ ਬਾਰੇ ਪੁੱਛਾਂ। ਪਰ ਪਤਾ ਨਹੀਂ ਕਿਉਂ...? ਉਸ ਨੇ ਮਹੀਨੇ ਸਵਾ ਮਹੀਨੇ ਤੋਂ ਗੇੜਾ ਈ ਨਹੀਂ ਸੀ ਮਾਰਿਆ । ਮੈਂ ਰੋਜ਼ ਈ ਗੁਰਮੀਤ ਨੂੰ ਉਡੀਕ ਲੈਂਦੀ ਸਾਂ। ਪਰ ਉਸ ਦੀ ਉਡੀਕ ਲੰਮੀ ਈ ਹੁੰਦੀ ਜਾਂਦੀ ਸੀ...।

ਆਖਰ ਇਕ ਸ਼ਾਮ, ਲੰਮੀ ਤਣੀ ਵਾਲਾ ਝੋਲਾ ਗਾਤਰੇ ਪਾਈ ਗੁਰਮੀਤ ਆ ਈ ਗਿਆ। ਮੇਰੇ ਪਰਗਟ ਕੀਤੇ ਗਿਲੇ ਦੇ ਜਵਾਬ 'ਚ ਉਸ ਨੇ ਦਸਿਆ ਕਿ ਉਸ ਤੋਂ ਇਸ ਕਰਕੇ ਛੇਤੀ ਗੇੜਾ ਨਹੀਂ ਸੀ ਵਜਿਆ, ਕਿਉਂਕਿ ਉਹ ਪਿਛਲੇ ਦਿਨੀਂ ਪਿੰਡਾਂ 'ਚ ਫਿਰਕਾਪ੍ਰਸਤੀ ਵਿਰੁੱਧ ਹੋ ਰਹੀਆਂ ਰੈਲੀਆਂ 'ਚ ਲਗਾਤਾਰ ਉਲਝਿਆ ਰਿਹਾ ਸੀ। ਮੈਂ ਚਾਹ ਕਰਨ ਦੇ ਨਾਲ,ਹਰਪਾਲ ਦੀ ਗ੍ਰਿਫਤਾਰੀ ਬਾਰੇ, ਉਸ ਨਾਲ ਅਫਸੋਸੀਆਂ ਜਿਹੀਆਂ ਗੱਲਾਂ ਕਰਦੀ ਰਹੀ ਸਾਂ। ਗੁਆਂਢੀਆਂ ਦੇ ਘਰੋਂ ਖੇਡ ਕੇ ਆਇਆ ਅਮਰਦੀਪ—'ਅੰਕਲ ਆਇਆ.. ਅੰਕਲ ਆਇਆ...' ਦੀ ਰੱਟ ਲਾਉਂਦਾ ਇਕ ਤਰ੍ਹਾਂ ਗੁਰਮੀਤ ਨੂੰ ਹਾਬੜਿਆਂ ਵਾਂਗ ਈ ਚਿੰਬੜ ਗਿਆ ਸੀ। ਗੁਰਮੀਤ ਨੇ ਅਮਰਦੀਪ ਨੂੰ ਪਿਆਰ ਦਿੰਦਿਆਂ ਆਪਣੀ ਬੁੱਕਲ 'ਚ ਬੈਠਾ ਲਿਆ ਸੀ। ਅਸੀਂ ਤਿੰਨੇ ਚਾਹ ਪੀਣ ਲੱਗ ਪਏ ਸਾਂ।

'ਵੇਖ ਭੈਣ ਕਿਰਣ ! ਅੱਜ ਕੱਲ੍ਹ ਜਿਹੜੇ ਵੀ ਬੈਂਕਾਂ-ਥਾਣਿਆਂ 'ਚ ਡਾਕੇ ਪਏ ਨੇ--ਹਿੰਦੂ-ਸਿੱਖ ਫਿਰਕੇ ਦੇ ਲੋਕਾਂ ਦੇ ਕਤਲ ਹੋ ਰਹੇ ਨੇ . ਤੇ ਪੁਲੀਸ ਵੱਲੋਂ ਪੁਲਸ ਮੁਕਾਬਲਿਆਂ 'ਚ ਲਹੂ ਡੋਲ੍ਹਿਆ ਜਾ ਰਹਿਐ...ਇਹ ਸਾਰਾ ਕੁਝ ਮਜ਼ਦੂਰ ਜਮਾਤ ਅਤੇ ਦੱਬੇ-ਕੁੱਚਲੇ ਲੋਕਾਂ ਦੀ ਮੁਕਤੀ ਲਹਿਰ ਲਈ ਬਹੁਤ ਘਾਤਕ ਸਿੱਧ ਹੋ ਰਿਹੈ। ਇਸ ਦਾ ਫਾਇਦਾ ਸਾਮਰਾਜੀਆਂ ਤੇ ਉਹਨਾਂ ਦੇ ਝੋਲੀ ਚੁਕਾਂ ਦੇ ਧੜਿਆਂ 'ਚੋਂ ਕਿਸੇ ਨਾ ਕਿਸੇ ਧੜੇ ਨੂੰ ਪਹੁੰਚ ਰਿਹੈ... ਬਾਕੀ ਰਹੀ ਗੱਲ ਕਿ ਇਹ ਸਾਰਾ ਕੁਝ ਕੌਣ ਕਰਵਾਅ ਰਿਹੈ.. ਇਹ ਸਾਫ਼ ਐ ਕਿ ਇਹ ਸਾਰਾ ਕੁਝ ਲੁਟੇਰਿਆਂ ਤੇ ਉਹਨਾਂ ਦੇ ਝੋਲੀ ਚੁੱਕਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਰਾਜਨੀਤੀ ਅਨੁਸਾਰ ਹੋ ਰਿਹੈ। ਜਿਹੜਾ ਕੋਈ ਵੀ ਅੱਜ ਦੇਸ਼-ਕੌਮ, ਜ਼ਾਤ-ਧਰਮਾਂ ਜਾਂ ਨਸਲ ਮੁਤਾਬਕ ਲੜਾਈ ਛੇੜਦੈ, ਉਹ ਜਾਣੇ

ਜਾਂ ਅਣਜਾਣੇ...'ਪਾੜੋ ਅਤੇ ਰਾਜ ਕਰੋ' ਨੀਤੀ ਨੂੰ ਵੀ ਅਮਲ 'ਚ ਲਿਆ ਰਿਹਾ ਹੁੰਦੈ, ਕਿਉਂਕਿ ਅੱਜ ਸਮੁੱਚੇ ਸੰਸਾਰ ਦੀ ਮਜ਼ਦੂਰ ਜਮਾਤ ਅਤੇ ਦੱਬੇ-ਕੁਚਲੇ ਲੋਕਾਂ ਦੇ ਹਿੱਤ ਸਾਂਝੇ ਨੇ, ਦੁਸ਼ਮਣ ਸਾਂਝੇ ਨੇ। ਮਜ਼ਦੂਰ ਜਮਾਤ ਅਤੇ ਦੱਬੇ-ਕੁਚਲੇ ਲੋਕਾਂ ਨੂੰ ਜੇ ਕੋਈ ਦੇਸ਼, ਕੌਮ, ਧਰਮ, ਜ਼ਾਤ ਜਾਂ ਨਸਲ ਦੇ ਤੌਰ ਤੇ ਖੱਖੜੀਆਂ ਕਰੇਲੇ ਕਰਦੈ ਤਾਂ ਉਹ ਭਰਾ-ਮਾਰ ਲੜਾਈ ਨੂੰ ਈ ਵਡਾਵਾ ਦੇ ਰਿਹੈ।'

ਖਾਲੀ ਗਿਲਾਸ ਮੰਜੇ ਤੋਂ ਹੇਠਾਂ ਰੱਖਦਾ ਗੁਰਮੀਤ ਇਹ ਦੱਸਣ ਲੱਗ ਪਿਆ ਸੀ ਕਿ ਪੰਜਾਬ ਅੰਦਰਲੀ ਫਿਰਕੂ ਲਹਿਰ ਦੀ ਮੁੱਖ ਜ਼ਿੰਮੇਵਾਰੀ ਤਾਂ ਕਾਂਗਰਸ ਸਰਕਾਰ ਸਿਰ ਆਉਂਦੀ ਐ, ਜਿਹੜੀ ਜਾਣ ਬੁੱਝ ਕੇ ਪੰਜਾਬ ਦੀਆਂ ਆਰਥਕ ਮੰਗਾਂ ਨੂੰ ਮੰਨਣ ਦੀ ਬਜਾਏ ਲਟਕਾਅ ਰਹੀ ਐ। ਦੂਸਰੀ ਥਾਂ ਤੇ ਇਸ ਸਭ ਕੁਝ ਦੀ ਜ਼ਿੰਮੇਵਾਰੀ ਅਕਾਲੀ ਪਾਰਟੀ ਸਿਰ ਆਉਂਦੀ ਐ, ਜਿਸਨੇ ਇਹਨਾਂ ਮੰਗਾਂ ਨੂੰ ਮੰਨਵਾਉਣ ਲਈ ਧਾਰਮਿਕ ਵਿਚਾਰਾਂ ਅਧੀਨ ਘੋਲ ਸ਼ੁਰੂ ਕੀਤੇ ਤੇ ਘੋਲ ਚਲਾਅ ਰਹੀ ਐ। ਅਕਾਲੀ ਪਾਰਟੀ ਦੀ ਇਸ ਗਲਤੀ ਕਾਰਨ ਈ ਇਕ ਪਾਸੇ ਸਿੱਖ ਫਿਰਕੇ ਦੇ ਗਰਮ-ਖਿਆਲੀਏ। ਧਾਰਮਿਕ ਆਗੂਆਂ ਨੂੰ ਫਿਰਕੂ ਜਨੂੰਨ ਭੜਕਾਉਣ ਦਾ ਮੌਕਾ ਮਿਲਿਐ ਅਤੇ ਦੂਸਰੇ ਪਾਸੇ ਹਿੰਦੂ ਫਿਰਕੇ ਦੇ ਧਾਰਮਿਕ ਜਨੂੰਨੀਆਂ ਨੂੰ ਫਿਰਕੂ ਜਨੂੰਨ ਭੜਕਾਉਣ ਦਾ ਮੌਕਾ ਮਿਲਿਐ।...ਗੱਲ ਗੁਰ-ਦਵਾਰਿਆਂ 'ਚ ਬੀੜੀਆਂ ਸਿਗਰਟਾਂ ਸੁੱਟਣ ਅਤੇ ਮੰਦਰਾਂ 'ਚ ਗਊਆਂ ਦੀਆਂ ਪੂਛਾਂ ਅਤੇ ਸਿਰ ਸੁੱਟਣ ਤੋਂ ਸ਼ੁਰੂ ਹੋ ਕੇ ਅੱਜ ਡਕੈਤੀਆਂ ਅਤੇ ਨਿਰਦੋਸ਼ ਹਿੰਦੂਆਂ-ਸਿੱਖਾਂ ਦੇ ਕਤਲਾਂ ਤੱਕ ਪਹੁੰਚ ਚੁੱਕੀ ਐ। ਗਰਮ-ਖਿਆਲੀਏ ਸਿੱਖਾਂ ਦਾ ਧਾਰਮਿਕ ਆਗੂ, ਸੰਤ, ਸ਼ਰੇਆਮ ਆਖ ਰਿਹੈ ਕਿ ਹਿੰਦੂ, ਸਿੱਖਾਂ ਨੂੰ ਗ਼ੁਲਾਮ ਬਣਾ ਕੇ ਰੱਖ ਰਹੇ ਨੇ। ਤੇ ਸਿੱਖ ਨੌਜਵਾਨਾਂ ਨੂੰ ਹਿੰਦੂਆਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਖਾਤਰ ਰਿਵਾਲਵਰ ਤੇ ਮੋਟਰ ਸਾਈਕਲ ਪਰਾਪਤ ਕਰਨੇ ਚਾਹੀਦੇ ਨੇ।...ਉਧਰੋਂ ਹਿੰਦੂ ਜਨੂੰਨੀ ਆਖ ਰਹੇ ਨੇ ਕਿ ਰਾਜਸਥਾਨ 'ਚ ਸਿੱਖਾਂ ਨੂੰ ਆਪਣੇ ਕਛਹਿਰੇ ਅਤੇ ਪਰਨੇ ਸੰਭਾਲ ਕੇ ਪੰਜਾਬ ਨੂੰ ਚਲੇ ਜਾਣਾ ਚਾਹੀਦਾ। ਬੱਬਰ ਖਾਲਸਾ ਦਲ ਵਾਲਿਆਂ ਨੇ ਅੱਜ ਦੇ ਅਖਬਾਰ 'ਚ ਸ਼ਰੇਆਮ ਬਿਆਨ ਦੇ ਮਾਰਿਆ ਕਿ ਨਿਰੰਕਾਰੀਆਂ, ਹਿੰਦੂਆਂ ਤੇ ਪੁਲਸ ਅਫ਼ਸਰਾਂ ਦੇ ਜਿੰਨੇ ਵੀ ਕਤਲ ਹੋਏ ਨੇ ਜਾਂ ਹੋ ਰਹੇ ਨੇ ਇਹ ਸਾਰੇ ਕਤਲ, ਅਸੀਂ, ਬੱਬਰ ਖਾਲਸਾ ਦਲ

ਵਾਲਿਆਂ ਨੇ ਕੀਤੇ ਨੇ। ਵਿਦੇਸ਼ 'ਚ ਬੈਠੇ ਖਾਲਸਤਾਨੀ ਆਗੂ ਵੱਖਰਾ ਖਾਲਿਸ-ਤਾਨ ਦਾ ਢੋਲ ਵਜਾ ਕੇ, ਹਿੰਦੂਆਂ-ਸਿੱਖਾਂ 'ਚ ਪਾਟਕ ਪਾ ਰਹੇ ਐ। ਪੰਜਾਬ ਫਿਰਕੂ ਜਨੂੰਨ ਦੀ ਅੱਗ 'ਚ ਸੜ ਰਿਹੈ ਤੇ ਕਾਂਗਰਸੀਆਂ ਦੀ ਕੇਂਦਰੀ ਸਰਕਾਰ ਮੌਜ ਨਾਲ ਬੈਠੀ ਤਮਾਸ਼ਾ ਵੇਖੀ ਜਾ ਰਹੀ ਐ ਤੇ ਉਧਰ ਅਕਾਲੀ ਆਗੂ ਸਭ ਕੁਝ ਵੇਂਹਦਿਆਂ ਅੱਖਾਂ ਮੀਚ ਕੇ ਬੱਸ 'ਹਿੰਦੂ-ਸਿੱਖ' ਏਕਤਾ ਰੱਖਣ ਦੇ ਬਿਆਨਾਂ ਨਾਲ ਸਾਰ ਰਹੇ ਨੇ...'

ਗੁਰਮੀਤ ਗੱਲ ਜਿਉਂ-ਜਿਉਂ ਕਰੀ ਜਾ ਰਿਹਾ ਸੀ, ਤਿਉਂ ਤਿਉਂ ਮੈਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਮੇਰੇ ਸਿਰ ਤੋਂ ਕੋਈ ਬੋਝ ਉਤਰ ਰਿਹਾ ਹੋਵੇ ਤੇ ਮੈਨੂੰ ਆਪਣਾ ਸਿਰ ਹੌਲਾ ਫੁੱਲ ਵਰਗਾ ਜਾਪਣ ਲੱਗ ਪਿਆ ਹੋਵੇ। ਗੁਰਮੀਤ ਨੇ ਆਪਣੀ ਗੱਲ ਮੁਕਾਉਂਦਿਆਂ, ਪਾਰਟੀ ਵੱਲੋਂ ਕੱਢਿਆ ਲੀਫਲੈਟ 'ਪੰਜਾਬ ਮਸਲੇ ਬਾਰੇ ਮਾਰਕਸੀ ਲੈਨਿਨੀ ਸਮਝ' ਆਪਣੇ ਲੰਮੀ ਤਣੀ ਵਾਲੇ ਝੋਲੇ 'ਚੋਂ ਕੱਢਕੇ ਮੈਨੂੰ ਦਿੱਤਾ।

ਫੇਰ ਗੁਰਮੀਤ ਰੋਟੀ ਖਾਣ ਤੋਂ ਬਾਦ, ਅਮਰਦੀਪ ਨੂੰ ਪਿਆਰ ਦੇ, ਮੂੰਹ ਹਨੇਰੇ 'ਚ, ਆਪਣੇ ਮੋਢੇ ਲੰਮੀਂ ਤਣੀ ਵਾਲਾ ਝੋਲਾ ਲਮਕਾਉਂਦਾ ਚਲਾ ਗਿਆ।

ਮੈਂ ਵੱਡੀ ਰਾਤ ਤੱਕ ਲੀਫਲੈੱਟ ਨੂੰ ਪੜ੍ਹਦੀ ਰਹੀ ਸਾਂ। ਲੀਫਲੈੱਟ ਮੈਂ ਉਸ ਸਮੇਂ ਹਰਪਾਲ ਨੂੰ ਵੀ ਪੜ੍ਹਨ ਨੂੰ ਦਿੱਤਾ ਸੀ ਜਿਸ ਸਮੇਂ ਉਹ ਜੇਲ੍ਹ 'ਚੋਂ ਰਿਹਾ ਹੋ ਕੇ ਆਇਆ ਸੀ। ਲੀਫਲੈਟ ਪੜ੍ਹਨ ਤੋਂ ਬਾਦ ਹਰਪਾਲ ਨੇ ਲੀਫਲੈਟ ਬਾਰੇ ਆਪਣੀ ਰਾਇ ਜ਼ਾਹਿਰ ਕਰਦਿਆਂ ਆਖਿਆ ਸੀ,

'ਪੰਜਾਬ ਮਸਲੇ ਬਾਰੇ ਗੁਰਬਚਨ! ਥੋਡੇ ਗਰੁੱਪ ਦੀ ਪਹੁੰਚ, ਕਾਮਰੇਡਾਂ ਦੇ ਦੂਸਰੇ ਗਰੁੱਪਾਂ ਨਾਲੋਂ ਕੁਝ ਨਾ ਕੁਝ ਠੀਕ ਐ।'

'ਪਰ ਤੇਰੇ ਅਕਾਲੀ ਦਲ ਦੀ ਪਹੁੰਚ ਪੰਜਾਬ ਮਸਲੇ ਬਾਰੇ ਠੀਕ ਨਹੀਂ...?' ਮੈਂ ਹਰਪਾਲ ਦੀ ਗੱਲ ਮੁੱਕਣ ਦੇ ਨਾਲ ਈ ਹਰਪਾਲ 'ਤੇ ਚੋਟ ਮਾਰ ਦਿੱਤੀ ਸੀ। ਹਰਪਾਲ ਆਪਣੇ ਸਿਰ ਉਤਲੀ ਨੀਲੀ ਪੱਗ ਨੂੰ ਕੰਨ ਤੋਂ ਹੇਠਾਂ ਨੂੰ ਕਰਦਾ ਬੋਲਿਆ ਸੀ, 'ਅਕਾਲੀ ਦਲ ਦੀ ਤੇਰਾ ਗਰੁੱਪ ਕੀ ਰੀਸ ਕਰੂ ਗੁਰਬਚਨ! ਕਿਉਂ, ਜਾਂਦੇ ਨੇ ਨਾ ਲੋਕ ਅਕਾਲੀ ਦਲ ਦੀ ਅਗਵਾਈ ਹੇਠਾਂ ਜੇਲ੍ਹਾਂ ਨੂੰ ਵਹੀਰਾਂ ਘੱਤੀ! —ਥੋਡੀ, ਕਾਮਰੇਡਾਂ ਦੀ ਰੈਲੀ 'ਚ ਢਾਈ ਟੋਟਰੂ ਵੀ ਕੱਠੇ ਨਹੀਂ ਹੁੰਦੇ।'

'ਦੂਸਰੇ ਪਾਸੇ ਵੀ ਨਜ਼ਰ ਮਾਰਲੋ ! ਕਿਵੇਂ ਪੰਜਾਬ ਕਤਲ-ਗਾਹ ਬਣਦਾ ਜਾ ਰਿਹੈ । ਇਕੱਲੇ ਜੇਲ੍ਹਾਂ 'ਚ ਜਾਂਦੇ ਲੋਕਾਂ ਵੰਨੀਂ ਈ ਨਾ ਵੇਖੋ ।'

'ਕਤਲਗਾਹ ਪੰਜਾਬ ਨੂੰ ਅਕਾਲੀ ਦਲ ਨਹੀਂ ਬਣਾ ਰਿਹਾ, ਸਰਕਾਰ ਬਣਾ ਰਹੀ ਐ ..'

'ਅੱਛਾ, ਤੁਸੀਂ ਆਪਣੇ ਆਪ ਨੂੰ ਬਰੀ ਸਮਝਦੇ ਹੋ ?'

'ਸਮਝਦੇ ਕੀ ਆਂ, ਹੈ ਈ ਬਰੀ'

'ਫੇਰ ਤੁਸੀਂ ਗਰਮ ਖਿਆਲੀਏ ਸਿੱਖ ਧੜਿਆਂ ਦੀਆਂ ਫਿਰਕੂ ਕਾਰਵਾਈਆਂ ਬਾਰੇ ਬਿਆਨ ਕਿਉਂ ਨਹੀਂ ਦਿੰਦੇ ?'

'ਰੋਜ਼ ਤਾਂ ਅਕਾਲੀ ਦਲ ਦੇ ਆਗੂਆਂ ਦੇ ਹਿੰਦੂ-ਸਿਖ ਏਕਤਾ ਬਾਰੇ ਬਿਆਨ ਆਉਂਦੇ ਰਹਿੰਦੇ ਨੇ...?'

'ਮੈਂ ਗੱਲ ਉਹਨਾਂ ਗਰਮ ਖਿਆਲੀਏ ਸਿੱਖ ਧੜਿਆਂ ਦੀਆਂ ਫਿਰਕੂ ਕਾਰ-ਵਾਈਆਂ ਦੀ ਨਿਖੇਧੀ ਦੀਆਂ ਕਰ ਰਹੀ ਆਂ...'

'ਇਹ ਸਿਰਦਰਦੀ ਅਕਾਲੀ ਦਲ ਦੀ ਨਹੀਂ ।'

ਗੱਲ ਨੂੰ ਖਤਮ ਕਰਦਿਆਂ ਹਰਪਾਲ ਨੇ ਟਰਾਂਜ਼ਿਸਟਰ ਚੁੱਕ ਲਿਆ ਸੀ। ਟਰਾਂਜ਼ਿਸਟਰ ਦੀ ਸਵਿਚ ਜਿਉਂ ਈ ਉਸਨੇ ਦੱਬੀ ਸੀ, ਤਿਉਂ ਈ ਪੰਜਾਬੀ 'ਚ ਖਬਰਾਂ ਆਉਣ ਲੱਗ ਪਈਆਂ ਸਨ । ਮੈਂ ਅਤੇ ਹਰਪਾਲ ਖਬਰਾਂ ਧਿਆਨ ਨਾਲ ਸੁਣਨ ਲੱਗ ਪਏ ਸਾਂ । ਜਦ ਟਰਾਂਜ਼ਿਸਟਰ ਤੋਂ ਪੰਜਾਬੀ ਦੇ ਇਕ ਮਾਸਿਕ ਪਰਚੇ ਦੇ ਸੰਪਾਦਕ ਦੇ, ਤਿੰਨ ਮੋਟਰ ਸਾਈਕਲ ਸਵਾਰਾਂ ਵੱਲੋਂ ਕਤਲ ਕੀਤੇ ਜਾਣ ਦੀ ਖ਼ਬਰ ਆਉਣ ਲੱਗ ਪਈ ਸੀ ਤਾਂ ਅਸੀਂ ਪਹਿਲਾਂ ਨਾਲੋਂ ਹੋਰ ਵੀ ਗੌਹ ਨਾਲ ਖ਼ਬਰ ਸੁਣਨ ਲੱਗ ਪਏ ਸਾਂ। ਟਰਾਂਜ਼ਿਸਟਰ ਦੱਸ ਰਿਹਾ ਸੀ ਕਿ ਸੰਪਾਦਕ ਦੇ ਨਾਲ ਸਕੂਟਰ 'ਤੇ ਉਸਦਾ ਭਾਈ ਵੀ ਸੀ, ਜਿਸਨੇ ਦਾੜ੍ਹੀ ਕੇਸ ਰੱਖੇ ਹੋਏ ਸਨ। ਉਸ ਨੂੰ ਮੋਟਰ ਸਾਈਕਲ ਸਵਾਰਾਂ ਨੇ ਬੱਸ ਸਿਰਫ਼ ਇਹੋ ਆਖਿਆ ਸੀ ਕਿ ਤੂੰ ਇਸ ਗਦਾਰ ਨੂੰ ਆਪਣੇ ਨਾਲ ਕਿਉਂ ਲੈ ਜਾ ਰਿਹਾ ਸੀ। ਸੰਪਾਦਕ ਕਲੀਨ ਸ਼ੇਵ ਸੀ ਤੇ ਇਸ ਕਰਕੇ ਮੋਟਰ ਸਾਈਕਲ ਸਵਾਰਾਂ ਨੇ ਉਸ ਨੂੰ ਗੋਲੀਆਂ ਨਾਲ ਲੀਰਾਂ ਕਰ ਦਿੱਤਾ...।

ਇਹ ਖ਼ਬਰ ਸੁਣਨ ਸਮੇਂ ਹਰਪਾਲ ਦੀ ਮਾਨਸਿਕ ਹਾਲਤ ਕਿਹੋ ਜਿਹੀ ਸੀ ? ਮੈਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਲੱਗ ਸਕਿਆ ਸੀ, ਪਰ ਤੁਸੀਂ

ਯਕੀਨ ਕਰਨਾ, ਉਸ ਸਮੇਂ ਮੇਰਾ ਲਹੂ ਉਛਾਲੇ ਖਾਣ ਲੱਗ ਪਿਆ ਸੀ ਤੇ ਮੈਂ ਸੋਚਣ ਲੱਗ ਪਈ ਸਾਂ,

'ਉਹ, ਮੋਟਰ ਸਾਈਕਲ ਸਵਾਰ, ਔਰੰਗਜ਼ੇਬ ਦੀ ਔਲਾਦ ਨਾਲੋਂ ਕਿਹੜੀ ਗੱਲੋਂ ਘੱਟ ਹੋਏ, ਜਿਨ੍ਹਾਂ ਨੇ ਨਿਰਦੋਸ਼ ਸੰਪਾਦਕ ਨੂੰ ਸਿਰਫ਼ ਇਸੇ ਕਰਕੇ ਕਤਲ ਕਰ ਦਿੱਤਾ ਕਿ ਉਹ ਕਲੀਨ ਸ਼ੇਵ ਸੀ। ਉਹ ਹਤਿਆਰੇ ਹੋਰ ਕੁਝ ਵੀ ਹੋ ਸਕਦੇ ਐ...ਪਰ ਉਹ ਗੁਰੂ ਦੇ ਸਿੱਖ ਨਹੀਂ ਹੋ ਸਕਦੇ, ਜਿਸ ਗੁਰੂ ਨੇ ਕਸ਼ਮੀਰੀ ਪੰਡਤਾਂ ਦੇ ਜਨੇਊ ਨੂੰ ਬਚਾਉਣ ਲਈ ਦਿੱਲੀ ਦੇ ਚਾਂਦਨੀ ਚੌਂਕ 'ਚ ਆਪਣਾ ਸਿਰ ਕਟਵਾਇਆ ਸੀ।'

ਮੇਰੇ ਇਨ੍ਹਾਂ ਸੋਚਾਂ 'ਚ ਡੁਬੀ ਦੇ ਸਾਹਮਣੇ, ਕਿਸੇ ਸੁਹਾਗਣ ਦੇ ਲਾਲ ਚੂੜੇ ਦੇ ਟੋਟੇ ਖਿੱਲਰ ਗਏ ਸਨ। ਮੈਥੋਂ ਉਸ ਸਮੇਂ ਟਰਾਂਜ਼ਿਸਟਰ ਕੋਲ ਬੈਠਾ ਨਹੀਂ ਸੀ ਗਿਆ ਤੇ ਮੈਨੂੰ ਉਥੋਂ ਉੱਠਦੀ ਨੂੰ ਇਉਂ ਲੱਗਿਆ ਸੀ ਜਿਵੇਂ ਸ਼ਰਮ ਦਾ ਮਾਰਿਆ ਸੂਰਜ ਭੱਜ ਬੱਦਲੀਂ ਜਾ ਰਿਹਾ ਹੋਵੇ...

—'ਵਿਚਾਰੇ ਸੰਪਾਦਕ ਦਾ ਕਤਲ ਕਰਕੇ ਉਹਨਾਂ ਚੰਗਾ ਕੰਮ ਨਹੀਂ ਕੀਤਾ ਗੁਰਬਚਨ,' ਮੈਨੂੰ ਉੱਠਕੇ ਖੜੀ ਹੋਈ ਨੂੰ ਹਰਪਾਲ, ਅਫਸੋਸੀ ਜਿਹੀ ਆਵਾਜ਼ 'ਚ ਦੱਸਣ ਲੱਗ ਪਿਆ ਸੀ...'ਇਹ ਕਤਲ ਵੀ ਗਰਮ ਖਿਆਲੀਆਂ ਦਾ ਕਾਰਾ ਲੱਗਦੈ।'

'ਕਿਸੇ ਦਾ ਕਾਰਾ ਹੋਵੇ...ਤੁਹਾਡੀ ਕਿਹੜਾ ਇਹ ਵਾਰੇ ਸਿਰ ਦਰਦੀ ਐ।...ਮੈਂ ਤੁਰਨੋਂ ਰੁਕੀ ਨੇ ਹਰਪਾਲ ਵੱਲ ਦੁੱਖ ਅਤੇ ਗਿਲੇ ਭਰੀ ਨਜ਼ਰ 'ਚ ਤੱਕਿਆ ਸੀ।

'ਨਹੀਂ ਗੁਰਬਚਨ ਨਹੀਂ! ਹੁਣ ਤਾਂ ਅਕਾਲੀ ਦਲ ਨੂੰ ਗਰਮ-ਖਿਆਲੀਆਂ ਦੇ ਕਾਰਿਆਂ ਦਾ ਸਾਫ਼ ਵਿਰੋਧ ਕਰਨਾ ਪਊ...ਨਹੀਂ ਤਾਂ ਆਉਣ ਵਾਲੀਆਂ ਇਲੈਕਸ਼ਨਾਂ 'ਚ ਅਕਾਲੀ ਦਲ ਖੂੰਜੇ ਲੱਗਜੂ।'

ਤੁਸੀਂ ਯਕੀਨ ਕਰਨਾ, ਹਰਪਾਲ ਦੀ ਗੱਲ ਵਿਚਲਾ 'ਚੋਣ' ਸ਼ਬਦ ਮੈਨੂੰ ਉਸ ਸਮੇਂ ਬੇਹੱਦ ਰੜਕਿਆ ਸੀ ਤੇ ਮੈਂ ਸੋਚ ਰਹੀ ਸਾਂ ਕਿ ਐਮ. ਐੱਲ. ਏ. ਬਣਨ ਦੀ ਲਾਲਸਾ ਨੇ ਹਰਪਾਲ ਦੀ ਜ਼ਮੀਰ ਕਿੰਨੀ ਭਰਿਸ਼ਟ ਕਰ ਦਿੱਤੀ ਏ। ਇਸਨੂੰ ਸੰਪਾਦਕ ਦੇ ਕਤਲ ਦਾ ਇਸ ਕਰਕੇ ਦੁੱਖ ਨਹੀਂ ਕਿ ਉਸਦੀ ਪਤਨੀ ਦੀਆਂ ਟਹਿਕਦੀਆਂ ਗੁਲਜ਼ਾਰਾਂ ਸੁਆਹ 'ਚ ਬਦਲ ਗਈਆਂ...ਇਸ ਨੂੰ ਤਾਂ

ਉਸਦੇ ਕਤਲ ਦਾ ਸਿਰਫ਼ ਇਸੇ ਕਰਕੇ ਅਫ਼ਸੋਸ ਏ ਕਿ ਇਹੋ ਜਿਹੇ ਕਤਲਾਂ ਨਾਲ ਅਕਾਲੀ ਦਲ ਦੀ ਚੋਣ ਪੁਜ਼ੀਸਨ ਕਮਜ਼ੋਰ ਹੋਵੇਗੀ। ਮੈਂ ਇਨ੍ਹਾਂ ਸੋਚਾਂ 'ਚ ਗੁਆਚੀ ਈ ਗੁਆਂਢੀਆਂ ਦੇ ਘਰੋਂ, ਅਮਰਦੀਪ ਨੂੰ ਬੁਲਾਉਣ ਚਲੀ ਗਈ ਸਾਂ।

ਤੇ ਹੈ...ਹੈ.. ਆਹ ਰੌਲੇ ਜਿਹੇ ਦੀ ਆਵਾਜ਼ ਕਿਸ ਪਾਸੇ ਵੰਨੀਓਂ ਆਉਣ ਲੱਗ ਪਈ ?...ਤੁਸੀਂ ਠੀਕ ਈ ਆਖ ਰਹੇ ਹੋ, ਸੱਚਿਓਂ ਆਵਾਜ਼ ਪਿੰਡ ਵਿੱਚੋਂ ਆ ਰਹੀ ਏ...ਹਾਂ ਹਾਂ' ਆਪਾਂ ਨੂੰ ਕੋਠੇ ਦੀ ਛੱਤ ਤੇ ਚੱਲ ਕੇ, ਗੱਲ ਦਾ ਪਤਾ ਕਰਨਾ ਚਾਹੀਦੈ। ਲਓ ! ਤੁਹਾਡੇ ਘਰ ਵਾਲੇ ਵੀ ਜਾਗ ਪਏ ਨੇ। ਮਾਤਾ ਜੀ ਤੇ ਪਤਨੀ ਤਾਂ ਆਪਾਂ ਤੋਂ ਪਹਿਲਾਂ ਈ ਕੋਠੇ ਦੀ ਛੱਤ ਤੇ ਚੜ੍ਹਦੀਆਂ ਪੌੜੀਆਂ ਚੜ੍ਹਨ ਲੱਗ ਪਈਆਂ ਨੇ। ਚੱਲੋ ਆਪਾਂ ਵੀ ਚੱਲੀਏ...

...ਹਾਂ !...ਹਾਂ !! ਮਾਤਾ ਜੀ !!! ਤੁਹਾਡੀ ਗੱਲ ਠੀਕ ਏ, ਅੱਗ ਈ ਲੱਗੀ ਏ ਕਿਸੇ ਦੇ ਘਰ ...ਔਹ ਦੇਖੋ ਖਾਂ, ਸਾਹਮਣੇ ਪਿੰਡ 'ਚੋਂ ਅੱਗ ਦੀਆਂ ਲਾਟਾਂ ਉਠਦੀਆਂ ਸਾਫ਼ ਨਜ਼ਰ ਆ ਰਹੀਆਂ ਨੇ. ਲਉ ! ਪਿੰਡ ਦੀਆਂ ਬੀਹੀਆਂ ਚੋਂ ਤਾਂ...

'ਅੱਗ ਲੱਗ ਗਈ ਓਏ।...ਅੱਗ ਲੱਗ ਗਈ ਓਏ।' ਦੀਆਂ ਅਵਾਜ਼ਾਂ ਸੁਣਾਈ ਦੇਣ ਲੱਗ ਪਈਆਂ ਨੇ। ਤੁਸੀਂ ਵੀ ਬਾਲਟੀ ਲੈ ਕੇ ਜਾਓ, ਮੈਂ ਮਾਤਾ ਜੀ ਹੋਰਾਂ ਕੋਲ ਬੈਠਦੀ ਆਂ। ਜੇ ਕੰਬਲ ਉੱਪਰ ਨਹੀਂ ਲੈ ਕੇ ਜਾਣਾ ਤਾਂ ਆਪਣੀ ਜਰਸੀ ਪਾ ਕੇ ਲੈ ਜਾਉ।

ਨੌਂ

...ਮੁੜ ਆਏ ਓ ਤੁਸੀਂ ? ਵਾਹਵਾ ਚਿਰ ਈ ਲੱਗ ਗਿਆ ਤੁਹਾਨੂੰ ? ਅੱਛਾ ! ਅੱਗ ਈ ਬਹੁਤ ਭੈੜੀ ਲੱਗੀ ਸੀ, ਕਿਸੇ ਗਰੀਬ ਦੁਕਾਨਦਾਰ ਦੀ ਦੁਕਾਨ ਨੂੰ। ਮਿਲਟਰੀ ਵਾਲੇ ਨਹੀਂ ਸੀ ਪਹੁੰਚੇ ਮੌਕੇ ਤੇ ? ਅੱਛਾ ! ਮਿਲਟਰੀ ਵਾਲੇ ਤਾਂ ਅੱਗ ਬੁਝਣ ਤੋਂ ਬਾਦ 'ਚ ਈ ਆਏ। ਵਾਹ ! ਸਰਕਾਰ ਦੇ ਕਰਫਿਊ ਦਾ

ਵਧੀਆ ਜਲੂਸ ਨਿਕਲਿਆ ਫੇਰ ਤਾਂ। ਲੋਕਾਂ ਨੂੰ ਆਪਣੀ ਜਾਨ ਮਾਲ ਦੀ ਸੁਰੱਖਿਅਤਾ ਦਾ ਭਰੋਸਾ, ਭਲਾ! ਇਸ ਰਾਜ 'ਚ ਕੀ ਹੋ ਸਕਦੈ, ਜਦ ਕਰਫਿਊ 'ਚ ਵੀ ਲੋਕਾਂ ਦਾ ਮਾਲ ਸੜ ਰਿਹਾ ਹੋਵੇ? ਸੁਹਾਗਣਾਂ ਦੇ ਲਾਲ ਚੂੜੇ ਟੋਟੇ ਟੋਟੇ ਹੋ ਰਹੇ ਹੋਣ? ਬੁੱਢੇ ਮਾਪਿਆਂ ਦੀਆਂ ਡੰਗੋਰੀਆਂ ਤੋੜੀਆਂ ਜਾ ਰਹੀਆਂ ਹੋਣ? ਭੈਣਾਂ ਦੀਆਂ ਰੱਖੜੀਆਂ, ਵੀਰਾਂ ਦੇ ਗੁਟਾਂ ਲਈ ਤਰਸ ਰਹੀਆਂ ਹੋਣ? ਜੇ ਇਹੋ ਸਭ ਕੁਝ ਲੋਕ-ਰਾਜ ਏ ਤਾਂ ਫੇਰ ਬੁੱਚੜ ਰਾਜ ਕਿਹੋ ਜਿਹਾ ਹੁੰਦਾ ਹੋਵੇਗਾ?

ਤੇ ਲਉ! ਫੇਰ ਹੁਣ ਮੈਂ ਆਪਣੇ ਵਿਚਕਾਰ ਚੱਲਦੀ ਗੱਲ ਨੂੰ ਅਗਾਹਾਂ ਤੋਰਦੀ ਆਂ। ਹਰਪਾਲ ਜਿਉਂ ਜਿਉਂ ਅਕਾਲੀ ਪਾਰਟੀ ਦੇ ਕਾਰ ਵਿਹਾਰ 'ਚ ਵੱਧ ਧਸਦਾ ਜਾ ਰਿਹਾ ਸੀ ਤਿਉਂ ਤਿਉਂ ਮੈਨੂੰ ਮੇਰੇ ਸਵਰਨ ਵੀਰ ਦੀ ਯਾਦ ਵੱਧ ਸਤਾਉਣ ਲੱਗ ਪਈ ਸੀ। ਇਹ ਯਾਦ ਮੈਨੂੰ ਉਦੋਂ ਈ ਘੇਰ ਲੈਂਦੀ, ਜਦ ਮੈਂ ਇਕੱਲੀ ਬੈਠੀ ਹੁੰਦੀ। ਉਸ ਦਿਨ ਮੈਂ ਸਕੂਲ 'ਚ ਉਦਾਸ ਉਦਾਸ ਰਹੀ ਸਾਂ, ਜਿਸ ਦਿਨ ਮੈਂ ਅਖ਼ਬਾਰ 'ਚ ਪੜ੍ਹਿਆ ਸੀ ਕਿ ਸਿਖ ਅੱਤਵਾਦੀਆਂ ਨੇ ਇਨਕਲਾਬੀ ਮਾਸਿਕ ਪਰਚੇ ਚੰਗਿਆੜੀ ਦੇ ਸੰਪਾਦਕ ਨੂੰ ਕਤਲ ਕਰ ਦਿੱਤਾ। ਖ਼ਬਰ ਪੜ੍ਹਦਿਆਂ ਈ ਮੇਰਾ ਮਨ ਸੋਚੀਂ ਪੈ ਗਿਆ ਸੀ।

ਹਿੰਦੂ ਫ਼ਿਰਕੇ ਦੇ ਲੋਕਾਂ ਨੂੰ ਕਤਲ ਕਰਨ ਦੇ ਨਾਲ ਨਾਲ ਹੁਣ ਸਿਖ ਅੱਤਵਾਦੀਏ ਕਮਿਊਨਿਸਟ ਲਹਿਰ ਦੇ ਬਾਈਆਂ ਨੂੰ ਵੀ ਕਤਲ ਕਰਨ ਲੱਗ ਪਏ! ਇਹਨਾਂ ਕਾਤਲਾਂ ਨੂੰ ਸਿਖ ਕਹਿਣਾ ਈ, ਸਿੱਖ ਸ਼ਬਦ ਦੀ ਗਲਤ ਵਰਤੋਂ ਕਰਨੀ ਏ। ਸਿੱਖਾਂ ਦੇ ਮਹਾਨ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਦੂਸਰਿਆਂ ਦੇ ਧਰਮ ਦੀ ਰੱਖਿਆ ਲਈ ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਰੱਖਣ ਲਈ, ਲੁਟੇਰਿਆਂ ਤੇ ਜ਼ਾਲਮ ਰਾਜਿਆਂ ਦੇ ਖਿਲਾਫ ਤਲਵਾਰ ਚੁੱਕੀ ਸੀ। ਪਹਿਲਾਂ ਇਹ ਸੁਰਖ-ਰੇਖਾ ਵਾਲੇ ਸੰਪਾਦਕ ਵੀਰ ਨੂੰ ਕਤਲ ਕਰਨ ਲਈ ਉਹਦੀ ਭਾਲ ਕਰਦੇ ਰਹੇ।...ਪਰ ਉਸ ਦੀ ਭਾਲ, ਹਾਲੇ ਕਿਹੜਾ ਇਹਨਾਂ ਛੱਡੀ ਹਊ... ਵਿਚਾਰਾ ਸੰਪਾਦਕ ਤਾਂ ਇਹਨਾਂ ਨੇ ਕਤਲ ਕਰ ਈ ਦਿੱਤਾ।.. ਇਹਨਾਂ ਦਾ ਕੋਈ ਵਸਾਹ ਨਹੀਂ। ਕੀ ਆ ਕਿਤੇ ਗੁਰਮੀਤ ਹੋਰਾਂ 'ਚੋਂ ਈ, ਕਿਸੇ ਨੂੰ ਕਤਲ ਨਾ ਕਰ ਦੇਣ...।

ਇਸ ਸੋਚ 'ਚ ਡੁੱਬੀ ਮੈਂ ਅਮਰਦੀਪ ਨੂੰ ਆਪਣੀ ਉਂਗਲੀ ਲਾ ਸਕੂਲੋਂ ਘਰ ਪਹੁੰਚੀ ਸਾਂ। ਆਪਣਾ ਥੈਲਾ ਅਤੇ ਫੱਟੀ ਮੈਨੂੰ ਫੜਾ, ਅਮਰਦੀਪ ਤਾਂ

ਗੁਆਂਢੀਆਂ ਦੇ ਧੀਂਚਿਆਂ ਨਾਲ ਖੇਡਣ ਲਈ, ਉਹਨਾਂ ਦੇ ਘਰ ਨੂੰ ਭੱਜ ਗਿਆ ਸੀ। ਮੈਂ ਘਰ ਆ ਕੇ ਮੰਜੇ ਤੇ ਢੇਰੀ ਹੋ ਗਈ ਸਾਂ। ਕੁਝ ਮਿੰਟ ਮੰਜੇ ਤੇ ਪਈ ਰਹਿਣ ਬਾਦ ਫੇਰ ਮੈਂ ਉਠ ਕੇ ਕਮਰੇ 'ਚ ਚਲੀ ਗਈ। ਕਮਰੇ 'ਚ ਪਿਆ ਉਹ ਅਟੈਚੀਕੇਸ ਖੋਲ੍ਹਿਆ, ਜਿਸ 'ਚ ਵਿਆਹ ਮੌਕੇ, ਮੈਨੂੰ ਅਤੇ ਹਰਪਾਲ ਨੂੰ ਪਾਰਟੀ ਦੇ ਦਿੱਤੇ ਗਏ ਤੋਹਫੇ ਪਏ ਸਨ। ਮੈਂ ਮਾਰਕਸ ਦੀ ਪਹਿਲੀ ਪੁਸਤਕ ਕੱਢ ਕੇ, ਉਸਦੇ ਪਹਿਲੇ ਸਫੇ ਉਤਲੀ ਮਾਰਕਸ ਦੀ ਫੋਟੋ ਨੂੰ ਪਿਆਰ ਅਤੇ ਸਤਿਕਾਰ ਭਰੇ ਅੰਦਾਜ਼ ਨਾਲ ਤੱਕਣ ਲੱਗ ਪਈ ਸਾਂ। ਮੈਂ, ਮਾਰਕਸ ਦੇ ਭਾਰੇ ਸਿਰ ਉਤਲੇ ਖਿਲ੍ਹਰੇ, ਰੁੱਖੇ ਵਾਲਾਂ, ਇੱਕ-ਮਿੱਕ ਹੋਈ ਭਾਰੀ ਦਾਹੜੀ-ਮੁੱਛਾਂ ਅਤੇ ਐਨਕਾਂ ਦੇ ਸ਼ੀਸ਼ਿਆਂ ਅੰਦਰਲੀਆਂ, ਗੰਭੀਰਤਾ ਭਰੀਆਂ, ਮੋਟੀਆਂ-ਮੋਟੀਆਂ ਅੱਖਾਂ ਵੱਲ ਤੱਕਦੀ ਸੋਚਣ ਲੱਗ ਪਈ ਸਾਂ :

'ਕਿੰਨਾ ਮਹਾਨ ਮਨੁੱਖ ਏ ਇਹ, ਜਿਸ ਨੇ ਦੁਨੀਆਂ ਭਰ ਦੇ ਕਿਰਤੀ-ਕਾਮਿਆਂ ਨੂੰ ਇਕ ਹੋਣ ਦਾ ਸੱਦਾ ਦਿੱਤਾ...ਪਰ ਕਿਰਤੀ-ਕਾਮਿਆਂ ਦੀ ਦੁਸ਼ਮਣ ਸਰਕਾਰਾਂ ਨੇ ਏਸ ਮਨੁੱਖ ਨੂੰ ਕਿਹੜਾ ਇਕ ਥਾਂ ਟਿਕ ਕੇ ਰਹਿਣ ਦਿੱਤਾ ਸੀ। ਟਿਕ ਕੇ ਰਹਿਣ ਵੀ ਕਿਵੇਂ ਦੇ ਸਕਦੀ ਸੀ, ਜਦੋਂ ਮਾਰਕਸ, ਕਿਰਤੀ-ਕਾਮਿਆਂ ਨੂੰ ਉਹਨਾਂ ਹਕੂਮਤਾਂ ਦੇ ਰਾਜ ਨੂੰ ਭੰਨਣ-ਤੋੜਣ ਦੀ ਰੋਸ਼ਨੀ ਵੰਡ ਰਿਹਾ ਸੀ...'

ਮੇਰੀ ਸੋਚ ਦੀ ਲੜੀ ਉਦੋਂ ਟੁੱਟੀ ਸੀ, ਜਦੋਂ ਮੇਰੇ ਸਾਹਮਣੇ ਆ ਕੇ ਖੜੇ ਅਮਰਦੀਪ ਨੇ ਮੈਥੋਂ ਪੁੱਛਿਆ ਸੀ,

'ਮੰਮੀ ! ਆਹ ਫੋਟੋ ਬਾਬੇ ਦੀ ਐ ?'

'ਹਾਂਅ ! ਬੇਟੇ...' ਮੈਂ ਤਸਵੀਰ ਵੰਨਿਓਂ ਨਜ਼ਰ ਘੁੰਵਾ ਕੇ ਅਮਰਦੀਪ ਦੇ ਭੋਲੇ-ਭਾਲੇ ਮੂੰਹ ਵੱਲ, ਮੋਹ ਨਾਲ ਤੱਕਦੀ ਦੱਸਣ ਲੱਗ ਪਈ ਸਾਂ।

'ਇਹ ਫੋਟੋ ਆਪਣੀ ਪਾਰਟੀ ਦੇ ਬਾਬੇ ਮਾਰਕਸ ਦੀ ਐ। ਜਿਹੜੇ ਬਾਬੇ ਨੇ ਗਰੀਬਾਂ ਨੂੰ ਦੱਸਿਆ ਸੀ, ਵਈ ਗਰੀਬੀ ਕਿਵੇਂ ਮੁੱਕ ਸਕਦੀ ਐ...?' ਮੇਰੀ ਗੱਲ ਦੇ ਵਿਚਦੀ ਈ ਅਮਰਦੀਪ ਨੇ ਫੇਰ ਸਵਾਲ ਕਰ ਦਿੱਤਾ ਸੀ :

'ਭਾਪੇ ਹੋਰਾਂ ਦੀ ਪਾਰਟੀ ਦੇ ਬਾਬੇ ਦੀ ਤਾਂ ਨਹੀਂ ਫੋਟੋ ਇਹ ?'

'ਨਹੀਂ ਬੇਟੇ...'

'ਫੇਰ ਮੰਮੀ ! ਮੈਂ ਲੈਣੀ ਐ ਫੋਟੋ'

'ਇਹ ਫੋਟੋ, ਕਿਤਾਬ ਚੋਂ ਨਹੀਂ ਪੁੱਟਣੀ ਬੇਟੇ'

'ਕਿਉਂ ਨਹੀਂ ਪੁੱਟਣੀ...' ਅਮਰਦੀਪ ਮੇਰੀ ਧੌਣ ਦੁਆਲੇ ਆਪਣੀਆਂ ਬਾਹਾਂ ਪਾ ਕੇ, ਆਪਣੀ ਆਦਤ ਮੁਤਾਬਕ ਰਿਹਾੜ ਕਰਨ ਲੱਗ ਪਿਆ ਸੀ, 'ਮੈਂ ਤਾਂ ਲੈਣੀ ਆਂ...ਮੈਨੂੰ ਤਾਂ ਇਹ ਫ਼ੋਟੋ ਦੇ...।'

ਮੈਂ ਤੈਨੂੰ ਤੇਰੇ ਮਾਮਾ ਜੀ ਦੀ, ਸੋਹਣੀ ਫੋਟੋ ਦਿੰਨੀ ਆਂ ਬੇਟਾ ! ਮੈਂ ਪੁਸਤਕ ਅਟੈਚੀ ਚ ਰੱਖ ਕੇ ਅਮਰਦੀਪ ਨੂੰ ਬਾਹਾਂ ਚ ਚੁਕ ਉਠੀ। ਅਮਰਦੀਪ ਹਾਲੇ ਵੀ ਰਿਹਾੜ ਕਰੀ ਜਾ ਰਿਹਾ ਸੀ। ਮੈਂ ਸਵਰਨ ਦੀ ਸ਼ੀਸ਼ੇ ਚ ਜੜੀ ਤਸਵੀਰ ਉਸਨੂੰ ਦੇ ਕੇ ਹਿੰਡੋਂ ਮੋੜਿਆ। ਉਹ ਕੁੱਝ ਮਿੰਟ ਫੋਟੋ ਨਾਲ ਖੇਡਕੇ ਫੇਰ ਬਾਹਰ ਨੂੰ ਗੁਆਂਢੀਆਂ ਦੇ ਘਰ ਨੂੰ ਭੱਜ ਗਿਆ। ਸਵਰਨ ਦੀ ਤਸਵੀਰ ਹਾਲੇ ਮੈਂ ਕੰਧ ਤੇ ਟਿਕਾਈ ਈ ਸੀ ਕਿ ਤਿੰਨੇ ਨੂੰ ਹਰਪਾਲ, ਇਕੱਤਰ ਅਤੇ ਉਹਨਾਂ ਦੇ ਨਾਲ ਦਾ ਇਕ ਕਾਲੀ ਪੱਗ ਵਾਲਾ ਮੁੰਡਾ ਬੀਹੀ ਵਾਲਾ ਬੂਹਾ ਲੰਘਕੇ ਘਰ ਦੇ ਵਿਹੜੇ ਚ ਆ ਗਏ ਸਨ। ਉਹ ਤਿੰਨੇ ਸਿੱਖ ਕਮਰੇ 'ਚ ਚਲੇ ਗਏ ਸਨ।

ਹਰਪਾਲ ਉਹਨਾਂ ਦੋਵਾਂ ਨੂੰ ਕਮਰੇ ਚ ਡਹੇ ਮੰਜਿਆਂ ਤੇ ਬਿਠਾ ਕੇ ਵਾਪਿਸ ਬਾਹਰ ਆ ਗਿਆ ਤੇ ਚਾਹ ਵਾਸਤੇ ਤੌੜੇ ਚੋਂ ਪਤੀਲੀ 'ਚ ਪਾਣੀ ਪਾਉਣ ਲੱਗ ਪਿਆ ਸੀ। 'ਮੈਂ ਬਣਾ ਦਿੰਨੀ ਆਂ ਚਾਹ...' ਮੈਂ ਗਿਲੇ ਭਰੀ ਆਵਾਜ਼ 'ਚ ਆਖਿਆ ਸੀ, 'ਅੱਗੇ ਕੀ ਆਇਆਂ ਗਿਆਂ ਤੋਂ ਚਾਹ ਤੁਸੀ ਈ ਬਣਾਉਂਦੇ ਹੋ ?'

ਅੱਜ ਤਾਂ ਮੈਨੂੰ ਬਣਾਉਣੀ ਈ ਪਵੇਗੀ ਗੁਰਬਚਨ ਚਾਹ...!' ਹਰਪਾਲ ਨੇ ਦੱਸਿਆ ਕਾਲੀ ਪੱਗ ਵਾਲਾ ਸਿੰਘ ਗਰਮ ਖਿਆਲੀਏ ਸੰਤਾਂ ਦਾ ਚੇਲਾ ਏ। ਉਹ ਸਿੱਖ ਦੇ ਹੱਥ ਦੀ ਬਣੀ ਵੀ ਚੀਜ਼ ਤੋਂ ਬਿਨਾਂ ਹੋਰ ਕਿਸੇ ਦੇ ਹੱਥ ਦੀ ਬਣੀ ਵੀ ਚੀਜ਼ ਖਾਂਦੇ ਪੀਂਦੇ ਨਹੀਂ..।'

'ਅੱਛਾ...' ਮੈਂ ਇਹ ਕਹਿੰਦੀ ਹੋਈ ਚੁੱਪ ਹੋ ਗਈ ਸਾਂ। ਹਰਪਾਲ ਚਾਹ ਬਣਾਉਣ ਲੱਗ ਪਿਆ ਸੀ। ਮੈਨੂੰ ਇਉਂ ਜਾਪ ਰਿਹਾ ਸੀ, ਜਿਵੇਂ ਸਾਡੇ ਕਮਰੇ 'ਚ ਸੱਪ ਆ ਵੜਿਆ ਹੋਵੇ, ਹਰਪਾਲ ਚਾਹ ਕਰਕੇ ਲੈ ਗਿਆ। ਮੈਂ ਉਹਨਾਂ ਦੀਆਂ ਗੱਲਾਂ ਸੁਣਨ ਦੀ ਮਾਰੀ ਕਮਰੇ ਦੇ ਇੱਕ ਪਾਸੇ ਡਹੇ ਮੰਜੇ ਤੇ ਬੈਠਕੇ ਸਵੈਟਰ ਬਣਨ ਲੱਗ ਪਈ। ਮੇਰਾ ਉਥੇ ਬੈਠਣਾ ਓਪਰਾ ਨਹੀਂ ਸੀ ਰਿਹਾ, ਕਿਉਂਕਿ ਆਸਮਾਨ ਚ ਛਾਏ ਬੱਦਲਾਂ ਚੋਂ ਕੋਈ ਕੋਈ ਕਣੀ ਡਿੱਗਣ ਲੱਗ ਪਈ ਸੀ। ਅਮਰਦੀਪ ਵੀ ਗੁਆਂਢੀਆ ਦੇ ਘਰੋਂ ਆ ਕੇ ਮੇਰੇ ਵਾਲੇ ਮੰਜੇ

ਤੇ ਬੈਠ ਗਿਆ ਸੀ। ਚਾਹ ਵਾਲਾ ਖ਼ਾਲੀ ਗਿਲਾਸ ਮੰਜੇ ਤੋਂ ਹੇਠਾਂ ਰੱਖਕੇ, ਕਾਲੀ ਪੱਗ ਵਾਲੇ ਮੁੰਡੇ ਨੇ ਪਹਿਲਾਂ ਤਾਂ ਆਪਣੀਆਂ ਮੋਟੀਆਂ ਤੇ ਲੰਮੀਆਂ ਮੁੱਛਾਂ ਦੇ ਵਾਲਾਂ ਨਾਲ ਚਿੰਬੜਿਆ ਚਾਹ ਦਾ ਤੁਪਕਾ ਹਥੇਲੀ ਨਾਲ ਪੂੰਝਿਆ ਸੀ, ਫੇਰ 'ਵਾਹਿਗੁਰੂ' ਕਹਿੰਦਿਆਂ ਆਪਣੇ ਦੋਵੇਂ ਹੱਥ ਲੰਮੀ ਦਾਹੜੀ ਉਤੇਦੀ, ਉਪਰੋਂ ਹੇਠਾਂ ਨੂੰ ਫੇਰੇ ਸਨ, ਫੇਰ ਗਾਤਰੇ ਵਾਲੀ ਛੋਟੀ ਜਿਹੀ ਕਿਰਪਾਨ ਢਾਕ ਕੋਲੋਂ ਚਿੱਟੀ ਕਮੀਜ਼ ਹੇਠੋਂ ਥੋੜੀ ਜਿਹੀ ਬਾਹਰ ਕੀਤੀ ਸੀ ਤੇ ਫੇਰ ਹਰਪਾਲ ਨੂੰ ਸੰਬੋਧਨ ਕਰਕੇ ਉਹ ਬੋਲਣ ਲੱਗ ਪਿਆ ਸੀ,

'ਲੈ ਬਈ ! ਗੁਰੂ ਦਿਆ ਸਿੱਖਾ ! ਤੂੰ ਹੁਣ ਇਉਂ ਦੱਸ ਕਿ ਲੈਣਾ ਅਨੰਦਪੁਰ ਦਾ ਮਤੇ ਜਾਂ ਫੇਰ ਨੀਕਰਾਂ ਵਾਲਿਆਂ ਦੀ ਕੁਰਸੀ.. ਮਤਲਬ ਕੇ... ਕੁ . . ਰ...ਸੀ ਖੇਡ 'ਚ ਈ ਸ਼ਾਮਿਲ ਰਹਿਣੈ . ?'

'ਖ਼ਾਲਸਾ ਜੀ ! ਥੋਡਾ ਨੀਕਰਾਂ ਵਾਲਿਆਂ ਤੋਂ ਕੀ ਭਾਵ ਐ...?' ਹਰਪਾਲ ਨੇ ਹੈਰਾਨੀ 'ਚ ਸਵਾਲ ਕੀਤਾ। ਉਸ ਮੁੰਡੇ ਦੇ ਬੋਲਣ ਤੋਂ ਪਹਿਲਾਂ ਈ ਇਕੱਤਰ ਬੁੱਲ੍ਹਾਂ 'ਚ ਮੁਸਕਰਾਉਂਦਾ ਬੋਲ ਪਿਆ—'ਮੇਰੇ ਆਰ ਪਾਲ ! ਨੀਕਰਾਂ ਵਾਲਿਆਂ ਤੋਂ ਖ਼ਾਲਸਾ ਜੀ ਦਾ ਭਾਵ ਸਾਡੀਆਂ ਵੋਟਾਂ ਲੜਨ ਵਾਲੀਆਂ ਪਾਰਟੀਆਂ ਤੋਂ ਹੈ...'ਇਕੱਤਰ ਦੀ ਗੱਲ ਵਿਚਦੀ ਮੁੰਡ । ਨਿਧੱੜਕ ਹੋ ਕੇ ਬੋਲਿਆ ਸੀ,

'ਅਕਾਲੀ ਪਾਰਟੀ ਵੀ ਨੀਕਰਾਂ ਵਾਲਿਆਂ 'ਚ ਈ ਆਉਂਦੀ ਐ...' ਉਸ ਮੁੰਡੇ ਦੀ ਆਵਾਜ਼ ਗਸੈਲੀ ਹੁੰਦੀ ਜਾ ਰਹੀ ਸੀ...'ਜਿਹੜੀ ਆਪਣੇ ਬਾਪੂ, ਦਸਵੇਂ ਪਾਤਸ਼ਾਹ ਨੂੰ ਛੱਡ ਕੇ ਇਕ ਪਾਸੇ ਤਾਂ ਬਕ ਰਹੀਐ.. ਸਾਡਾ ਧਰਮ ਯੁੱਧ ਸ਼ਾਂਤ ਰਹੂਗਾ ਅਤੇ ਦੂਸਰੇ ਪਾਸੇ ਗੰਜੀ ਟੋਟਣੀ ਵਾਲੇ ਹਿੰਦੂ ਗਾਂਧੀ ਨੂੰ ਰਾਸ਼ਟਰੀ ਬਾਪੂ ਆਖਦੀ ਨਹੀਂ ਥੱਕਦੀ। ਅਤੇ ਤੀਸਰੇ ਪਾਸੇ...ਅਕਾਲੀ ਪਾਰਟੀ ਦੇ ਜਿੱਤੇ ਵੇ ਐਮ. ਐਲ. ਏ. ਤੇ ਐਮ. ਪੀ. ਉਸ ਸੰਵਿਧਾਨ ਮੂਹਰੇ ਮੱਥਾ ਰਗੜਦੇ ਆ ਰਹੇ ਐ, ਜਿਹੜੇ ਸੰਵਿਧਾਨ ਦੀ 25ਵੀਂ ਧਾਰਾ 'ਚ ਸਾਨੂੰ ਸਿੱਖ ਈ ਨਹੀਂ ਮੰਨਿਆ ਗਇਆ...।'

ਉਹ ਮੁੰਡਾ ਬੋਲਦਾ-ਬੋਲਦਾ ਪੂਰੇ ਦੀ ਹਵਾ ਵਾਂਗੂ ਚੜ੍ਹਦਾ ਜਾ ਰਿਹਾ ਸੀ। ਇਕੱਤਰ ਬੈਠਾ ਬੁੱਲ੍ਹਾਂ 'ਚ ਮੁਸਕਰਾਈ ਜਾ ਰਿਹਾ ਸੀ। ਅਮਰਦੀਪ ਬੈਠਾ-ਬੈਠਾ ਤੇ ਲੇਟ ਗਿਆ ਸੀ। ਬਾਹਰ ਮੋਟੀ-ਮੋਟੀ ਕਣੀ ਡਿੱਗਣ ਲੱਗ ਪਈ ਸੀ। ਮੈਨੂੰ ਉਸ ਮੁੰਡੇ ਦੀਆਂ, ਅਕਾਲੀ ਪਾਰਟੀ ਬਾਰੇ ਕਹੀਆਂ ਗੱਲਾਂ ਸੱਚੀਆਂ ਲੱਗੀਆਂ

ਸਨ। ਪਰ ਮੈਂ ਦੂਸਰੇ ਪਲ ਈ ਸੋਚ ਗਈ ਸਾਂ ਕਿ ਇਹ ਆਪ ਵੀ ਭਰਾ-ਮਾਰ ਲੜਾਈ ਨੂੰ ਵਡਾਵਾ ਦੇ ਰਹੇ ਨੇ ਤੇ ਹਰਪਾਲ ਦੀਆਂ ਅੱਖਾਂ 'ਚ ਅੱਚਵੀਂ ਜਿਹੀ ਪੈਦਾ ਹੋ ਗਈ ਸੀ, ਉਸਨੇ ਉਸ ਮੁੰਡੇ ਦੀ ਚਲਦੀ ਗੱਲ ਦੇ ਵਿਚ ਦੀ ਈ ਪੁੱਛਿਆ ਸੀ,

ਜੇ ਗੁੱਸਾ ਨਹੀਂ ਕਰਦੇ ਖਾਲਸਾ ਜੀ ! ਤਾਂ ਇਕ ਗੱਲ ਮੈਂ ਵੀ ਆਖਾਂ ...'

'ਆਖ, ਬੜੀ ਖੁਸ਼ੀ ਨਾਲ ਆਖ ! ਅੱਜ ਅਸੀਂ ਤੇਰੇ ਨਾਲ ਗੱਲਾਂ ਕਰਨ ਤੇ ਤੇਰੀਆਂ ਗੱਲਾਂ ਸੁਣਨ ਈ ਤਾਂ ਆਏ ਹਾਂ' ਉਹ ਮੁੰਡਾ ਬੋਲਣੋਂ ਹਟਿਆ ਹਰਪਾਲ ਵੱਲ ਤੱਕਣ ਲੱਗ ਪਿਆ ਸੀ। ਹਰਪਾਲ ਖਿਝੀ ਜਿਹੀ ਆਵਾਜ਼ 'ਚ ਬੋਲਿਆ ਸੀ।... ਸ਼ਾਇਦ ਤੁਹਾਨੂੰ ਨਾ ਪਤਾ ਹੋਵੇ ਖਾਲਸਾ ਜੀ ! ਥੋਡੇ ਗੜਮਦਲੀਏ ਸੰਤ ਨੇ ਕਾਂਗਰਸੀ ਐਮ. ਪੀ. ਦੀ ਹਮਾਇਤ ਕੀਤੀ ਸੀ, ਪਿਛਲੀਆਂ ਇਲੈਕਸ਼ਨਾਂ 'ਚ ਤੁਹਾਡੇ ਸੰਤ ਨੇ ਬੱਬਰ ਖਾਲਸਾ ਦਲ ਵਾਲਿਆਂ ਦੀ ਉਸ ਚਿੱਠੀ ਦਾ ਹਾਲੇ ਤੱਕ ਕੋਈ ਜਵਾਬ ਨਹੀਂ ਦਿੱਤਾ, ਜਿਹੜੀ ਉਹਨਾਂ ਨੇ ਸ਼ਰੇਆਮ ਹਰਿਮੰਦਰ ਸਾਹਿਬ 'ਚ ਵੰਡੀ ਐ। ਜਿਹੜੀ ਚਿੱਠੀ ਇਹ ਸਾਫ਼ ਕਰਦੀ ਐ ਕਿ ਤੁਹਾਡਾ ਸੰਤ ਕਾਂਗਰਸ ਦਾ ਏਜੰਟ ਐ...'

ਹਰਪਾਲ ਕਾਹਲੀ-ਕਾਹਲੀ ਆਪਣੀ ਗੱਲ ਆਖੀ ਜਾ ਰਿਹਾ ਸੀ। ਉਹ ਮੁੰਡਾ 'ਵਾਹਿਗੁਰੂ-ਵਾਹਿਗੁਰੂ' ਕਰਦਾ ਗੱਲ ਸੁਣੀ ਜਾ ਰਿਹਾ ਸੀ। ਹਰਪਾਲ ਬੋਲੀ ਜਾ ਰਿਹਾ ਸੀ 'ਬੱਬਰ ਖਾਲਸਾ ਦਲ ਵਾਲਿਆਂ ਦੀ ਚਿੱਠੀ ਪੜ੍ਹਕੇ ਕਿਸੇ ਨੂੰ ਵੀ ਇਹ ਭੁਲੇਖਾ ਨਹੀਂ ਰਹਿੰਦਾ ਕਿ ਤੁਹਾਡਾ ਸੰਤ, ਕਾਂਗਰਸ ਨੇ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਣ ਲਈ, ਹਰਮਿੰਦਰ ਸਾਹਿਬ 'ਚ ਨਹੀਂ ਭੇਜਿਆ ?'

ਹਰਪਾਲ ਦੀ ਗੱਲ ਖਤਮ ਹੋਣ ਬਾਦ ਉਹ ਮੁੰਡਾ ਕੁਝ ਪਲ ਚੁੱਪ ਬੈਠਾ ਰਿਹਾ। ਮੈਂ ਸੋਚ ਰਹੀ ਸਾਂ ਕਿ ਪਤਾ ਨਹੀਂ ਹੁਣ ਉਹ ਹਰਪਾਲ ਨੂੰ ਕੀ ਆਖੇਗਾ। ਇਕੱਤਰ ਮੌਜ ਨਾਲ ਬੈਠਾ ਆਪਣੀਆਂ ਮੁੱਛਾਂ ਨੂੰ ਵਟਾ ਦਿੰਦਾ ਰਿਹਾ ਤੇ ਕੁਝ ਪਲ ਚੁੱਪ ਰਹਿਣ ਬਾਦ ਉਹ ਮੁੰਡਾ ਹਰਪਾਲ ਦੀ ਗੱਲ ਦਾ ਜੁਆਬ ਆਪਣੇ ਜਜ਼ਬਾਤ ਤੇ ਕਾਬੂ ਪਾਉਂਦਾ, ਦੇਣ ਲੱਗ ਪਿਆ,

"ਓਏ ਸਿੰਘਾ ! ਪਹਿਲੀ ਗੱਲ ਬੱਬਰ-ਖਾਲਸਾ ਦਲ ਵਾਲੇ ਅਤੇ ਅਕਾਲੀ ਉਸ ਬਕਵਾਸ ਤੋਂ ਵੱਖਰਾ ਕੋਈ ਹੋਰ ਬਕਵਾਸ ਨਹੀਂ ਮਾਰ ਰਹੇ, ਜਿਹੜਾ ਬਕਵਾਸ ਜਨਸੰਘੀ ਕਮਿਊਨਿਸਟ ਅਤੇ ਹੋਰ ਲੱਲੀ-ਛੱਲੀ ਮਾਰ ਰਹੀ ਐ...।

ਇਸ ਬਕਵਾਸ ਦਾ ਜਵਾਬ ਅਸੀਂ ਲੱਲੀ-ਛੱਲੀ ਨੂੰ ਤਾਂ ਦੇ ਈ ਰਹੇ ਆਂ। ਜਵਾਬ ਅਕਾਲੀਆਂ ਤੇ ਬੱਬਰ ਦਲ ਵਾਲਿਆਂ ਨੂੰ ਵੀ ਦੇਵਾਂਗੇ।......ਪਰ ਹਾਲ ਨਹੀਂ। ਮੌਕਾ ਆਉਣ ਤੇ ਜਵਾਬ ਜ਼ਰੂਰ ਦੇਵਾਂਗੇ। ਉਹ ਮੁੰਡਾ ਬੋਲਦਾ ਬੋਲਦ ਅਕਾਲੀ ਦਲ ਤੇ ਵਰ੍ਹਨ ਲੱਗ ਪਿਆ ਸੀ '...ਓਏ ਖਾਲਸਾ! ਇਹ ਨੀਕਰਾਂ ਵਾਲੇ ਅਕਾਲੀ ਐਮ. ਪੀ. ਕਾਂਗਰਸ ਦੇ ਜ਼ੈਲੂ ਨੂੰ ਰਾਸ਼ਟਰਪਤੀ ਦੀਆਂ ਵੋਟਾਂ ਪਾਉਣ, ਕਾਂਗਰਸੀਆਂ ਨਾਲ ਸਕੀਰੀਆਂ ਪਾਉਣ, .. ਕਾਂਗਰਸੀਆਂ ਦੇ ਸੰਵਿਧਾਨ ਨੂੰ ਮੱਥਾ ਟੇਕਣ . ਉਸ ਥਾਣੇਦਾਰ ਦੇ ਘਰੋਂ ਚਾਹਾਂ ਪੀਣ, ਜਿਹੜੇ ਬੁੱਚੜ ਨੇ ਨਾਗੋਕਿਆਂ ਵਾਲੇ ਸਿੰਘ ਨੂੰ ਸ਼ਹੀਦ ਕੀਤਾ...ਕਾਂਗਰਸੀਆਂ ਦੇ ਗੁਰੂ ਘੰਟਾਲ ਗਾਂਧੀ ਦੇ ਖੱਸੀ ਰਾਹ ਤੇ ਚੱਲਣ...ਕਾਂਗਰਸੀ ਸਰਕਾਰ ਇਨ੍ਹਾਂ ਅਕਾਲੀਆਂ ਦੇ ਲਾਇਸੰਸਾਂ ਨੂੰ ਹੱਥ ਨਾ ਲਾਵੇ ਅਤੇ ਸਾਡੇ ਸੰਤਾਂ ਦੇ ਸਾਰੇ ਲਾਇਸੰਸ ਕੈਂਸਲ ਕਰ ਦਿਤੇ ਜਾਣ.. ਸੰਤਾਂ ਦੇ ਪੈਰੋਕਾਰਾਂ ਦੇ ਲਾਇੰਸਸ ਕੈਂਸਲ ਕਰ ਦਿਤੇ ਜਾਣ .. ਹਾਲੇ ਸੰਤ ਕਾਂਗਰਸ ਦਾ ਏਜੰਟ ਐ ਤੇ ਨੀਕਰਾਂ ਵਾਲੇ ਕਾਂਗਰਸ ਦੇ ਕੱਟੜ ਵਿਰੋਧੀ ਐ...' ਉਸ ਮੁੰਡੇ ਦੀਆਂ ਖਰੀਆਂ ਖਰੀਆਂ ਸੁਣਕੇ ਹਰਪਾਲ ਨੂੰ ਕੋਈ ਜਵਾਬ ਨਹੀਂ ਸੀ ਔੜਿਆ, ਪਰ ਉਹ ਮੁੰਡਾ ਫੇਰ ਬੋਲਣ ਲੱਗ ਪਿਆ ਸੀ,

'ਵੇਖ ਓਏ ਸਿੰਘਾਂ! ਜੇ ਤਾਂ ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਲਾਹੁਣੀਆਂ ਨੇ ਤਾਂ ਸਿੱਧੇ ਹੋ ਕੇ ਸੰਤਾਂ ਦੇ ਆਖੇ ਲੱਗੋ।.. ਖਰੀਦੋ ਮੋਟਰ-ਸਾਈਕਲ, ਖਰੀਦੋ ਰਿਵਾਲਵਰ! ਲਾਇਸੈਂਸ ਲੈਣ ਦੀ ਲੋੜ ਨਹੀਂ। ਜਦੋਂ ਬ੍ਰਾਹਮਣਾਂ ਦਾ ਮੁੰਡਾ ਪਵਨ ਕੁਮਾਰ 230 ਗਰਨੇਡ ਬਿਨਾਂ ਲਾਇਸੈਂਸ ਤੋਂ ਰੱਖ ਸਕਦੇ ਤੇ ਧਰਿੰਦਰ ਬ੍ਰਹਮਚਾਰੀ ਹਿੰਦੂ ਹੋਣ ਦੇ ਨਾਤੇ 500 ਬੰਦੂਕਾਂ ਬਿਨਾਂ ਲਾਇਸੈਂਸ ਦੇ ਰੱਖ ਸਕਦੇ ਤਾਂ ਆਪਾਂ ਸਿੰਘ, ਬ੍ਰਾਹਮਣਾਂ . ਦੀ ਕੁੜੀ ਇੰਦਰਾ ਦੇ ਨਹੀਂ, ਛੇਵੇਂ ਪਾਤਸ਼ਾਹ ਸ੍ਰੀ ਹਰਗੋਬਿੰਦ ਰਾਏ ਦੇ ਸਿੰਘ ਆਂ, ਫੇਰ ਆਪਾਂ ਲਾਇਸੈਂਸ ਕਿਉਂ ਲਈਏ..'

ਉਹ ਮੁੰਡਾ ਟੇਪ-ਰਿਕਾਰਡ ਵਾਂਗ ਬੋਲੀ ਈ ਜਾ ਰਿਹਾ ਸੀ ਬੋਲਣੋਂ ਹਟ ਈ ਨਹੀਂ ਸੀ ਰਿਹਾ। ਬੋਲਣ ਦੌਰਾਨ ਵਾਰ ਵਾਰ ਆਖੀ ਰਿਹਾ ਸੀ...'ਹਿੰਦੂ ਕੌਮ—ਸਿੱਖ ਕੌਮ ਨੂੰ ਦਬਾਅ ਰਹੀ ਐ . ਲੁੱਟ ਰਹੀ ਐ...' ਉਸਦੇ ਇਹ ਸ਼ਬਦ ਮੈਨੂੰ ਬੇਹੱਦ ਚੁਭਣ ਲੱਗ ਪਏ ਸਨ ਤੇ ਮੈਂ ਹੱਬਲੀ ਅੱਧ-

ਬੁਣੀ ਸਵੈਟਰ ਅਤੇ ਸਲਾਈਆਂ ਮੰਜੇ ਤੇ ਧਰਕੇ ਬੋਲ ਈ ਪਈ ਸਾਂ,

"ਵੀਰ ਜੀ ! ਲੜਾਈ ਅਮੀਰ ਅਤੇ ਗਰੀਬ ਦੀ ਐ...' ਮੈਨੂੰ ਬੋਲਦੀ ਨੂੰ ਸੁਣ ਉਹ ਆਪਣੀ ਗੱਲ ਅਧੂਰੀ ਛੱਡ ਕੇ ਮੇਰੇ ਵੱਲ ਤੱਕਣ ਲੱਗ ਪਿਆ ਸੀ। ਮੈਂ ਬੇਝਿਜਕ ਬੋਲੀ ਗਈ ਸਾਂ '...ਹਿੰਦੂਆਂ 'ਚ ਵੀ ਲੁੱਟੇ-ਪੁੱਟੇ ਜਾ ਰਹੇ ਲੋਕ ਏ ਅਤੇ ਸਿੱਖਾਂ 'ਚ ਵੀ ਇਹ ਲੋਕ ਏ...'

'ਇਹ ਗੱਲ ਨਹੀਂ ਭਾਈ ਬੀਬੀ ! ਰਾਜ ਬਾਹਮਣਾਂ ਦੀ ਕੁੜੀ ਇੰਦਰਾ ਕਰ ਰਹੀ ਐ। ਕੇਂਦਰ 'ਚ ਬਹੁਤੇ ਹਿੰਦੂ ਮਨਿਸਟਰ ਨੇ...ਹਿੰਦੂ ਈ ਅਸਲ 'ਚ ਸਿੱਖਾਂ ਦੇ ਦੁਸ਼ਮਣ ਨੇ।' ਉਹ ਮੁੰਡਾ ਮੇਰੀ ਗੱਲ ਦਾ ਜੁਆਬ ਦਲੀਲ ਨਾਲ ਦੇਣ ਦੀ ਥਾਂ ਆਪਣਾ ਈ ਘੋੜਾ ਦਵੱਲਦਾ ਰਿਹਾ ਸੀ। ਮੈਂ ਪਾਣੀ 'ਚ ਮਧਾਣੀ ਪਾਉਣ ਦਾ ਕੋਈ ਫਾਇਦਾ ਨਾ ਸਮਝਿਆ ਤੇ ਮੈਂ ਰੋਟੀ ਟੁੱਕ ਦਾ ਆਹਰ ਕਰਨ ਲਈ ਉਠ ਕੇ ਖੜੀ ਹੋਈ। ਬਾਹਰੋਂ ਮੋਟੀ-ਮੋਟੀ ਕਣੀ ਡਿਗਣੋਂ ਨਹੀਂ ਸੀ ਹਟੀ। ਮੈਂ ਰਸੋਈ 'ਚ ਅੱਗ ਬਾਲ ਲਈ ਸੀ।

ਉਹ ਮੁੰਡਾ ਅਤੇ ਇਕੱਤਰ ਘੰਟਾ-ਪੌਣਾ ਘੰਟਾ, ਹਰਪਾਲ ਨਾਲ ਗੱਲ-ਬਾਤ ਕਰਨ ਬਾਦ ਰੋਟੀ ਖਾਧੀ ਤੋਂ ਬਿਨਾਂ ਈ, ਪੈਂਦੀਆਂ ਕਣੀਆਂ 'ਚ ਚਲੇ ਗਏ ਸਨ। ਹਰਪਾਲ ਮੇਰੇ ਕੋਲ ਰਸੋਈ 'ਚ ਆ ਕੇ ਬੈਠਦਿਆਂ ਬੋਲਿਆ...

'ਕਿਉਂ ਗੁਰਬਚਨ ! ਸੁਣੀਆਂ ਫੇਰ ਗਰਮਦਲੀਏ ਸੰਤ ਦੇ ਚੇਲੇ ਦੀਆਂ ਗੱਲਾਂ। 'ਹਾਂ !' ਮੈਂ ਉਸਦੀ ਗੱਲ ਦਾ ਜਵਾਬ ਦੇ ਹੱਥਲੇ ਆਟੇ ਦੇ ਪੇੜੇ ਨੂੰ ਗੱਲ ਕਰਦਿਆਂ ਅਤੇ ਉਸ ਵੱਲ ਮੁਸਕਰਾ ਕੇ ਤੱਕਦਿਆਂ ਆਖਿਆ ਸੀ, '...ਪਰ ਤੁਹਾਨੂੰ ਤਾਂ ਉਸਨੇ ਗੱਲਾਂ 'ਚ ਚਾਲੂ ਕਰ ਲਿਆ ਸੀ।'

'ਚਾਲੂ ਹੋਣ ਦੀ ਗੱਲ ਨਹੀਂ ਸੀ ਗੁਰਬਚਨ ! ਮੈਂ ਤਾਂ ਇਹ ਸੋਚ ਕੇ ਚੁੱਪ ਕਰਦਾ ਰਿਹਾ ਵਈ ਐਵੇਂ ਕਿਤੇ ਉਹਦੇ ਨਾਲ ਗੱਲਾਂ-ਗੱਲਾਂ 'ਚ ਜੰਡੋ-ਜੰਡੀ ਨਾ ਹੋਣਾ ਪੈਜੇ।'

'ਅੱਛਾ'—ਮੈਂ ਉਹਦੀ ਗੱਲ ਦਾ ਹੁੰਗਾਰਾ ਭਰ ਕੇ ਪੁੱਛਿਆ—'ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਗਰਮਦਲੀਆ ਸੰਤ ਭਰਾ-ਮਾਰ ਲੜਾਈ ਭੜਕਾਅ ਰਿਹਾ ਏ। ਪਰ ਉਹ ਕਾਂਗਰਸ ਦਾ ਏਜੰਟ ਭਲਾ ਕਿਵੇਂ ਬਣਿਆ ? ਜਦੋਂ ਉਸਦੇ ਚੇਲੇ, ਕਾਂਗਰਸੀਆਂ ਅਤੇ ਪੁਲਿਸ ਅਫਸਰਾਂ ਨੂੰ ਵੀ ਮੁਆਫ਼ ਨਹੀਂ ਕਰਦੇ..।'

'ਇਸ ਗੱਲ ਦਾ ਗੁਰਬਚਨ ਤੈਨੂੰ ਹਾਲੇ ਪਤਾ ਨਹੀਂ ਲੱਗ ਸਕਦਾ। ਗੱਲ

ਬਹੁਤ ਗੁੰਝਲਦਾਰ ਐ। ਸਮੇਂ ਦੇ ਨਾਲ ਸਾਰਾ ਸੱਚ ਲੋਕਾਂ ਦੇ ਸਾਹਮਣੇ ਖੁਲ੍ਹ ਕੇ ਆਜੂ।'

ਮੈਂ ਗੁੰਝਲਦਾਰ ਗੱਲ ਸਮਝਣ ਦੀ ਖਾਤਰ, ਹਰਪਾਲ ਤੇ ਉਸ ਦਿਨ ਬਹੁਤ ਈ ਜ਼ੋਰ ਪਾਇਆ ਸੀ। ਪਰ ਉਹ ਉਸ ਦਿਨ ਮੈਨੂੰ ਗੁੰਝਲਦਾਰ ਗੱਲ ਸਮਝਾਉਣ ਵੰਨੀਓਂ ਕੰਨੀਂ ਕਤਰਾਅ ਗਿਆ ਸੀ। ਪਰ ਉਸ ਗੁੰਝਲਦਾਰ ਗੱਲ ਦੀ ਸਮਝ ਮੈਨੂੰ ਹੁਣ ਅੰਗਰੇਜ਼ੀ 'ਚ ਛਪਦੇ ਇਕ ਮੈਗਜ਼ੀਨ ਦਾ ਸਤੰਬਰ ਚਰਾਸੀ ਦਾ ਅੰਕ ਪੜ੍ਹ ਕੇ ਆਈ ਐ। ਉਸ ਗੁੰਝਲਦਾਰ ਗੱਲ ਬਾਰੇ ਪੂਰੀ ਰਿਪੋਰਟ ਤਾਂ ਤੁਸੀਂ ਉਸ ਮੈਗਜ਼ੀਨ 'ਚੋਂ ਆਪ ਪੜ੍ਹ ਲੈਣੀ ਪਰ ਮੈਂ ਤੁਹਾਨੂੰ ਹੁਣ ਉਸ ਰਿਪੋਰਟ ਬਾਰੇ ਮੋਟਾ-ਮੋਟਾ ਈ ਦੱਸਦੀ ਆਂ ਉਸ ਮੈਗਜ਼ੀਨ ਵਾਲਿਆਂ ਨੇ ਆਪਣੀ ਰਿਪੋਰਟ 'ਚ ਦੱਸਿਆ ਏ ਕਿ ਸਰਕਾਰ ਦੀ ਜਸੂਸੀ ਏਜੰਸੀ 'ਰਾਅ' ਦੇ ਬੰਦਿਆਂ ਨੇ ਦੱਸਿਆ ਏ ਕਿ ਸਰਕਾਰ ਨੇ ਹਿੰਦੂ ਵੋਟਾਂ ਨੂੰ ਆਪਣੇ ਪੱਖ 'ਚ ਕਰਨ ਲਈ ਪੰਜਾਬ 'ਚ ਖ਼ੁਦ ਅੱਤਵਾਦੀ ਲਹਿਰ ਖੜੀ ਕੀਤੀ। ਇਸ ਲਹਿਰ ਨੂੰ ਇੰਟੈਲੀ-ਜੈਂਸੀ ਬਿਊਰੋ ਅਤੇ ਰਾਅ ਤੋਂ ਵੀ ਗੁਪਤ ਰੂਪ 'ਚ ਸਰਕਾਰ ਦੀ ਬਣਾਈ 'ਤੀਜੀ ਏਜੰਸੀ' ਨੇ ਚਲਾਇਆ ਸੀ। ਖ਼ੈਰ ਇਹ ਗੱਲ ਕਿੱਥੋਂ ਤੱਕ ਸੱਚ ਏ? ਮੈਨੂੰ ਇਸ ਗੱਲ ਦਾ ਪੂਰਾ ਪਤਾ ਨਹੀਂ।

ਇਸ ਗੱਲ ਨੂੰ ਆਉਣ ਵਾਲਾ ਸਮਾਂ ਸਾਫ਼ ਜ਼ਰੂਰ ਕਰ ਦੇਵੇਗਾ।

ਲਉ! ਆਕਾਸ਼ ਵਿਚਲੇ ਤਾਰਿਆਂ ਦੀ ਖਿੱਤੀ ਔਹ ਵੇਖੋ! ਰਿਸਕਦੀ ਰਿਸਕਦੀ ਕਿਥੋਂ.. ਕਿੱਥੇ ਚਲੀ ਗਈ ਏ।.. ਖ਼ੈਰ! ਕੋਈ ਗੱਲ ਨਹੀਂ। ਮੇਰੀ ਹੱਡ-ਬੀਤੀ ਦਿਨ ਚੜ੍ਹਦੇ ਤੱਕ ਮੁੱਕ ਈ ਜਾਵੇਗੀ।

ਦਸ

ਮੈਂ ਪਹਿਲਾਂ ਜਿਥੋਂ ਆਪਣੀ ਹੱਡ ਬੀਤੀ ਸੁਣਾਉਣੋਂ ਬੰਦ ਕੀਤੀ ਸੀ ਹੁਣ ਤੁਹਾਨੂੰ ਉਥੋਂ ਦੀ ਸੁਣਾਉਣੀ ਸ਼ੁਰੂ ਕਰਦੀ ਆਂ।

...ਤੇ ਉਸ ਕਾਲੀ ਪੱਗ ਵਾਲੇ ਮੁੰਡੇ ਅਤੇ ਇਕੱਤਰ ਦੇ ਸਾਡੇ ਘਰ

ਆਉਣ ਤੋਂ ਤਕਰੀਬਨ ਪੰਦਰਾਂ-ਵੀਹ ਦਿਨਾਂ ਬਾਦ ਗੁਰਮੀਤ ਦੇ ਮਾਤਾ ਜੀ ਮੇਰੇ ਕੋਲ ਸਕੂਲ ਚ ਆਏ। ਉਹਨਾਂ ਦੇ ਚਿਹਰੇ ਉੱਤਲੀ ਘਬਰਾਹਟ ਨੂੰ ਭਾਂਪਦਿਆਂ ਮੈਂ ਸਟਾਫ਼ ਦੇ ਦੂਸਰੇ ਮੈਂਬਰਾਂ ਸਾਹਮਣੇ ਉਸ ਨਾਲ ਕੋਈ ਗੱਲ ਕਰਨੀ ਠੀਕ ਨਾ ਸਮਝੀ ਤੇ ਮਾਤਾ ਜੀ ਨੂੰ ਮੈਂ ਸਕੂਲ ਦੇ ਖੁੱਲ੍ਹੇ ਗਰਾਉਂਡ ਵੱਲ ਲੈ ਤੁਰੀ। ਸਟਾਫ਼ ਤੋਂ ਕੋਈ ਤੀਹ-ਚਾਲੀ ਕਦਮਾਂ ਦੀ ਦੂਰੀ ਤੇ ਜਾ ਕੇ, ਉਪਰੋਂ-ਉਪਰੋਂ ਕੱਟੇ ਹਰੇ ਘਾਹ ਦੀ ਵਿਛੀ ਚਾਦਰ ਤੇ ਬੈਠੀ ਆਂ। ਮੈਂ ਬੈਠਣ ਸਮੇਂ ਈ ਮਾਤਾ ਜੀ ਤੋਂ ਪੁੱਛ ਲਿਆ ਸੀ,

'ਹੁਣ ਦੱਸੋ ਮਾਤਾ ਜੀ ! ਕਿਵੇਂ ਖੈਰ ਤਾਂ ਹੈ ?'

'ਖੈਰ ਕਾਹਦੀ ਐ ਕਿਰਣ।' ਮਾਤਾ ਜੀ ਘਬਰਾਹਟ ਭਰੀ ਆਵਾਜ਼ 'ਚ ਦੱਸਣ ਲੱਗ ਪਏ ਸਨ ..'...ਅੱਜ ਤੜਕੇ ਪਹੁ-ਪਾਟਦੀ ਦੇ ਨਾਲ ਈ ਔਂਤਰੇ ਦੀ ਪੁਲੀਸ ਨੇ ਆਪਣੇ ਘਰ ਛਾਪਾ ਮਾਰਿਆ ਸੀ।'

'ਫੇਰ ਘਬਰਾਉਣ ਵਾਲੀ ਕਿਹੜੀ ਗੱਲ ਏ ਇਹਦੇ 'ਚ ਮਾਤਾ ਜੀ। ਅੱਗੇ ਕਿਹੜਾ ਆਪਣੇ ਘਰ ਪੁਲਸ ਨੇ ਕਦੇ ਛਾਪੇ ਨਹੀਂ ਮਾਰੇ। ਮੈਨੂੰ ਮਾਤਾ ਜੀ ਦੀ ਘਬਰਾਹਟ ਓਪਰੀ ਲੱਗੀ ਸੀ ਤੇ ਇਸੇ ਕਰਕੇ ਮੈਨੂੰ ਉਹਨਾਂ ਦੀ ਚੱਲਦੀ ਗੱਲ ਦੇ ਵਿਚ ਦੀ ਬੋਲਣਾ ਪਿਆ ਸੀ। ਮਾਤਾ ਜੀ ਬੋਲਦੇ ਬੋਲਦੇ ਮੇਰੀ ਗੱਲ ਦਾ ਜਵਾਬ ਦੇਣ ਲੱਗ ਪਏ ਸਨ। '...ਘਬਰਾਹਟ ਮੈਨੂੰ ਬੱਚੀਏ, ਪੁਲੀਸ ਦੇ ਛਾਪੇ ਦੀ ਨਹੀਂ, ਘਬਰਾਹਟ ਤਾਂ ਇਸ ਗੱਲ ਦੀਐ ਕਿ ਉਹ ਔਂਤਰੇ ਆਂਹਦੇ ਸਨ ਕਿ ਗੁਰਮੀਤ ਦਾ ਖਾਲਿਸਤਾਨੀ ਲਹਿਰ ਨਾਲ ਸਬੰਧ ਐ ਅਤੇ ਗੁਰਮੀਤ ਵੀ ਸਿੱਖਾਂ ਦੇ ਅੱਤਵਾਦੀ ਸੰਤਾਂ ਦਾ ਚੇਲਾ ਬਣ ਗਿਐ...।'

ਮਾਤਾ ਜੀ ਦੀ ਚੱਲਦੀ ਗੱਲ ਸੁਣਦਿਆਂ ਮੈਂ ਵੀ ਹੈਰਾਨ ਹੋ ਗਈ ਸਾਂ। ਮੇਰਾ ਮਨ ਇੱਕ ਪਲ ਸੋਚ ਗਿਆ ਸੀ ਕਿ ਕੀ ਐ ਕਿਤੇ ਬਾਈ ਗੁਰਮੀਤ ਵੀ ਉਨ੍ਹਾਂ ਦੀਆਂ ਗਰਮ-ਗਰਮ ਗੱਲਾਂ 'ਚ ਆ ਗਿਆ ਹੋਵੇ। ਪਰ ਇਹ ਸੋਚ ਮੇਰੇ ਮਨ ਚ ਬਹੁਤਾ ਚਿਰ ਨਹੀਂ, ਰਹੀ ਸੀ ਛੇਤੀ ਈ ਮੇਰੇ ਦਿਮਾਗ ਚ ਸਰਕਾਰੀ ਵਜ਼ੀਰਾਂ ਦਾ ਬਕਵਾਸ। ਅਖ਼ਬਾਰਾਂ ਦੀਆਂ ਬੇ-ਸਿਰ-ਪੈਰੀਆਂ ਗੱਲਾਂ ਅਤੇ ਇੱਕ ਰਿਟਾਇਰਡ ਪੁਲਿਸ ਅਫ਼ਸਰ ਦਾ ਬੱਕੜਬਾਹ ਸਿਨਮੇਂ ਦੀ ਰੀਲ ਵਾਂਗ ਘੁੰਮ ਗਿਆ ਸੀ। ਮੈਂ ਮੁਸਕਰਾਉਂਦੀ ਬੋਲ ਪਈ ਸਾਂ,

'ਉਹ ਹਰਾਮਜ਼ਾਦੇ ਮਾਤਾ ਜੀ ! ਐਵੇਂ ਬਕਵਾਸ ਕਰ ਰਹੇ ਹੋਣਗੇ। ਪਾਰਟੀ ਦਾ, ਨਾ ਤਾਂ ਖਾਲਿਸਤਾਨੀ ਲਹਿਰ ਨਾਲ ਕੋਈ ਸਬੰਧ ਏ ਅਤੇ ਨਾ ਈ ਸਿੱਖਾਂ ਦੇ ਗਰਮ ਖਿਆਲੀਏ ਸੰਤਾਂ ਦੀ ਲਹਿਰ ਨਾਲ ਕੋਈ ਸਬੰਧ ਏ...।'

ਮੈਂ ਮਾਤਾ ਜੀ ਦਾ ਦਿਲ ਧਰਾਉਣ ਲਈ ਉਸਨੂੰ ਕਾਂਗਰਸੀ ਵਜ਼ੀਰਾਂ, ਅਖ਼ਬਾਰਾਂ ਅਤੇ ਉਸ ਰਿਟਾਇਰਡ ਅਫ਼ਸਰ ਦੇ ਉਸ ਬਕਵਾਸ ਬਾਰੇ ਦੱਸਣ ਲੱਗ ਪਈ ਜਿਹੜਾ ਕੁਝ ਮਿੰਟ ਪਹਿਲਾਂ ਮੇਰੇ ਦਿਮਾਗ ਚ ਸਿਨੇਮੇ ਦੀ ਰੀਲ ਵਾਂਗ ਘੁੰਮਿਆ ਸੀ ਤੇ ਜਿਸ ਬਕਵਾਸ ਚ ਉਹਨਾਂ ਨੇ ਇਹ ਆਖਿਆ ਸੀ ਕਿ ਨਕਸਲਵਾੜੀ ਵੀ ਸਿੱਖ ਅੱਤਵਾਦੀਆਂ ਨਾਲ ਮਿਲੇ ਹੋਏ ਹਨ। ਮੇਰੀ ਗੱਲ ਸੁਣਕੇ ਮਾਤਾ ਜੀ ਦੀ ਘਬਰਾਹਟ ਦੂਰ ਹੋਈ ਤੇ ਉਸਨੇ ਉੱਠਦੀ ਨੇ ਮੈਨੂੰ ਆਖਿਆ—

'ਚੰਗਾ ਧੀਏ ਜੇ ਗੁਰਮੀਤ ਦਾ ਤੇਰੇ ਕੋਲ ਗੇੜਾ ਵੱਜਿਆ ਤਾਂ ਉਸਨੂੰ ਛਾਪੇ ਬਾਰੇ ਦੱਸਦੀ,

'ਤੂੰ ਭੋਰਾ ਫਿਕਰ ਨਾ ਕਰ ਮਾਂ ! ਗੁਰਮੀਤ ਮੇਰਾ ਨਹੀਂ ਕੁਝ ਲੱਗਦਾ ?' ਮਾਤਾ ਜੀ ਨਾਲ ਅਪੱਣਤ ਵਿਖਾਉਂਦੀ ਮੈਂ ਵੀ ਉਠ ਖੜੀ ਸਾਂ। ਮਾਤਾ ਜੀ ਤਾਂ ਗਰਾਊਂਡ 'ਚੋਂ ਈ ਆਪਣੇ ਘਰ ਵੱਲ ਨੂੰ ਜਾਣ ਵਾਲੀ ਸੜਕ ਵੱਲ ਹੋ ਤੁਰੇ ਸਨ। ਮੈਂ ਮੁੜ ਆਪਣੀ ਜਮਾਤ 'ਚ ਆ ਗਈ ਸਾਂ। ਮੇਰੇ ਕੁਰਸੀ ਤੇ ਬੈਠੀ ਦੇ ਦਿਮਾਗ 'ਚ ਇਹੋ ਸਵਾਲ ਬਾਰ ਬਾਰ ਆਉਂਦਾ ਰਿਹਾ ਸੀ,

'ਇਹ ਸਾਰਾ ਲੁਟੇਰਾ ਅਤੇ ਬੁੱਚੜ ਲਾਣਾ, ਕਮਿਊਨਿਸਟ ਇਨਕਲਾਬੀ ਬਾਈਆਂ ਨੂੰ ਫਿਰਕੂ ਅੱਤਵਾਦੀ ਲਹਿਰ ਨਾਲ ਜਾਣ ਬੁੱਝ ਕੇ ਭਲਾ ਕਿਉਂ ਜੋੜ ਰਿਹੈ ?'

ਇਸ ਸਵਾਲ ਦਾ ਮੈਨੂੰ ਉਸ ਸਮੇਂ ਕੋਈ ਢੁਕਵਾਂ ਉਤਰ ਨਹੀਂ ਸੀ ਸੁੱਝ ਸਕਿਆ। ਇਹ ਸਵਾਲ ਮੇਰੇ ਦਿਮਾਗ 'ਚ ਘਰ ਆਉਣ ਤੇ ਵੀ ਚੱਕਰ ਕੱਟਦਾ ਰਿਹਾ ਸੀ। ਮੈਂ ਸੋਚਣ ਲੱਗ ਪਈ ਸਾਂ—'ਜੇ ਅੱਜ ਗੁਰਮੀਤ ਆ ਜਾਵੇ ਤਾਂ ਉਸ ਕੋਲੋਂ ਨਾਲੇ ਤਾਂ ਇਸ ਸਵਾਲ ਬਾਰੇ ਪੁੱਛਾਂ ਅਤੇ ਨਾਲੇ ਉਸਨੂੰ ਪਏ ਛਾਪੇ ਬਾਰੇ ਚੋਕਸ ਕਰਾਂ।' ਪਰ ਉਸ ਦਿਨ ਗੁਰਮੀਤ ਨਾ ਆਇਆ। ਉਸ ਦਿਨ ਤਾਂ ਹਰਪਾਲ ਵੀ ਉਸ ਸਮੇਂ ਆਇਆ ਜਿਸ ਸਮੇਂ ਰੋਟੀ ਖਾਣ ਅਤੇ ਭਾਂਡਾ-ਟੀਂਡਾ ਸਾਂਭਣ ਤੋਂ ਬਾਦ ਮੈਂ ਅਮਰਦੀਪ ਨੂੰ ਨਾਲ ਲੈ ਕੇ ਬਿਸਤਰੇ 'ਚ ਪੈ ਗਈ ਸਾਂ।

ਕਮਰੇ ਵਿਚਲੇ ਦੂਧੀਆ ਬਲਬ ਦੀ ਰੌਸ਼ਨੀ ਨਾਲ ਕਮਰਾ ਭਰਿਆ ਹੋਇਆ ਸੀ। ਬਾਹਰ ਠੰਢੀ-ਠੰਢੀ ਹਵਾ ਚੱਲ ਰਹੀ ਸੀ ਤੇ ਅਮਰਦੀਪ ਬਾਤ ਸੁਣਨ ਦੀ-ਰਿਹਾੜ ਕਰਦਾ-ਕਰਦਾ ਸੌਂ ਗਿਆ ਸੀ।

ਹਰਪਾਲ ਜਦੋਂ ਆ ਕੇ, ਆਪਣਾ ਮੰਜਾ ਮੇਰੇ ਮੰਜੇ ਵੱਲ ਨੂੰ ਖਿੱਚ ਕੇ ਬੈਠਾ ਸੀ ਤਾਂ ਮੈਨੂੰ ਉਸਦੇ ਚਿਹਰੇ ਉਤਲੀ ਉਦਾਸੀ ਸਾਫ਼ ਨਜ਼ਰ ਆਈ ਸੀ। ਮੈਂ ਆਪਣਾ ਸੁਰਮਈ ਸ਼ੌਲ ਸਿਰ ਤੇ ਲੈਂਦੀ ਬੈਠ ਗਈ ਸਾਂ।

'ਕਿਵੇਂ, ਤੁਸੀਂ! ਅੱਜ ਇੰਨਾਂ ਕੁਵੇਲਾ ਕਰ ਆਏ ?'

'ਅੱਜ ਗੁਰਬਚਨ! ਮੈਂ ਤੇ ਇਕੱਤਰ ਬੈਠ ਕੇ ਪੀਣ ਲੱਗ ਪਏ ਅਤੇ ਮੈਂ ਹਰਪਾਲ ਦੀ ਗੱਲ ਸੁਣਕੇ ਖੁਸ਼ ਵੀ ਹੋਈ ਸਾਂ ਅਤੇ ਦੁਖੀ ਵੀ ਹੋਈ ਸਾਂ। ਖੁਸ਼ ਤਾਂ ਇਸ ਕਰਕੇ ਹੋਈ ਸਾਂ ਕਿ ਉਸਨੇ ਮੇਰੇ ਕੋਲ ਅੱਜ ਪਹਿਲੀ ਵਾਰ ਆਪਣੇ ਸ਼ਰਾਬ ਪੀਣ ਬਾਰੇ ਦੱਸਿਆ ਸੀ ਤੇ ਦੁਖੀ ਮੈਂ ਇਸ ਕਰਕੇ ਹੋਈ ਸਾਂ ਕਿ ਉਸਨੂੰ ਸ਼ਰਾਬ ਪੀਣ ਦੀ ਆਦਤ ਵਧਦੀ ਜਾਂਦੀ ਸੀ। ਮੈਂ ਆਪਣੀ ਖੁਸ਼ੀ ਤੇ ਕਾਬੂ ਪਾਉਂਦਿਆਂ, ਦੁੱਖ ਭਰੀ ਆਵਾਜ਼ 'ਚ ਆਖਿਆ ਸੀ,

'ਸ਼ਰਾਬ ਦਾ ਤੁਸੀਂ ਖਹਿੜਾ ਕਿਉਂ ਨਹੀਂ ਛੱਡਦੇ ?'

'ਪੁੱਛ ਨਾ ਗੁਰਬਚਨ! ਅੱਜ ਤਾਂ ਸ਼ਰਾਬ ਨੇ ਤੈਨੂੰ ਬਹੁਤ ਵੱਡਾ ਗੁਣ ਕੀਤੈ ?'

'ਮੈਨੂੰ ਗੁਣ ਕੀਤਾ ? ਸ਼ਰਾਬ ਨੇ...?' ਮੈਨੂੰ ਉਸਦੀ ਗੱਲ ਦੀ ਸਮਝ ਨਹੀਂ ਸੀ ਤੇ ਹੈਰਾਨੀ ਨਾਲ ਮੈਂ ਉਸ ਤੋਂ ਪੁੱਛਿਆ ਸੀ। ਉਹ ਸਵੈਮਾਨ ਭਰੇ ਅੰਦਾਜ਼ 'ਚ ਮੈਨੂੰ ਮੇਰੇ ਸਵਾਲ ਦਾ ਜੁਆਬ ਦੇਣ ਲੱਗਾ ਸੀ,

'ਸੁਣ!...ਸ਼ਰਾਬ ਨੇ ਤੇਰੇ ਤੇ ਕੀ ਗੁਣ ਕੀਤੇ...ਹਾਂ! ਅੱਜ ਜਿਸ ਸਮੇਂ ਮੈਂ ਤੇ ਇਕੱਤਰ ਜੇਲ੍ਹ ਵਿਚਲੇ ਸਿੱਖਾਂ ਦੀ ਮੁਲਾਕਾਤ ਕਰਕੇ ਵਾਪਿਸ ਆ ਰਹੇ ਸਾਂ ਤਾਂ ਇਕੱਤਰ ਨੇ ਠੇਕੇ ਤੋਂ ਬੋਤਲ ਫੜ ਲਈ। ਫੇਰ ਮੈਂ ਤੇ ਉਹ ਸਟਾਰ ਹੋਟਲ 'ਚ ਬੈਠ ਕੇ ਪੈੱਗ ਲਾਉਣ ਲੱਗ ਪਏ ਸਾਂ...।'

ਹਰਪਾਲ ਨੇ ਗੱਲ ਦੱਸਦਿਆਂ-ਦੱਸਦਿਆਂ, ਆਪਣੀ ਗੱਲ ਅਧੂਰੀ ਛੱਡ ਕੇ ਮੈਥੋਂ ਪੁੱਛਿਆ ਸੀ,

'...ਤੇ ਹਾਂ! ਗੁਰਬਚਨ! ਤੇਰਾ ਬਾਈ ਗੁਰਮੀਤ! ਕਿਤੇ ਗਰਮਦਲੀਏ ਸਿੱਖ ਸੰਤ ਦੇ ਵਿਰੁੱਧ, ਰੈਲੀ 'ਚ ਬੋਲਿਆ ਹੋਊ ?'

'ਕਿਉਂ ਕੀ ਗੱਲ ?' ਹਰਪਾਲ ਦਾ ਸਵਾਲ ਸੁਣਕੇ ਮੇਰਾ ਮੱਥਾ ਠਣਕਿਆ ਸੀ। ਮੈਂ ਉਸਦੇ ਸਵਾਲ ਦਾ ਜਵਾਬ ਦੇਣ ਦੀ ਥਾਂ ਮੋੜਵਾਂ ਸਵਾਲ ਕੀਤਾ ਸੀ।

'ਤੂੰ ਪਹਿਲਾਂ ਦੱਸ ਤਾਂ ਸਹੀ ? ਫੇਰ ਦੱਸ ਦਾਂ ਗੱਲ।'

'ਮੈਨੂੰ ਇਸ ਬਾਰੇ ਕੋਈ ਪਤਾ ਨਹੀਂ...' ਮੈਂ ਸੋਚ ਸਮਝ ਕੇ ਝੂਠ ਬੋਲ ਗਈ ਸਾਂ। ਉਂਝ ਮੈਂ ਗੁਰਮੀਤ ਨੂੰ ਚੌਂਕ 'ਚ ਉਸ ਦਿਨ ਹੋ ਰਹੀ ਰੈਲੀ 'ਚ ਬੋਲਦਾ ਆਪ ਸੁਣਿਆ ਸੀ, ਜਿਸ ਦਿਨ ਇਨਕਲਾਬੀ ਜਨਤਕ ਜਥੇਬੰਦਾਂ ਵੱਲੋਂ ਫਿਰਕਾਪ੍ਰਸਤੀ ਵਿਰੁੱਧ ਮੁਜ਼ਾਹਰਾ ਕੱਢਿਆ ਗਿਆ ਸੀ ਤਾਂ ਸਾਡੀ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਤੇ ਅਧਿਆਪਕਾਵਾਂ ਦੀ ਜਥੇਬੰਦੀਆਂ ਵੀ ਉਸ ਰੈਲੀ 'ਚ ਸ਼ਾਮਿਲ ਹੋਈ ਸੀ। ਪਰ ਉਸ ਦਿਨ ਗੁਰਮੀਤ ਇਕ ਸ਼ਬਦ ਵੀ ਝੂਠ ਨਹੀਂ ਸੀ ਬੋਲਿਆ, ਪਰ ਫੇਰ ਵੀ ਹਰਪਾਲ ਨੂੰ ਗੁਰਮੀਤ ਦੇ ਬੋਲਣ ਬਾਰੇ ਦੱਸਣਾ ਮੈਂ ਠੀਕ ਨਾ ਸਮਝਿਆ। ਮੇਰਾ ਜਵਾਬ ਨਾਂਹ 'ਚ ਸੁਣਨ ਬਾਦ ਹਰਪਾਲ ਮੈਨੂੰ ਦੱਸਣ ਲੱਗ ਪਿਆ ਸੀ,

'ਅੱਛਾ ! ਤੈਨੂੰ ਪਤੇ ਜਾਂ ਨਹੀਂ ! ਗੁਰਮੀਤ, ਗਰਮਦਲੀਏ ਸੰਤ ਦੇ ਵਿਰੁੱਧ ਸ਼ਰੇਆਮ ਚੌਂਕ 'ਚ ਬੋਲਿਆ ਸੀ।...ਤੇ ਹੁਣ ਉਹ ਸੰਤ ਦੇ ਪੈਰੋਕਾਰ ਗੁਰਮੀਤ ਨੂੰ ਕਤਲ ਕਰਨ ਨੂੰ ਫਿਰਦੇ ਐ।

ਮੈਥੋਂ ਹਰਪਾਲ ਦੀ ਚੱਲਦੀ ਗੱਲ ਸੁਣੀ ਨਾ ਗਈ ਤੇ ਮੈਂ ਉਸ ਤੋਂ ਪੁੱਛਿਆ...।

'ਤੁਹਾਨੂੰ ਇਸ ਗੱਲ ਦਾ ਕਿਸ ਕੋਲੋਂ ਪਤਾ ਲੱਗਿਆ ?'

'ਸ਼ਰਾਬ ਦੀ ਲੋਰ 'ਚ ਆਇਆ ਇਕੱਤਰ ਮੇਰੇ ਕੋਲ ਦੱਸ ਗਿਆ।'

'ਅੱਛਾ...' ਮੈਂ ਆਪਣੇ ਦਿਲ ਅੰਦਰ ਪੈਦਾ ਹੋਏ ਦੁੱਖ ਤੇ ਕਾਬੂ ਪਾਉਂਦੀ, ਇਹੋ ਆਖ ਸਕੀ ਸਾਂ '...ਫੇਰ ਤਾਂ ਬਹੁਤ ਭੈੜੀ ਗੱਲ ਐ। ਜੇ ਉਹ, ਮਾਤਾ ਜੀ ਦੀਆਂ ਅੱਖਾਂ ਦਾ ਨੂਰ ਖੋਹਣ ਨੂੰ ਫਿਰਦੇ ਨੇ।'

'ਬੱਸ ਤੈਨੂੰ ਏਡੀ-ਵੱਡੀ ਗੱਲ ਦੱਸ ਦਿਤੀ। ਕਿਉਂ ਹੈ ਨਾ ਸ਼ਰਾਬ ਦੀ ਕਰਾਮਾਤ। ਜੇ ਇਕੱਤਰ ਸੂਫੀ ਹੁੰਦਾ ਤਾਂ ਉਹ ਮੇਰੇ ਕੋਲ ਇਹ ਕਦੇ ਨਹੀਂ ਦਸਦਾ ਸੀ।'

'ਇਕੱਤਰ ਅੱਜ-ਕੱਲ ਉਹਨਾਂ ਦਾ ਪੈਰੋਕਾਰ ਬਣਿਆ ਹੋਇਆ।' ਮੈਨੂੰ ਮਨ ਈ ਮਨ 'ਚ ਇਕੱਤਰ 'ਤੇ ਬਹੁਤ ਈ ਗੁੱਸਾ ਆ ਰਿਹਾ ਸੀ। ਮੈਂ ਗੁੱਸੇ ਨੂੰ ਅੰਦਰੇ

ਅੰਦਰ ਈ ਪੀ ਗਈ ਸਾਂ । ਹਰਪਾਲ ਰੋਟੀ ਖਾਣ ਤੋਂ ਬਾਦ ਆਪਣੀ ਰਜਾਈ 'ਚ ਪੈ ਗਿਆ ਸੀ। ਕੁਝ ਚਿਰ ਅਸੀਂ ਦੋਵੇਂ ਆਪਣੀ-ਆਪਣੀ ਰਜਾਈਆਂ 'ਚ ਪਏ ਆਪਸ 'ਚ ਗੱਲਾਂ ਕਰਦੇ ਰਹੇ ਸਾਂ। ਫੇਰ ਉਹ ਸੌਂ ਗਿਆ ਸੀ, ਪਰ ਮੈਨੂੰ ਨੀਂਦ ਨਹੀਂ ਸੀ ਆ ਰਹੀ। ਮੈਂ ਤਾਂ ਪਈ-ਪਈ ਸੋਚਣ ਲੱਗ ਪਈ ਸਾਂ :

'ਗੁਰਮੀਤ ਇਕ ਪਾਸੇ ਲਹੂ-ਪੀਣੀ ਹਕੂਮਤ ਦੀਆਂ ਅੱਖਾਂ 'ਚ ਰੋੜ ਵਾਂਗੂ ਰੜਕਣ ਲੱਗ ਪਿਆ ਏ ਤੇ ਦੂਸਰੇ ਪਾਸੇ ਫਿਰਕੂ ਜਨੂੰਨੀ ਉਸ ਦੀਆਂ ਪੈੜਾਂ ਸੁੰਘਣ ਲਗ ਪਏ ਨੇ। ..ਕਿਹੋ-ਜਿਹਾ ਸਮਾਂ ਆ ਗਿਆ ਏ ਇਹ ?...ਚਲੋ ਹਕੂਮਤ ਦੀਆਂ ਅੱਖਾਂ 'ਚ ਤਾਂ ਗੁਰਮੀਤ ਨੇ ਰੜਕਣਾ ਈ ਰੜਕਣਾ ਸੀ ... ਕਿਉਂਜੋ ਉਹ ਹਕੂਮਤ ਦੀਆਂ ਜੜ੍ਹਾਂ 'ਚ ਦਾਤੀ ਫੇਰ ਰਿਹਾ ਏ। ਪਰ ਆਪਣੇ ਆਪ ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਕਹਾਉਣ ਵਾਲਿਆਂ 'ਚ ਏਨਾ ਵੀ ਦਮ ਨਹੀਂ ਕਿ, ਉਹ ਆਪਣੇ ਵਿਰੁੱਧ ਜਾਂਦੇ ਸੱਚ ਨੂੰ ਸੁਣ ਸਕਣ। ਐਂ ਭਲਾ ! ਉਹ ਆਪਣੇ ਵਿਰੋਧੀਆਂ ਨੂੰ ਕਤਲ ਕਰ-ਕਰਕੇ ਕਿੰਨਿਆਂ ਕੁ ਨੂੰ ਖਤਮ ਕਰ ਦੇਣਗੇ ?...'

ਮੇਰੀ ਇਹ ਸੋਚ ਵੱਧਦੀ ਈ ਜਾ ਰਹੀ ਸੀ । ਢਲਦੀ ਰਾਤ ਤੱਕ ਵੀ ਮੇਰੀ ਸੋਚ ਚਲਦੀ ਰਹੀ ਸੀ। ਸੋਚ 'ਚ ਡੁੱਬੀ ਨੂੰ ਵੀ ਮੈਨੂੰ ਨੀਂਦ ਆ ਗਈ ਸੀ । ਮੈਂ ਸੁੱਤੀ ਪਈ-ਪਈ ਸੁਪਨਾ ਵੇਖਣ ਲੱਗ ਪਈ ਸਾਂ।... ਜਿਵੇਂ ਮਨੁੱਖੀ ਖੋਪਰੀਆਂ ਦਾ ਇਕ ਉੱਚਾ ਸਾਰਾ ਥੜ੍ਹਾ ਚਿਣਿਆ ਹੋਇਆ ਸੀ। ਉਸ ਥੜ੍ਹੇ ਉਤੇ ਇਕ ਦਿਉ-ਕੱਦ ਵਰਗੀ ਡੈਣ ਬੈਠੀ ਸੀ। ਉਸ ਡੈਣ ਦੇ ਬੇਹਿਸਾਬ ਚੜੇ ਮੂੰਹ 'ਚ ਮਾੜੂਏ ਜਿਹੇ ਆਦਮੀ ਤੜਪ ਰਹੇ ਸਨ। ਤੜਪਦੇ ਮਾੜੂਏ ਜਿਹੇ ਆਦਮੀਆਂ 'ਚੋਂ ਜਿਸ ਦੇ ਹੱਥ 'ਚ ਹਥੌੜਾ ਲਮਕ ਰਿਹਾ ਸੀ। ਉਹ ਕਲੀਨ ਸ਼ੇਵ ਸੀ ਤੇ ਜਿਸ ਦੇ ਹੱਥ 'ਚ ਦਾਤੀ ਲਮਕ ਰਹੀ ਸੀ, ਉਹ ਦਾੜ੍ਹੀ ਮੁੱਛਾਂ ਵਾਲਾ ਸੀ। ਉਹਨਾਂ ਦੋਵਾਂ ਮਾੜੂਏ ਜਿਹੇ ਆਦਮੀਆਂ ਨੂੰ ਮੰਦਰਾਂ ਦੇ ਪੁਜਾਰੀ, ਗਿਰਜਿਆ ਦੇ ਈਸਾਈ, ਮਸੀਤਾਂ ਦੇ ਕਾਜ਼ੀ ਅਤੇ ਗੁਰਦੁਆਰਿਆਂ ਦੇ ਭਾਈ ਜੀ ਉਸ ਦਿਉ-ਕੱਦ ਡੈਣ ਦੇ ਮੂੰਹ 'ਚੋਂ ਡਿੱਗਣ ਨਹੀਂ ਦੇ ਰਹੇ ਸਨ। ...ਤੇ ਫੇਰ ਉਥੇ, ਸਿਰਫ ਦੋ ਕੁੱਕੜ ਈ ਰਹਿ ਗਏ ਸਨ। ਇਕ ਕੁੱਕੜ ਦੀ ਕਲਗੀ ਨੀਲੀ ਸੀ ਅਤੇ ਦੂਸਰੇ ਕੁੱਕੜ ਦੀ ਕਲਗੀ ਚਿੱਟੀ ਸੀ। ਉਹ ਦੋਵੇਂ

ਕੁੱਕੜ ਆਪਸ 'ਚ ਲੜਨ ਲੱਗ ਪਏ ਸਨ। ਇਕ ਦੂਸਰੇ ਦੀਆਂ ਕਲਗੀਆਂ ਨੂੰ ਚੁੰਝਾਂ ਅਤੇ ਤਾੜਾਂ ਨਾਲ ਲਹੂ-ਲਹਾਣ ਕਰਨ ਲੱਗ ਪਏ ਸਨ। ਫੇਰ ਲੜਦੇ ਕੁੱਕੜਾਂ ਨੂੰ ਇਕ ਬਿੱਲੀ ਸ਼ਹਿ ਕੇ ਤੱਕਣ ਲੱਗ ਪਈ ਸੀ। ਇੰਨੇ ਨੂੰ ਉੱਚੀ ਸਾਰੀ ਆਵਾਜ਼ ਸੁਣਾਈ ਦੇਣ ਲੱਗ ਪਈ ਸੀ।

'ਕੁੱਕੜੋ! ਆਪਸ 'ਚ ਲੜਨਾ ਛੱਡੋ ਔਹ ਵੇਖੋ! ਤੁਹਾਡੇ 'ਤੇ ਝੁਪੱਟ ਮਾਰਨ ਲਈ ਖਿੱਲੀ ਸ਼ਹੀ ਬੈਠੀ ਐ...'

ਇਹ ਆਵਾਜ਼ ਜਿਸ ਪਾਸੇ ਵੱਲੋਂ ਆ ਰਹੀ ਸੀ, ਬਿੱਲੀ ਵੀ ਉਸ ਪਾਸੇ ਵੱਲ ਘੁਰ ..ਰ.. ਘੁਰ...ਰ . ਰ ਕਰਦੀ ਭੱਜ ਪਈ ਸੀ ਤੇ ਕੁੱਕੜ ਵੀ ਲੜਦੇ ਉਸ ਅਵਾਜ਼ ਦੇ ਤਾੜ ਮਾਰਨ ਲਈ ਰਿਸਕਣ ਲੱਗ ਪਏ ਸਨ। ਪਰ ਉਹ ਜਿਉਂ ਜਿਉਂ ਆਵਾਜ਼ ਵੱਲ ਵੱਧਦੇ ਜਾ ਰਹੇ ਸਨ ਤਿਉਂ ਤਿਉਂ ਆਵਾਜ਼ ਉਨ੍ਹਾਂ ਤੋਂ ਪਿੱਛੇ ਹਟਦੀ ਜਾ ਰਹੀ ਸੀ। ਮੇਰੇ ਇਸ ਸੁਪਨੇ ਨੂੰ ਸਰਹਾਣੇ, ਕੰਸ਼ ਤੇ ਪਏ ਟਾਈਮਪੀਸ ਨੂੰ ਲਾਏ ਅਲਾਰਮ ਦੀ ਟਣ...ਣ . ਟਣ...ਣ ਨੇ ਤੋੜ ਦਿੱਤਾ ਸੀ। ਮੈਂ ਸੁਪਨੇ ਬਾਰੇ ਸੋਚਦੀ, ਉਠ ਬੈਠੀ ਸੀ। ਬਿਜਲੀ ਦਾ ਜ਼ੀਰੋ ਬਲ੍ਹਬ ਜਗ ਰਿਹਾ ਸੀ। ਟਾਈਮਪੀਸ 'ਤੇ ਚਾਰ ਵੱਜ ਚੁੱਕੇ ਸਨ। ਹਰਪਾਲ ਅਤੇ ਅਮਰਦੀਪ ਨੂੰ ਚਾਹ ਪਿਆ ਕੇ, ਮੈਂ ਕਾਹਲੀ-ਕਾਹਲੀ, ਗੁਰਮੀਤ ਕੇ ਘਰ ਨੂੰ ਤੁਰ ਪਈ ਸਾਂ।

ਕੁਦਰਤੀ ਅਗਾਹਾਂ, ਗੁਰਮੀਤ ਮੈਨੂੰ ਘਰ ਈ ਮਿਲ ਗਿਆ ਸੀ। ਮੈਂ ਮਾਤਾ ਜੀ ਦੇ ਸਾਹਮਣੇ ਗੁਰਮੀਤ ਨੂੰ ਗੱਲ ਦੱਸਣੀ ਠੀਕ ਨਾ ਸਮਝੀ, ਕਿਉਂਕਿ ਇਸ ਗੱਲ ਦਾ ਮਾਤਾ ਜੀ ਦੇ ਦਿਲ ਤੇ ਭੈੜਾ ਅਸਰ ਈ ਹੋਣਾ ਸੀ। ਇਸ ਲਈ ਮੈਂ ਤੇ ਗੁਰਮੀਤ ਉਹਨਾਂ ਦੀ ਬੈਠਕ 'ਚ ਚਲੇ ਗਏ ਸਾਂ। ਮੈਂ ਉਸਨੂੰ ਦੋ ਤਿੰਨਾਂ ਮਿੰਟਾਂ 'ਚ, ਉਹ ਸਾਰੀ ਦੁਖਦਾਈ ਗੱਲ ਦੱਸ ਦਿੱਤੀ ਸੀ, ਜਿਹੜੀ ਗੱਲ ਮੈਨੂੰ ਹਰਪਾਲ ਨੇ ਦੱਸੀ ਸੀ। ਇਹ ਗੱਲ ਸੁਣਕੇ, ਗੁਰਮੀਤ ਦੇ ਚਿਹਰੇ ਤੇ ਸਹਿਮ ਜਾਂ ਘਬਰਾਹਟ ਦਾ ਇਕ ਵੀ ਚਿੰਨ੍ਹ ਨਹੀਂ ਸੀ ਉਭਰਿਆ। ਪਰ ਗੰਭੀਰਤਾ ਜ਼ਰੂਰ ਛਾ ਗਈ ਸੀ। ਉਹ ਇਕ ਦੋ ਪਲ ਚੁੱਪ ਰਹਿਣ ਬਾਦ, ਗੰਭੀਰਤਾ ਭਰੀ ਮੁਸਕਰਾਹਟ ਡੋਲ੍ਹਦਾ ਬੋਲਿਆ ਸੀ,

'ਫਿਰਕੂ ਜਨੂੰਨ ਦਾ ਨਸ਼ਾ ਕਿਰਣ, ਇਹੋ ਜਿਹਾ ਹੁੰਦੈ...ਜਨੂੰਨ ਨਾਲ ਅੰਨ੍ਹੇ ਹੋਏ ਮਨੁੱਖ ਨੂੰ ਸੱਚ ਈ, ਕੌੜੇ ਅੱਕ ਵਰਗਾ ਲੱਗਦੈ! ਚੱਲੋ! ਖੈਰ!'

ਗੁਰਮੀਤ ਦੀ 'ਚੱਲੋ-ਖ਼ੈਰ' ਮੈਨੂੰ ਚੰਗੀ ਨਹੀਂ ਸੀ ਲੱਗੀ ਤੇ ਮੈਂ ਇਤਰਾਜ਼
ੀ ਆਵਾਜ਼ 'ਚ ਆਖਿਆ, 'ਭਾਈ ! ਖਾਲੀ ਹੱਥ ਨਾ ਰਿਹਾ ਕਰੋ । ਥੋੜੀ ਚੱਲੋ-
ੇ ਨੇ ਫੇਰ ਕੁਝ ਨਹੀਂ ਖੋਹਣਾ, ਜੇ ਉਹਨਾਂ ਨੇ ਤੁਹਾਡੇ ਤੇ ਹਮਲਾ ਕਰ ਦਿੱਤਾ।'

'ਆਪਣੀ ਪਾਰਟੀ ਦੀ ਪਾਲਸੀ, ਉਨ੍ਹਾਂ ਨਾਲ ਟਕਰਾਉਣ ਦੀ ਨਹੀਂ
ਰਣ।'

'ਆਪਦਾ ਬਚਾਅ ਤਾਂ ਚਾਹੀਦੈ ?'

'ਬਚਾਅ ਤਾਂ ਚਾਹੀਦਾ ਈ ਐ।'

'ਬਚਾਅ ਤਾਂ ਚਾਹੀਦਾ ਈ ਐ।' ਗੁਰਮੀਤ ਫੇਰ ਮੁਸਕਰਾਉਂਦਾ ਹੋਇਆ
ਲਿਆ ਸੀ, 'ਜੇ ਉਹ ਹਮਲਾ ਕਰਨਗੇ ਤੇ ਆਪਣੇ ਕਿਹੜਾ ਮੂਹਰਿਉਂ ਚੂੜੀਆਂ
ਈਆਂ ਨੇ'। ਸਾਡੇ ਦੋਹਾਂ ਵਿਚਕਾਰ ਇਹ ਗੱਲ ਕੁੱਝ ਮਿੰਟ ਹੋਰ ਚਲਦੀ ਰਹੀ।
ਨੇ ਨੂੰ ਮਾਤਾ ਜੀ ਚਾਹ ਲੈ ਆਏ ਸਨ। ਅਸੀਂ ਚਾਹ ਪੀਂਦੇ-ਪੀਂਦੇ ਗੁਰਮੀਤ
ਘਰ ਪੁਲੀਸ ਦੇ ਪਏ ਛਾਪੇ ਬਾਰੇ ਗੱਲਾਂ ਕਰਨ ਲੱਗ ਪਏ ਸਾਂ। ਮੇਰੇ ਸਵਾਲ
ਜੁਆਬ 'ਚ ਗੁਰਮੀਤ ਨੇ ਦੱਸਿਆ ਸੀ ਕਿ ਕਮਿਉਨਿਸਟ ਇਨਕਲਾਬੀ
ਕਤਾਂ ਨੂੰ ਸਰਕਾਰ ਫਿਰਕੂ ਤਾਕਤਾਂ ਨਾਲ ਰੱਲ-ਗੱਡ ਇਸੇ ਕਰਕੇ ਕਰ ਰਹੀ ਹੈ,
ਉਂਕਿ ਕਮਿਉਨਿਸਟ ਇਨਕਲਾਬੀ ਨਿਧੜੱਕ ਹੋ ਕੇ, ਸਰਕਾਰ ਦੀ 'ਪਾੜੋ ਅਤੇ
ਜ ਕਰੋ' ਨੀਤੀ ਦੀ ਕੁੱਖੋਂ ਭੜਕ ਰਹੀ ਫਿਰਕਾਪ੍ਰਸਤੀ ਨੂੰ ਨੰਗੀ ਕਰ ਰਹੇ
। ਮੈਂ ਕੁਝ ਮਿੰਟ ਹੋਰ ਠਹਿਰਨ ਬਾਦ,ਸਕੂਲ ਤੋਂ ਲੇਟ ਹੋ ਜਾਣ ਬਾਰੇ ਸੋਚ ਕੇ,
ਪਿਸ ਮੁੜ ਆਈ ਸਾਂ।

ਗੁਰਮੀਤ ਤਾਂ ਸਰਕਾਰ ਅਤੇ ਫਿਰਕੂ ਜਨੂੰਨੀਆਂ ਦੇ ਹੋਣ ਵਾਲੇ ਹਮਲਿਆਂ
ਸੁਚੇਤ ਹੋ ਗਿਆ...ਪਰ ਅਫਸੋਸ ਹਰਪਾਲ ਸੁਚੇਤ ਨਾ ਹੋ ਸਕਿਆ। ਉਹ
ੇ ਦੇ ਖੂਨੀ ਪੰਜਿਆਂ ਦਾ ਸ਼ਿਕਾਰ ਬਣ ਈ ਗਿਆ। ਇਹ ਸਾਰੀ ਦੁਖਦਾਇਕ
ੋ ਮੈਂ ਤੁਹਾਨੂੰ ਦੱਸਦੀ ਆਂ। ਹੁਣ ਫੇਰ ਮੇਰੇ ਦਿਲ ਚੋਂ ਲਾਟ ਜਿਹੀ ਨਿਕਲਣ
ੇ ਪਈ। ਆਹ ! ਜੱਗ ਪਾਣੀ ਵਾਲਾ ਮੇਰੇ ਵੱਲ ਕਰਿਓ।...

ਹਰਪਾਲ ਦੀ ਇਹ ਗੱਲ ਸੁਣਕੇ ਮੇਰਾ ਦਿਲ ਧੜਕ ਗਿਆ ਸੀ, ਕਿਉਂਕਿ
ਸ ਸਮੇਂ ਹਰਿਮੰਦਰ ਸਾਹਿਬ 'ਚ ਵੀ ਕਤਲੋ-ਗਾਰਤ ਸ਼ੁਰੂ ਹੋ ਚੁੱਕੀ ਸੀ।
ਰਮ-ਦਲੀਏ ਸਿੱਖ ਸੰਤ ਦੇ ਬਹੁਤ ਈ ਨੇੜਲੇ ਪੈਰੋਕਾਰ ਸੁਰਿੰਦਰ ਸਿੰਘ ਦਾ,
ਬਰ ਖਾਲਸਾ ਦਲ ਦੇ ਪੈਰੋਕਾਰ ਸ਼ਿੰਦੇ ਅਤੇ ਬਲਜੀਤ ਕੌਰ ਨੇ ਕਤਲ ਕਰ ਦਿੱਤਾ
। ਥੋੜ੍ਹੇ ਦਿਨਾਂ ਬਾਦ ਈ ਗਰਮਦਲੀਏ ਸਿੱਖ ਸੰਤਾਂ ਦੇ ਪੈਰੋਕਾਰਾਂ ਨੇ, ਸ਼ਿੰਦੇ
ਤੇ ਬਲਜੀਤ ਕੌਰ ਨੂੰ ਕਤਲ ਕਰ ਦਿੱਤਾ ਸੀ। ਜਦੋਂ ਇਹੋ ਜਿਹੀਆਂ ਘਟਨਾਵਾਂ
ਰਿਮੰਦਰ ਸਾਹਿਬ 'ਚ ਘਟ ਰਹੀਆਂ ਸਨ ਤਾਂ ਉਦੋਂ ਇੰਦਰਾ ਗਾਂਧੀ ਦਾ ਪੁੱਤਰ
ਜੀਵ ਗਾਂਧੀ ਜਿਹੜਾ ਭਾਰਤੀ ਇੰਦਰਾ ਕਾਂਗਰਸ ਦਾ ਪਰਧਾਨ ਵੀ ਸੀ, ਪੰਜਾਬ
ਆਇਆ ਸੀ ਤੇ ਉਸਨੇ ਗਰਮਦਲੀਏ ਸਿੱਖ ਸੰਤ ਬਾਰੇ ਬੋਲਦਿਆਂ ਆਖਿਆ ਸੀ
—'ਸੰਤ ਜੀ ਮਹਾਨ ਧਾਰਮਿਕ ਸ਼ਖ਼ਸੀਅਤ ਹੈ।' ਰਾਜੀਵ ਗਾਂਧੀ ਦੇ ਇਹਨਾਂ
ਬਦਾਂ ਦਾ, ਹਰਿਮੰਦਰ ਸਾਹਿਬ 'ਚ ਵਾਪਰ ਰਹੀਆਂ ਘਟਨਾਵਾਂ, ਮੈਨੂੰ ਮੂੰਹ
ੜਾਉਂਦੀਆਂ ਜਾਪੀਆਂ ਸਨ। ਇਸ ਸਾਰੇ ਕੁਝ ਨੂੰ ਮਹਿਸੂਸ ਕਰਦੀ, ਮੈਂ
ਰਪਾਲ ਨੂੰ ਆਖ ਗਈ ਸਾਂ,

'ਹੁਣ ਭਲਾ ! ਅਮ੍ਰਿਤਸਰ ਦੇ ਦਰਸ਼ਨ ਕਰਨ ਦਾ ਸਮਾਂ ਏ ? ਹੁਣ ਤਾਂ
ਰਿਮੰਦਰ ਸਾਹਿਬ ਸਿੱਖਾਂ ਦੀ ਆਪਸੀ ਲੜਾਈ ਦਾ ਖਾੜਾ ਬਣਿਆ ਹੋਇਐ।'

'ਉਸ ਲੜਾਈ ਨਾਲ ਗੁਰਬਚਨ, ਅਕਾਲੀ ਦਲ ਦਾ ਕੋਈ ਸਬੰਧ
ਹੀਂ...।' ਅੰਬ ਦੀ ਚੂਸੀ ਫਾੜੀ ਦਾ ਛਿਲਕ ਸਿੱਟਦੇ ਹਰਪਾਲ ਨੇ ਮੈਨੂੰ
ੱਸਿਆ ਸੀ—'ਅਕਾਲੀ ਦਲ ਤਾਂ ਐਤਕੀ, ਹਰਿਮੰਦਰ ਸਾਹਿਬ 'ਚ ਸ੍ਰੀ ਗੁਰੂ
ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਬੜੀ ਧੂਮ-ਧਾਮ ਨਾਲ ਮਨਾ ਰਿਹੈ।
ਗਰਾਮ ਵੇਖਣ ਵਾਲਾ ਹੋਊ।'

ਮੈਂ ਉਸ ਨੂੰ ਅਮ੍ਰਿਤਸਰ ਜਾਣ ਤੋਂ ਰੋਕਣ ਲਈ ਜ਼ੋਰ ਲਾਉਣ ਲੱਗ ਪਈ
, ਪਰ ਉਹ ਵਾਰ-ਵਾਰ ਇਹੋ ਜਵਾਬ ਦਿੰਦਾ ਰਿਹਾ ਸੀ,

'ਅਕਾਲੀ ਦਲ ਦੇ ਯੂਥ ਵਿੰਗ ਦਾ, ਜ਼ਿਲ੍ਹਾ ਸਕੱਤਰ ਹੋਣ ਦੇ ਨਾਤੇ
ਗੁਰਬਚਨ, ਮੇਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਸਮਾਗਮ 'ਤੇ ਪਹੁੰਚਣਾ
ਅਤਿਅੰਤ ਜ਼ਰੂਰੀ ਐ।'

ਮੈਂ ਉਸ ਨੂੰ ਰੋਕ ਨਾ ਸਕੀ। ਮੈਨੂੰ ਬੈਠੀ-ਬੈਠੀ ਨੂੰ, ਉਸ ਦਿਨ ਇਉਂ
ਮਹਿਸੂਸ ਹੋਣ ਲੱਗ ਪਿਆ ਸੀ, ਜਿਵੇਂ ਕੁਝ ਮਿੰਟ ਪਹਿਲਾਂ, ਪੱਖੇ ਦੀ ਆ ਰਹੀ

ਠੰਢੀ ਹਵਾ, ਬਾਦ 'ਚ ਤੱਤੀ-ਤੱਤੀ ਹਵਾ 'ਚ ਵੱਟ ਗਈ ਸੀ। ਹੱਥ ਵਿਚਲੀ ਕਲਮੀ ਅੰਬ ਦੀ ਫਾੜੀ, ਮਿੱਠੀ ਹੋਣ ਤੇ ਵੀ, ਖੱਟੀ ਲੱਗਣ ਲੱਗ ਪਈ ਸੀ ਤੇ ਕੁਝ, ਮੇਰੇ ਦਿਲ ਨੂੰ ਖੁਰਚਣ ਲੱਗ ਪਿਆ ਸੀ। ਮੈਂ ਇਹ ਸਭ ਕੁਝ ਬਾਰੇ ਹਰਪਾਲ ਨੂੰ ਵੀ ਦੱਸ ਦਿੱਤਾ ਸੀ। ਹਰਪਾਲ ਹੱਸਦਾ ਹੱਸਦਾ ਆਖ ਗਿਆ ਸੀ,

'ਗੁਰਬਚਨ! ਤੂੰ ਇਉਂ ਕਿਉਂ ਗੀਂ...ਗੀਂ ਜੇ ਕਰਦੀ ਐਂ, ਫੇਰ ਵੀ ਸਵਰਨ ਨਕਸਲਵਾੜੀਏ ਦੀ ਭੈਣ ਐਂ ਤੂੰ...?'

'ਭੈਣ ਤਾਂ ਮੈਂ ਸਵਰਨ ਦੀ ਈ ਆਂ...ਪਰ ਗੀਂ...ਗੀਂ ਮੈਂ ਇਸ ਕਰਕੇ ਕਰਦੀ ਆਂ ਕਿ ਤੁਸੀਂ ਐਵੇਂ ਵਾਧੂ ਖਤਰਾ ਸਹੇੜ ਰਹੇ ਹੋ।'

'ਅੱਛਾ! ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਤੇ ਪਹੁੰਚਣ ਨੂੰ ਤੂੰ ਵਾਧੂ ਖਤਰਾ ਸਮਝਦੀ ਐ?'

ਉਸਦਾ ਇਹ ਸਵਾਲ ਮੇਰੀ ਜ਼ਮੀਰ ਨੂੰ ਬਿਜਲੀ ਦੇ ਕਰੰਟ ਵਾਂਗ ਜਾ ਵੱਜਿਆ ਸੀ ਤੇ ਮੈਂ ਹੀਣਤਾ ਜਿਹੀ ਮਹਿਸੂਸ ਕਰਦੀ ਆਖ ਗਈ ਸਾਂ,

'ਨਹੀਂ, ਇਹ ਗੱਲ ਤਾਂ ਨਹੀਂ।'

ਮੇਰੇ ਜੁਆਬ ਅੰਦਰਲੀ ਬੇਵੱਸੀ ਨੇ, ਉਸ ਦੀ, ਅੰਮ੍ਰਿਤਸਰ ਜਾਣ ਦੀ ਜ਼ਿੰਦ ਹੋਰ ਪੱਕੀ ਕਰ ਦਿੱਤੀ ਸੀ।—ਤੇ ਉਸ ਨੇ ਉੱਦਣ ਵਾਲੇ ਦਿਨ ਤੋਂ ਪੂਰੇ ਪੰਦਰਾਂ ਦਿਨ ਬਾਦ, ਸਿਰ 'ਤੇ ਨੀਲੀ ਪੱਗ, ਅਕਾਲੀ ਲੀਡਰਾਂ ਵਾਲੇ ਸਟਾਈਲ ਨਾਲ ਬੰਨ੍ਹੀ ਸੀ। ਚਿੱਟੀ ਟੈਰੀਕਾਟ ਦਾ ਪ੍ਰੈਸ ਕੀਤਾ ਕਮੀਜ਼-ਪਜਾਮਾ ਪਹਿਨਿਆਂ ਸੀ। ਕਮੀਜ਼ ਦੇ ਹੇਠਦੀ, ਛੋਟੀ ਕ੍ਰਿਪਾਨ ਵਾਲਾ ਗਾਤਰਾ ਪਾਇਆ ਸੀ। ਪਲਾਸਟਿਕ ਦੇ ਬਰੀਕ ਦੰਦਿਆਂ ਵਾਲੇ ਕੰਘੇ ਨਾਲ ਆਪਣੀ ਲੰਮੀ ਦਾੜ੍ਹੀ ਅਤੇ ਮੁੱਛਾਂ, ਸ਼ੀਸ਼ੇ ਮੂਹਰੇ ਖੜਕੇ ਵਾਰ ਵਾਰ ਵਾਹੁੰਦਿਆਂ ਅਕਾਲੀ ਲੀਡਰਾਂ ਵਾਲੇ ਸਟਾਇਲ 'ਚ ਬਣਾਈਆਂ ਫਬਾਈਆਂ ਸਨ। ਮੋਢੇ ਪਾਉਣ ਵਾਲੇ ਏਅਰ-ਬੈਗ 'ਚ ਜਪੁਜੀ ਸਾਹਿਬ ਦਾ ਗੁਟਕਾ, ਤੌਲੀਆ, ਕਛਹਿਰਾ ਤੇ ਸੁਰਮਈ ਰੰਗ ਦਾ ਕਮੀਜ਼-ਪਜਾਮਾ ਤਹਿ ਮਾਰ ਕੇ ਪਾਇਆ ਸੀ। ਤਿਆਰ-ਬਰ-ਤਿਆਰ ਹੋਣ ਤੋਂ ਬਾਦ ਉਸ ਨੇ ਅਮਰਦੀਪ ਨੂੰ ਛਾਤੀ ਨਾਲ ਲਾ ਕੇ ਪਿਆਰ ਦਿੱਤਾ ਸੀ, ਮੇਰੀਆਂ ਅੱਖਾਂ ਦੀਆਂ ਡੂੰਘਾਈਆਂ 'ਚ, ਇਕ ਪਲ ਮੋਹ ਨਾਲ ਤਕਿਆ ਸੀ ਤੇ ਏਅਰ ਬੈਗ ਚੁੱਕ, ਮੋਢੇ ਪਾਇਆ ਸੀ। ਉਸ ਨੇ, ਤੁਰਦੇ ਨੇ ਆਖਿਆ ਸੀ...

'ਗੁਰਬਚਨ! ਤੈਨੂੰ ਤੇ ਸਤਨਾਮ ਨੂੰ ਛੱਡ ਕੇ ਮੇਰਾ ਜਾਣ ਨੂੰ ਦਿਲ ਤਾਂ

ਨਹੀਂ ਕਰਦਾ, ਪਰ ਮੈਨੂੰ ਮਜਬੂਰੀ 'ਚ ਜਾਣਾ ਪੈ ਰਿਹਾ ਐ—ਖ਼ੈਰ! ਕੋਈ ਗੱਲ ਨਹੀਂ.. ਤੂੰ ਐਵੇਂ ਪਿਛੋਂ ਫਿਕਰ ਨਾ ਕਰੀ ਜਾਈਂ। ਮੈਂ ਬੱਸ ਚੌਥੇ ਨੂੰ ਇਥੇ ਖੜਾਂ..' ਤੇ ਉਹ ਤੁਰ ਗਿਆ ਸੀ।

ਉਸ ਦੇ ਤੁਰ ਜਾਣ ਤੋਂ ਕੁਝ ਘੰਟੇ ਬਾਦ ਹੀ ਗੁਰਮੀਤ ਆ ਗਿਆ ਸੀ। ਉਸ ਨੂੰ ਜਦ ਮੈਂ ਹਰਪਾਲ ਦੇ ਅੰਮ੍ਰਿਤਸਰ ਜਾਣ ਬਾਰੇ ਦੱਸਿਆ ਸੀ ਤਾਂ ਉਹ ਵੀ ਇਕ ਤਰ੍ਹਾਂ ਫਿਕਰ ਜਿਹੇ 'ਚ ਡੁੱਬ ਗਿਆ ਸੀ। ਮੇਰੇ ਅਤੇ ਅਮਰਦੀਪ ਦੇ, ਇਕੱਲੇ ਰਹਿਣ ਨੂੰ ਭਾਂਪ ਕੇ, ਉਸ ਨੇ ਮਾਤਾ ਜੀ ਸਾਡੇ ਘਰ ਭੇਜ ਦਿੱਤੇ ਸੀ ਮਾਤਾ ਜੀ, ਰਾਤ ਨੂੰ ਵੱਡੀ-ਵੱਡੀ ਰਾਤ ਤੱਕ, ਅਮਰਦੀਪ ਨੂੰ ਬਾਤਾਂ ਸੁਣਾਉਂਦੀ ਰਹਿੰਦੀ ਸੀ। ਮੈਂ ਰੇਡੀਓ ਸਟੇਸ਼ਨ ਤੋਂ ਸ਼ਾਮ ਦੇ ਅੱਠ-ਵਜੇ ਦੀਆਂ ਖ਼ਬਰਾਂ ਸੁਣਨ ਬਾਦ ਬਾਈ ਗੁਰਮੀਤ ਦੀ ਦਿੱਤੀ ਹੋਈ ਪੁਸਤਕ 'ਸੂਰਮੇ ਦੀ ਸਿਰਜਣਾ' ਪੜ੍ਹਨ ਲੱਗ ਜਾਂਦੀ ਸਾਂ।

ਉਸ ਸ਼ਾਮ ਮਾਤਾ ਜੀ ਅਤੇ ਅਮਰਦੀਪ ਗਲੇ ਆਪਣੇ ਬਿਸਤਰੇ ਤੇ ਪੈਣ ਦੀ ਤਿਆਰੀ ਈ ਕਰ ਰਹੇ ਸਨ ਜਿਸ ਸ਼ਾਮ ਰੇਡੀਓ ਦੱਸਣ ਲੱਗਿਆ ਸੀ ਕਿ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨੇ ਐਲਾਨ ਕੀਤਾ ਹੈ ਕਿ ਪੰਜਾਬ ਦੇ ਸਿੱਖਾਂ ਦਾ ਅੰਦੋਲਨ, ਨਰਮ ਖਿਆਲੀਏ ਸਿੱਖ ਸੰਤਾਂ ਦੀ ਅਗਵਾਈ ਹੇਠੋਂ ਨਿਕੱਲਕੇ ਗਰਮ ਖਿਆਲੀ ਸਿੱਖ ਸੰਤ ਦੀ ਅਗਵਾਈ ਹੇਠ ਚਲਾ ਗਿਆ ਹੈ, ਜਿਸ ਕਾਰਨ ਪੰਜਾਬ 'ਚ ਹਿੰਦੂ ਫਿਰਕੇ ਦੇ ਲੋਕਾਂ ਦੀ ਜਾਨ ਮਾਲ, ਖਤਰੇ 'ਚ ਪੈ ਗਿਆ ਹੈ। ਇਸ ਖਤਰੇ ਨੂੰ ਮੁੱਖ ਰਖਦਿਆਂ, ਗਰਮਦਲੀਲੇ ਸਿੱਖ ਸੰਤ ਨੂੰ ਅਤੇ ਉਹਨਾਂ ਦੇ ਪੈਰੋਕਾਰਾਂ ਨੂੰ, ਹਰਿਮੰਦਰ ਸਾਹਿਬ 'ਚੋਂ ਬਾਹਰ ਕੱਢਣਾ ਜ਼ਰੂਰੀ ਬਣ ਗਿਆ ਹੈ। ਸਿੱਖ ਅੱਤਵਾਦੀ, ਪੰਜਾਬ ਦੇ ਦੂਸਰੇ ਗੁਰਦਵਾਰਿਆਂ 'ਚ ਵੀ ਛੁਪੇ ਹੋਏ ਸਨ। ਇਸ ਕਰਕੇ ਸਾਰੇ ਪੰਜਾਬ ਨੂੰ ਮਿਲਟਰੀ ਦੇ ਹਵਾਲੇ ਕੀਤਾ ਜਾ ਰਿਹਾ ਹੈ। ਹਰਿਮੰਦਰ ਸਾਹਿਬ ਅਤੇ ਪੰਜਾਬ ਦੇ ਦੂਸਰੇ ਗੁਰਦਵਾਰਿਆਂ ਦੀ, ਮਿਲਟਰੀ ਨੇ ਪੂਰਨ ਤੌਰ ਤੇ ਨਾਕਾਬੰਦੀ ਕਰ ਲਈ ਹੈ।

ਰੇਡੀਓ ਦੀਆਂ ਖ਼ਬਰਾਂ ਸੁਣਦਿਆਂ ਮੈਨੂੰ ਇਉਂ ਜਾਪਣ ਲੱਗ ਪਿਆ ਸੀ, ਜਿਵੇਂ ਕਮਰੇ 'ਚ ਜਗ ਰਹੇ ਬਲਬ ਦੀ ਦੁਧੀਆ ਰੋਸ਼ਨੀ, ਹਨ੍ਹੇਰੇ 'ਚ ਵੱਟਣ ਲੱਗ ਪਈ ਸੀ। ਸਾਡੇ ਮੰਜਿਆਂ ਦੇ ਸਿਰਹਾਣੇ ਪਏ, ਮੇਜ ਉੱਤਲੇ ਪੱਖੇ ਦੀ ਹਵਾ ਜੇਠ-ਹਾੜ ਦੀ ਲੂ ਬਣਨੀ ਸ਼ੁਰੂ ਹੋ ਗਈ ਸੀ ਤੇ ਕਮਰੇ ਦੀ ਛੱਤ ਸਾਡੇ

ਉੱਪਰ ਡਿੱਗੂੰ ਡਿੱਗੂੰ ਕਰਨ ਲੱਗ ਪਈ ਸੀ। ਇਸ ਹਾਲਤ 'ਚ ਘਿਰੀ ਹੋਣ ਦੇ ਬਾਵਜੂਦ ਲੱਗ ਪਿਆ ਸੀ ਕਿ ਗਰਮ ਦਲੀਏ ਸੰਤ ਨੇ ਐਲਾਨ ਕੀਤਾ ਹੈ ਕਿ ਉਹ ਅਤੇ ਉਸਦੇ ਪੈਰੋਕਾਰ ਫੌਜ ਸਾਹਮਣੇ ਆਤਮ ਸਮਰਪਣ ਨਹੀਂ ਕਰਨਗੇ।... ਉਹ ਅਤੇ ਉਸਦਾ, ਇਕ-ਇਕ ਪੈਰੋਕਾਰ, ਆਖਰੀ ਦਮ ਤੱਕ ਲੜਦਾ-ਲੜਦਾ ਕੱਟ ਮਰੇਗਾ।... ਸਰਕਾਰ ਨੇ ਪੰਜਾਬ ਦੇ ਬਾਹਰੋਂ ਅਤੇ ਅੰਦਰੋਂ ਆਵਾਜਾਈ ਅਤੇ ਸੰਚਾਰ ਦੇ ਸਾਰੇ ਸਾਧਨ ਤੋੜ ਦਿੱਤੇ ਹਨ। ਵਿਦੇਸ਼ੀ ਪੱਤਰਕਾਰਾਂ ਨੂੰ ਅਮ੍ਰਿਤਸਰ ਵਿਚੋਂ ਕੱਢ ਕੇ ਦਿੱਲੀ ਪਹੁੰਚਾ ਦਿੱਤਾ ਗਿਆ ਹੈ, ਸਾਰੇ ਪੰਜਾਬ 'ਚ ਕਰਫਿਊ ਲਾ ਦਿੱਤਾ ਗਿਆ ਹੈ। ਖੱਚਰ, ਰੇਹੜੀ ਤੇ ਸਾਈਕਲ ਵੀ ਨਹੀਂ ਚੱਲ ਸਕੇਗੀ।...

ਰੇਡੀਓ ਦੀਆਂ ਖ਼ਬਰਾਂ ਨੇ, ਮੈਨੂੰ ਤਾਂ ਫਿਕਰ 'ਚ ਪਾਉਣਾ ਹੀ ਪਾਉਣਾ ਸੀ, ਮਾਤਾ ਜੀ ਦੇ ਚਿਹਰੇ ਦੀਆਂ ਝੁਰੜੀਆਂ ਵੀ ਚਿੰਤਾ ਨਾਲ ਭਰ ਗਈਆਂ ਸਨ। ਸਾਡੇ ਵੱਲ ਤੱਕਦਾ, ਅਮਰਦੀਪ ਵੀ ਭੈ-ਭੀਤ ਹੋ ਗਿਆ ਸੀ। ਮੈਂ ਅਤੇ ਮਾਤਾ ਜੀ ਅਫਸੋਸੀ ਅਤੇ ਦੁੱਖ ਭਰੀ ਆਵਾਜ਼ 'ਚ ਵੱਡੀ ਰਾਤ ਤੱਕ ਗੱਲਾਂ ਕਰਦੀਆਂ ਰਹੀਆਂ ਸੀ | 'ਪਤਾ ਨਹੀਂ ਹੁਣ ਪੰਜਾਬ ਦਾ ਕੀ ਬਣੂ' 'ਪਤਾ ਨਹੀਂ ਹਰਪਾਲ ਹਰਿਮੰਦਰ ਸਾਹਿਬ 'ਚ ਕਿਵੇਂ ਹੋਊ ..' ਉਸ ਨਾਲ ਕੀ ਵਾਪਰ ਰਹੀ ਹੋਊ' 'ਹੋ ਸਕਦੈ ਉਹ ਹਰਿਮੰਦਰ ਸਾਹਿਬ ਤੋਂ ਬਾਹਰ ਹੀ ਆ ਗਿਆ ਹੋਵੇ, ਮਿਲਟਰੀ ਦੇ ਨਾਕਾਬੰਦੀ ਕਰਨ ਤੋਂ ਪਹਿਲਾਂ' ਸਾਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਮਾਤਾ ਜੀ ਦੀ ਤਾਂ ਅੱਖ ਲੱਗ ਗਈ ਸੀ ਤੇ ਅਮਰਦੀਪ ਵੀ ਸੌਂ ਗਿਆ ਸੀ। ਪਰ ਮੇਰੀ ਅੱਖ ਨਹੀਂ ਸੀ ਲੱਗ ਰਹੀ। ਮੇਰੇ ਦਿਮਾਗ 'ਚ ਹੋਰ ਹੀ ਭੈੜੇ-ਭੈੜੇ ਖ਼ਿਆਲ ਚੱਕਰ ਕੱਟਣ ਲੱਗ ਪਏ ਸਨ। ਇਹਨਾਂ ਭੈੜੇ ਭੈੜੇ ਖ਼ਿਆਲਾਂ 'ਚ ਘਿਰੀ ਦੀ ਮੇਰੀ ਜਾ ਕੇ ਕਿਤੇ ਰਾਤ ਦੇ ਪਿਛਲੇ ਪਹਿਰ ਅੱਖ ਮਿਚੀ ਸੀ ਤੇ ਮੈਂ ਸੁਪਨੇ 'ਚ ਵੇਖਣ ਲੱਗ ਪਈ ਸਾਂ, ਜਿਵੇਂ ਇਕ ਸੋਨੇ ਦੀ ਕੁਰਸੀ ਹੋਵੇ। ਉਸ ਕੁਰਸੀ ਵੱਨੀ, ਹਰਪਾਲ ਜਿਉਂ ਜਿਉਂ ਭੱਜ ਰਿਹਾ ਹੋਵੇ, ਤਿਉਂ ਤਿਉਂ ਸੋਨੇ ਦੀ ਕੁਰਸੀ ਪਿੱਛੇ ਨੂੰ ਰੁੜ੍ਹਦੀ ਜਾ ਰਹੀ ਹੋਵੇ। ਕੁਰਸੀ ਅਤੇ ਹਰਪਾਲ 'ਚ ਇਹ ਸਿਲਸਿਲਾ ਲੰਮਾਂ ਸਮਾਂ ਚਲਦਾ ਰਿਹਾ ਹੋਵੇ। ਫਿਰ ਹਰਪਾਲ ਦਾ ਸਾਹ ਨਾਲੋਂ ਸਾਹ ਰਲਣੋਂ ਹਟ ਗਿਆ ਹੋਵੇ। ਉਸ ਦੀ ਜੀਭ ਬਾਹਰ ਨਿਕਲ ਆਈ ਹੋਵੇ ਤੇ ਉਹ ਉਚੀ ਉਚੀ 'ਪਾਣੀ ਪਾਣੀ' ਦੀ

ਦੁਹਾਈ ਪਾਉਣ ਲੱਗ ਪਿਆ ਹੋਵੇ।...ਉਸ ਦੀ ਇਸ ਦੁਹਾਈ ਦੇ ਨਾਲ ਈ, ਸੂਰਜ ਇਕ ਦਮ ਘਨਘੋਰ ਬੱਦਲਾਂ ਦੀਆਂ ਘਟਾਵਾਂ ਨੇ ਆਪਣੀ ਲਪੇਟ 'ਚ ਲੈ ਲਿਆ ਹੋਵੇ ਤੇ ਚਾਰੇ ਪਾਸੇ ਹਨੇਰਾ ਈ ਹਨੇਰਾ ਛਾ ਗਿਆ ਹੋਵੇ। ਹਰਪਾਲ ਦੀ 'ਪਾਣੀ ਪਾਣੀ' ਦੀ ਆਵਾਜ਼ ਚੀਕਾਂ 'ਚ ਵਟ ਗਈ ਹੋਵੇ...ਤੇ ਮੈਂ ਉਸ ਪਾਸੇ ਨੂੰ ਭੱਜਣ ਲਈ ਉੱਠਣ ਲੱਗੀ ਹੋਵਾਂ, ਜਿਸ ਪਾਸੇ ਵੰਨਿਉਂ ਹਰਪਾਲ ਦੀਆਂ ਚੀਕਾਂ ਦੀ ਆਵਾਜ਼ ਆ ਰਹੀ ਹੋਵੇ। ਪਰ ਮੇਰੇ ਸਾਰਾ ਤਾਣ ਲਾਉਣ 'ਤੇ ਵੀ ਮੈਥੋਂ ਉਠਿਆ ਨਾ ਜਾ ਰਿਹਾ ਹੋਵੇ ਅਤੇ ਨਾ ਈ ਮੇਰੇ ਮੂੰਹੋਂ ਆਵਾਜ਼ ਨਿਕਲ ਰਹੀ ਹੋਵੇ। ਮੇਰੀ ਹਾਲਤ ਅਤੇ ਹਰਪਾਲ ਦੀਆਂ ਚੀਕਾਂ 'ਤੇ ਕਿਸੇ ਅਜਨਬੀ ਜਿਹੀ ਸ਼ੈ ਦੀ, ਡਰਾਉਣੇ ਜਿਹੇ ਹਾਸੇ ਦੀ ਆਵਾਜ਼ ਸੁਣਾਈ ਦੇਣ ਲੱਗ ਪਈ ਹੋਵੇ...ਤੇ ਮੈਂ ਮੁੜ੍ਹਕੇ ਨਾਲ ਪਾਣੀਓ ਪਾਣੀ ਹੋ ਗਈ ਹੋਵਾਂ...ਮੇਰੀ ਉਚੀ ਸਾਰੀ ਚੀਕ ਨਿਕਲ਼ ਗਈ ਹੋਵੇ।

ਮੇਰਾ ਇਹ ਸੁਪਨਾ ਉਸ ਸਮੇਂ ਟੁੱਟਿਆ ਸੀ, ਜਿਸ ਸਮੇਂ ਮਾਤਾ ਜੀ ਨੇ ਮੇਰਾ ਮੋਢਾ ਹਲੂਣਦਿਆਂ ਆਖਿਆ ਸੀ,

'ਕੁੜੇ ਕਿਰਣ ! ਕੀ ਹੋ ਗਿਆ ਤੈਨੂੰ ਬੱਚਾ ?'

'ਕੁਝ ਨਹੀਂ ਹੋਇਆ ਮਾਂ ! ਬਸ ਮੈਨੂੰ ਦਬਾਅ ਆ ਗਿਆ ਸੀ', ਮੈਂ ਅੱਖਾਂ ਮਲਦੀ ਨੇ ਉੱਠ ਕੇ ਮਾਤਾ ਜੀ ਨੂੰ ਬੱਸ ਇੰਨਾ ਕੁ ਦਸਿਆ ਸੀ। ਸੁਪਨੇ ਬਾਰੇ ਉਸਨੂੰ ਦੱਸਣਾ ਠੀਕ ਨਹੀਂ ਸੀ ਸਮਝਿਆ। ਉਸ ਦਿਨ ਮੈਂ ਨਾ ਨਹਾਤੀ ਸੀ, ਨਾ ਕੇਸਾਂ 'ਚ ਕੰਘੀ ਫੇਰੀ ਸੀ ਤੇ ਨਾ ਈ ਕਪੜੇ ਬਦਲੇ ਸਨ। ਅਮਰਦੀਪ ਨੂੰ ਮਾਤਾ ਜੀ ਕੋਲ ਛੱਡ ਕੇ ਮੈਂ ਸਕੂਲ ਜਾਣ ਲਈ ਉੱਠ ਤੁਰੀ ਸਾਂ। ਬੀਹੀਆਂ ਅਤੇ ਸੜਕਾਂ 'ਤੇ ਇਕ ਤਰ੍ਹਾਂ ਕਾਂ ਈ ਪੈ ਰਹੇ ਸਨ। ਸੜਕ ਤੇ ਜਿਹੜੇ ਵੀ ਮੈਨੂੰ ਮਿਲੇ ਸਨ, ਉਹਨਾਂ ਦੇ ਚਿਹਰਿਆਂ ਉਤਲਾ ਸਹਿਮ ਮੈਨੂੰ ਸਾਫ਼ ਪ੍ਰਤੀਤ ਹੋਇਆ ਸੀ। ਸ਼ਹਿਰ ਦੇ ਚੌਕ 'ਚ ਖੜੇ ਮਿਲਟਰੀ ਵਾਲਿਆਂ ਨੇ, ਮੈਨੂੰ ਵਾਪਿਸ ਘਰ ਨੂੰ ਮੋੜ ਦਿੱਤਾ ਸੀ। ਮੈਂ ਹਾਲੇ ਆਪਣੇ ਘਰ ਦੇ ਬੂਹਿਓਂ ਅੰਦਰ ਈ ਹੋਈ ਸਾਂ ਕਿ ਇੰਨੇ ਨੂੰ ਸ਼ਹਿਰ ਦੀ ਸੜਕ ਵੰਨ੍ਹਿਓਂ ਸਪੀਕਰ ਰਾਹੀਂ ਅਣਮਿਥੇ ਸਮੇਂ ਲਈ ਲੱਗੇ ਕਰਫ਼ਿਊ ਦੀ ਸੂਚਨਾ ਮੈਨੂੰ ਆ ਮਿਲੀ ਸੀ। ਮੈਂ ਅਤੇ ਮਾਤਾ ਜੀ ਇਉਂ ਮਹਿਸੂਸ ਕਰਨ ਲੱਗ ਪਈਆਂ ਸਾਂ, ਜਿਵੇਂ ਅਸੀਂ ਘਰ ਦੇ ਅੰਦਰ ਈ ਜੇਲ੍ਹ ਕੀਤੀਆਂ ਗਈਆਂ ਸਾਂ। ਡਾਕੂਆਂ ਅਤੇ ਕਾਤਲਾਂ

ਦੀ ਹਕੂਮਤ ਨੇ, ਸਾਡੇ ਕੋਲੋਂ ਘਰੋਂ ਬਾਹਰ ਨਿਕਲਣ ਦੀ ਆਜ਼ਾਦੀ, ਉਧਾਰੀ ਦਿੱਤੀ ਚੀਜ਼ ਵਾਂਗ ਝਪਟ ਮਾਰ ਕੇ ਵਾਪਿਸ ਖੋਹ ਲਈ ਸੀ।

ਮੇਰੇ ਕੋਲ ਰੇਡੀਓ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ ਰਹਿ ਗਈ ਸੀ, ਜਿਸ ਨਾਲ ਬਾਹਰਲੀਆਂ ਹਾਲਤਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੀ ਸਾਂ। ਰੇਡੀਓ ਵੀ ਬਸ ਉਹੀ ਖ਼ਬਰਾਂ ਦਿੰਦਾ ਸੀ, ਜਿਹੜੀਆਂ ਖ਼ਬਰਾਂ ਦੇਣ 'ਚ ਸਰਕਾਰ ਨੂੰ ਇਤਰਾਜ਼ ਨਹੀਂ ਸੀ। ਮੈਂ ਕਮਰੇ 'ਚ ਡਹੇ ਮੰਜੇ ਤੇ ਪੂਣੀ ਕਰਕੇ ਰੱਖੇ ਬਿਸਤਰਿਆਂ ਦੀ ਢਿਗ ਨਾਲ, ਢੋਅ ਲਾ ਕੇ ਢੇਰੀ ਹੋਈ, ਆਪਣੇ ਕੰਨ ਨਾਲ ਟਰਾਂਜ਼ਿਸਟਰ ਲਾਈ ਬੈਠੀ ਸਾਂ। ਰੇਡੀਓ ਦੱਸ ਰਿਹਾ ਸੀ :

ਫੌਜ ਅਤੇ ਗਰਮ ਦਲੀਏ ਸਿੱਖ ਸੰਤ ਦੇ ਪੈਰੋਕਾਰਾਂ ਦਰਮਿਆਨ ਸਖ਼ਤ ਟੱਕਰ ਜਾਰੀ ਹੈ। ਦੋਹਾਂ ਪਾਸਿਆਂ ਵਲੋਂ ਗੋਲੀਆਂ ਲਗਾਤਾਰ ਚੱਲ ਰਹੀਆਂ ਹਨ। ਫੌਜ, ਸਿੱਖ-ਅੱਤਵਾਦੀਆਂ ਦਾ ਗੁਰਦੁਆਰਿਆਂ ਵਿਚੋਂ ਸਫਾਇਆ ਕਰਨ 'ਚ ਸਫਲ ਹੋ ਰਹੀ ਹੈ। ਫੌਜ ਇਹ ਸਫ਼ਲਤਾ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਭੋਰਾ ਭਰ ਵੀ ਨੁਕਸਾਨ ਪਹੁੰਚਾਏ ਤੋਂ ਬਿਨਾਂ ਪ੍ਰਾਪਤ ਕਰ ਰਹੀ ਹੈ। ਨਰਮਦਲੀਏ ਸੰਤ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਪਣੇ ਸੈਂਕੜੇ ਪੈਰੋਕਾਰਾਂ ਸਮੇਤ ਆਤਮ ਸਮੱਰਪਣ ਕਰ ਦਿੱਤਾ ਹੈ। ਗਰਮਦਲੀਏ ਸਿੱਖ ਸੰਤ ਦਾ ਹਾਲੇ ਤੱਕ ਕੋਈ ਪਤਾ ਨਹੀਂ ਲੱਗ ਰਿਹਾ। ਪਾਬੰਦੀਸ਼ੁਦਾ ਸਿੱਖ ਸੰਤ ਦਾ ਹਾਲ ਤੱਕ ਕੋਈ ਪਤਾ ਨਹੀਂ ਲੱਗ ਰਿਹਾ। ਪਾਬੰਦੀਸ਼ੁਦਾ ਸਿੱਖ ਸਟੂਡੈਂਟਸ ਯੂਨੀਅਨ ਦੇ ਇਕ ਆਗੂ ਨੇ ਵੀ ਆਤਮ ਸਮਰਪਣ ਕਰ ਦਿੱਤਾ ਹੈ।.. ਮੁਕਾਬਲਾ ਦੋਹਾਂ ਪਾਸਿਆਂ ਤੋਂ ਸਖ਼ਤ ਹੈ। ਪੰਜਾਬ ਦੇ ਦੂਸਰੇ ਗੁਰਦੁਆਰਿਆਂ ਵਿਚ ਵੀ ਫੌਜ, ਸਿੱਖ ਅੱਤਵਾਦੀਆਂ ਨੂੰ ਕੱਢਣ 'ਚ ਸਫਲਤਾ ਪ੍ਰਾਪਤ ਕਰ ਰਹੀ ਹੈ।...ਸਿੱਖ ਅੱਤਵਾ-ਦੀਆਂ ਕੋਲੋਂ ਨਵੀਨ ਕਿਸਮ ਦੇ ਹਥਿਆਰ ਮਿਲ ਰਹੇ ਹਨ। ਹਰਿਮੰਦਰ ਸਾਹਿਬ 'ਚੋਂ ਹਜ਼ਾਰਾਂ ਦੀ ਗਿਣਤੀ 'ਚ ਰਿਵਾਲਵਰ ਤੇ ਬੰਦੂਕਾਂ ਮਿਲ ਰਹੀਆਂ ਹਨ। ਸੈਂਕੜਿਆਂ ਦੀ ਗਿਣਤੀ 'ਚ ਲਾਈਟ ਮਸ਼ੀਨਗੰਨਾਂ ਅਤੇ ਰਾਕਟ ਮਿਲ ਰਹੇ ਹਨ। ਵਿਦੇਸ਼ੀ ਸਿੱਕਾ ਅਤੇ ਸੋਨਾਂ ਵੀ ਮਿਲ ਰਿਹਾ ਹੈ। ਪੰਜਾਬ 'ਚ ਪੂਰਨ ਤੌਰ ਤੇ ਅਮਨ-ਕਾਨੂੰਨ ਦੀ ਹਾਲਤ ਬਣੀ ਹੋਈ ਹੈ। ਸਾਰੇ ਪੰਜਾਬ 'ਚ ਕਰਫਿਊ ਅਣਮਿਥੇ ਸਮੇਂ ਲਈ ਜਾਰੀ ਹੈ।

ਰੇਡੀਓ ਦੀਆਂ ਇਹੋ ਜਿਹੀਆਂ ਖ਼ਬਰਾਂ ਤੋਂ ਮੈਂ ਅਤੇ ਮਾਤਾ ਜੀ ਅੰਦਾਜ਼ਾ

ਲਾਉਣ ਲੱਗ ਪਈਆਂ ਸੀ ਕਿ ਹਰਪਾਲ ਨੇ ਜਾਂ ਤਾਂ ਆਪਣੇ ਆਪ ਨੂੰ ਫੌਜ ਦੇ ਹਵਾਲੇ ਕਰ ਦਿੱਤਾ ਹੋਵੇਗਾ ਜਾਂ ਉਹ ਫੌਜ ਦੇ ਹੱਥੋਂ ਮਾਰਿਆ ਗਿਆ ਹੋਵੇਗਾ। ਅਮਰਦੀਪ ਅੱਡ ਮੇਰੀ ਜਿੰਦ ਖਾਣ ਲੱਗ ਪਿਆ ਸੀ,

'ਮੰਮੀ ! ਡੈਡੀ ਕਦੋਂ ਆਊਗਾ ! ਮੰਮੀ ਡੈਡੀ ਕਦੋਂ ਆਊਗਾ''...

ਮਾਤਾ ਜੀ, ਰਿਹਾੜ ਪਏ ਅਮਰਦੀਪ ਨੂੰ ਵਿਰਾਉਣ ਦਾ ਬਥੇਰਾ ਯਤਨ ਕਰ ਰਹੇ ਸਨ, ਪਰ ਉਹ ਆਪਣੀ ਰੱਟ ਲਾਈ ਈ ਜਾ ਰਿਹਾ ਸੀ। ਇਹੋ ਰੱਟ ਲਾਉਂਦਾ ਲਾਉਂਦਾ ਉਹ ਰਾਤ ਨੂੰ ਸੌਂਦਾ ਸੀ। ਫੇਰ ਇੱਕ ਸ਼ਾਮ ਮੈਂ ਰੇਡੀਓ ਸੁਣਿਆ :

ਗਰਮ ਦਲੀਏ ਸਿੱਖ ਸੰਤ, ਰਿਟਾਇਰਡ ਜਨਰਲ ਸੁਬੇਗ ਸਿੰਘ ਅਤੇ ਪਾਬੰਦੀ ਸ਼ੁਦਾ ਸਿੱਖ-ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਦੀਆਂ ਲਾਸ਼ਾਂ ਅਕਾਲ ਤਖਤ 'ਚੋਂ ਮਿਲ ਗਈਆਂ ਹਨ। ਤਹਿਖਾਨੇ 'ਚੋਂ ਹਾਲੇ ਵੀ ਗੋਲੀਆਂ ਦੀ ਆਵਾਜ਼ ਆ ਰਹੀ ਹੈ। ਫੌਜੀ ਐਕਸ਼ਨ ਹਾਲੇ ਵੀ ਜਾਰੀ ਹੈ। ਫੌਜ ਹਰਮਿੰਦਰ ਸਾਹਿਬ ਦੀ ਇਮਾਰਤ ਨੂੰ ਭੋਰਾ ਭਰ ਨੁਕਸਾਨ ਪਹੁੰਚਾਏ ਤੋਂ ਬਿਨਾਂ ਆਪਣਾ ਐਕਸ਼ਨ ਜਾਰੀ ਰੱਖ ਰਹੀ ਹੈ। ਸਰੋਵਰ 'ਚੋਂ ਵੀ ਅਸਲਾ ਮਿਲ ਰਿਹਾ ਹੈ। ਸਿੱਖ ਅੱਤਵਾਦੀਆਂ ਦੀ ਹਰਿਮੰਦਰ ਸਾਹਿਬ 'ਚ ਲਾਈ ਹਥਿਆਰ ਬਣਾਉਣ ਵਾਲੀ ਫੈਕਟਰੀ ਵੀ ਫੌਜ ਨੇ ਆਪਣੇ ਕਾਬੂ ਹੇਠ ਕਰ ਲਈ ਹੈ। ਸਾਰੇ ਪੰਜਾਬ 'ਚ ਅਮਨ ਕਾਨੂੰਨ ਦੀ ਹਾਲਤ ਨੂੰ ਬਣਾਈ ਰੱਖਣ ਲਈ, ਫੌਜ ਕਰੜੀ ਨਜ਼ਰ ਰੱਖ ਰਹੀ ਹੈ।

ਗਰਮਦਲੀਏ ਸਿੱਖ ਸੰਤ ਦੀਆਂ ਹਿੰਦੂਆਂ ਤੇ ਸਿੱਖਾਂ ਨੂੰ ਆਪਸ 'ਚ ਲੜਾਉਣ-ਮਰਵਾਉਣ ਵਾਲੀਆਂ ਕਾਰਵਾਈਆਂ ਨੂੰ ਮੈਂ ਹੁਣ ਵੀ ਗਲਤ ਸਮਝਦੀ ਰਹੀ ਹਾਂ। ਪਹਿਲਾਂ ਵੀ ਗ਼ਲਤ ਸਮਝਦੀ ਰਹੀ ਹਾਂ। ਪਰ ਇਸਦੇ ਬਾਵਜੂਦ, ਮੈਂ ਉਸਦੀ ਇਸ ਗੱਲ ਨੂੰ ਪਹਿਲਾਂ ਵੀ ਅਤੇ ਹੁਣ ਵੀ ਦਲੇਰੀ ਭਰੀ ਸਮਝਦੀ ਹਾਂ ਕਿ ਉਸਨੇ ਮਿਲਟਰੀ ਦੇ ਘੇਰੇ 'ਚ ਜਿਹੜੀ ਗੱਲ ਮੂੰਹੋਂ ਕੱਢੀ, ਉਹ ਤੋੜ ਤੱਕ ਸਿਰੇ ਲਾਈ।

ਉਸਨੇ ਅਤੇ ਉਸਦੇ ਸੱਚੇ-ਪੈਰੋਕਾਰਾਂ ਨੇ, ਆਪਣੀ ਸਿਦਕ ਨਹੀਂ ਹਾਰੀ। ਸੱਚ ਨਾਲ ਈ ਉਹ ਅੰਤਮ ਦਮ ਤੱਕ ਮਿਲਟਰੀ ਨਾਲ ਟੱਕਰ ਲੈਂਦੇ ਲੈਂਦੇ ਕੱਟ ਮਰੇ। ਨਰਮ ਦਲੀਆਂ ਵਾਂਗੂ ਸਰਕਾਰ ਦੀ ਫੌਜ ਸਾਹਮਣੇ ਆਤਮ ਸਮਰਪਣ ਨਹੀਂ ਕੀਤਾ।

—ਲਓ ! ਮੈਂ ਤਾਂ ਗਰਮਦਲੀਏ ਸੰਤ ਬਾਰੇ ਈ ਗੱਲਾਂ ਕਰਨ 'ਚ ਰੁੜ੍ਹ ਗਈ ਤੇ ਆਪਣੀ ਹੱਡ-ਬੀਤੀ ਵਿਚਕਾਰ ਈ ਛੱਡ ਗਈ। ਲਉ ! ਸੁਣੋ !! ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਤੋਂ ਪੰਜਵੇਂ ਦਿਨ, ਜਦ ਕਰਫਿਊ 'ਚ ਦੋ ਕੁ ਘੰਟਿਆਂ ਵਾਸਤੇ ਢਿੱਲ ਦਿੱਤੀ ਗਈ ਸੀ ਤਾਂ, ਸਿਰ ਤੇ ਪਰਨਾ ਵਲ੍ਹੇਟੀ ਅਤੇ ਹੱਥ 'ਚ ਦੁਧ ਵਾਲੀ ਵੱਡੀ ਢੋਲੀ ਲਮਕਾਈ, ਗੁਰਮੀਤ, ਬੀਹੀ ਵਾਲੇ ਬੂਹੇ 'ਚ ਖੜ ਕੇ ਪਲ੍ਹ ਭਰ ਲਈ ਖੱਬੇ-ਸੱਜੇ ਤੱਕ, ਸਾਡੇ ਘਰ 'ਚ ਫੁਰਤੀ ਜਿਹੀ ਨਾਲ ਦਾਖ਼ਲ ਹੋਇਆ ਸੀ। ਉਸ ਨੂੰ ਤੱਕ ਮੈਂ ਅਤੇ ਮਾਤਾ ਜੀ ਖੁਸ਼ ਹੋਣ ਦੇ ਨਾਲ-ਨਾਲ ਹੈਰਾਨ ਵੀ ਹੋਈਆਂ ਸਾਂ।

'ਹੋਰ ਕਿਰਣ ! ਹਰਪਾਲ ਦਾ ਤਾਂ ਮੇਰਾ ਖਿਆਲ ਐ ਕੋਈ ਪਤਾ ਨਹੀਂ ਲੱਗਿਆ ਹੋਣਾ ?' ਉਸਨੇ ਦੁੱਧ ਵਾਲੀ ਢੋਲੀ ਧਰਕੇ ਬੀਹੀ ਵਾਲਾ ਬੂਹਾ ਬੰਦ ਕਰਦਿਆਂ ਪੁੱਛਿਆ ਸੀ। ਮੈਂ ਉਸਦੇ ਜਵਾਬ 'ਚ ਅਫਸੋਸੀ ਜਿਹੀ ਆਵਾਜ਼ ਨਾਲ ਬੋਲੀ ਸਾਂ :

'ਬਸ ! ਪਤਾ ਲੱਗਿਆ ਈ ਪਿਐ ਉਹ ਚਾਹੇ ਤਾਂ ਮਿਲਟਰੀ ਦੇ ਕਬਜ਼ੇ 'ਚ ਹੋਵੇਗਾ। ਚਾਹੇ ਮਿਲਟਰੀ ਹੱਥੋਂ ਮਾਰਿਆ ਗਿਆ ਹੋਵੇਗਾ।'

'ਹਾਂ ਕਿਰਣ ! ਮੈਨੂੰ ਤਾਂ ਕਿਰਣ ! ਆਪ ਇਵੇਂ ਲੱਗਦਾ—' ਢੋਲੀ ਚੁੱਕ ਗੁਰਮੀਤ ਸਿੱਧਾ ਕਮਰੇ 'ਚ ਚਲਾ ਗਿਆ ਸੀ। ਅਮਰਦੀਪ, ਗੁਰਦੀਪ ਦੀਆਂ ਲੱਤਾਂ ਨੂੰ ਇਕ ਤਰ੍ਹਾਂ ਹਾਬੜਿਆਂ ਵਾਂਗ ਚਿੰਬੜ ਗਿਆ ਸੀ। ਮਾਤਾ ਜੀ ਪਲਾਂ 'ਚ ਈ ਗੁਰਮੀਤ ਕੋਲੋਂ ਆਪਣੇ ਆਂਡੀਆਂ-ਗੁਆਂਢੀਆਂ ਦੀ ਸੁੱਖ-ਸਾਂਦ ਪੁੱਛ ਗਈ ਸੀ। ਗੁਰਮੀਤ ਨੇ ਲੱਤਾਂ ਨਾਲ ਚਿੰਬੜੇ ਅਮਰਦੀਪ ਨੂੰ ਬੁੱਕਲ 'ਚ ਲੈਂਦਿਆਂ ਦੱਸਿਆ ਸੀ,

'ਕਿਰਣ ! ਬਿਹਾਰ ਦੇ, ਆਪਣੇ ਪਾਰਟੀ ਸਾਥੀ ਦੇ ਫੌਜੀ ਭਰਾ ਦੀ ਡਿਊਟੀ ਕੁਦਰਤੀ ਸਾਡੇ ਮੁਹੱਲੇ ਵਾਲੇ ਚੌਂਕ 'ਚ ਲੱਗੀ ਹੋਈ ਹੈ, ਉਹ ਮੈਨੂੰ ਜਾਣਦਾ ਵੀ ਚੰਗੀ ਤਰ੍ਹਾਂ ਹੈ, ਉਹ ਕੱਲ ਈ ਅਮ੍ਰਿਤਸਰੋਂ ਆਇਐ ..।'

ਫੇਰ ਗੁਰਮੀਤ ! ਉਹ ਉਥੋਂ ਦੀ ਹਾਲਤ ਬਾਰੇ ਕੀ ਦੱਸਦਾ ਸੀ ?' ਮੈਂ ਗੁਰਮੀਤ ਦੀ ਚੱਲਦੀ ਗੱਲ 'ਚ ਈ ਸਵਾਲ ਕਰ ਗਈ ਸਾਂ। ਗੁਰਮੀਤ ਢੋਲੀ ਦਾ ਢੱਕਣ ਖੋਲਦਾ ਦੱਸਣ ਲੱਗ ਪਿਆ ਸੀ,

"ਉਹ ਦੱਸਦਾ ਸੀ ਕਿ ਹਰਿਮੰਦਰ ਸਾਹਿਬ, ਤੋਪਾਂ ਦੇ ਗੋਲਿਆਂ ਨੇ

ਬਿਲਕੁਲ' ਖੰਡਰ ਬਣਾ ਦਿੱਤੈ। ਹਜ਼ਾਰਾਂ ਦੀ ਗਿਣਤੀ 'ਚ ਸਿੱਖ ਅੱਤਵਾਦੀ ਮਾਰੇ ਗਏ ਨੇ ਅਤੇ ਸੈਂਕੜਿਆਂ ਦੀ ਗਿਣਤੀ 'ਚ ਸਿੱਖ ਮਾਰੇ ਗਏ ਨੇ...' ਆਪਣੀ ਸੱਜੀ ਬਾਂਹ ਦਾ ਬਟਨ ਖੋਲ੍ਹ ਕੇ ਕੂਹਣੀ ਤੱਕ ਕਮੀਜ਼ ਦੀ ਬਾਂਹ ਨੂੰ ਚੜ੍ਹਾਉਂਦੇ ਗੁਰਮੀਤ ਨੇ ਆਖਿਆ ਸੀ '. ਉਸ ਫੌਜੀ ਰਾਹੀਂ ਕਿਰਣ ! ਆਪਾਂ ਹਰਪਾਲ ਦਾ ਪਤਾ-ਸੁਤਾ ਕਰਦੇ ਆਂ। ਉਸਦੇ ਨਾਲ ਦਾ ਫੌਜੀ ਸ਼ਾਇਦ ਇਕ ਦੋ ਦਿਨਾਂ ਤੱਕ ਅਮ੍ਰਿਤਸਰ ਜਾਵੇ...'

'ਹਰਪਾਲ ਦਾ ਪਤਾ ਤੁਸੀਂ ਜ਼ਰੂਰ ਕਰੋ।'

'ਪਤਾ ਜ਼ਰੂਰ ਕਰਾਂਗੇ ਕਿਰਣ ! ਇਹ ਸਾਡਾ ਫਰਜ਼ ਬਣਦੈ...' ਉਹ ਬਾਂਹ ਕੂਹਣੀ ਤੱਕ ਦੁੱਧ 'ਚ ਪਾਉਂਦਾ ਬੋਲਦਾ ਰਿਹਾ ਸੀ '...ਤੂੰ ਫਿਕਰ ਨਾ ਕਰ... ਬਾਕੀ ਕਿਰਣ ! ਤੈਨੂੰ ਪਤਾ ਈ ਐ ਕਿ ਅੱਜ ਦੇ ਹਾਲਤ ਬਹੁਤ ਖਰਾਬ ਨੇ...ਪਾਰਟੀ ਹੈੱਡ ਕਵਾਟਰ ਦੀ ਥਾਂ ਦਾ ਪਤਾ ਲੱਗਣ ਦੇ ਡਰੋਂ, ਪਾਰਟੀ ਹੈੱਡ ਕਵਾਟਰ 'ਚੋਂ ਸਾਰਾ ਸਮਾਨ ਬਾਹਰ ਕੱਢ ਕੇ, ਜ਼ਿੰਮੇਵਾਰ ਸਾਥੀਆਂ ਦੇ ਘਰ ਸੰਭਾਲ ਰਹੀ ਹੈ ਤੇ ਤੂੰ ਆਹ ਸਮਾਨ ਸੰਭਾਲ ਰੱਖਣਾ...' ਦੁੱਧ ਦੀ ਢੋਲੀ 'ਚ ਕੱਢਿਆ ਪਲਾਸਟਿਕ ਦਾ ਭਾਰਾ ਜਿਹਾ, ਬੰਦ ਲਿਫਾਫਾ, ਗੁਰਮੀਤ ਨੇ ਮੈਨੂੰ ਫੜਾਇਆ ਸੀ। ਮੈਂ ਪਲਾਂ 'ਚ ਹੀ ਸਿੱਕੇ ਵਰਗੇ ਉਸ ਭਾਰੇ ਲਿਫਾਫੇ ਨੂੰ ਸੰਭਾਲ ਆਈ ਸਾਂ। ਗੁਰਮੀਤ ਡੋਲੂ 'ਚ ਅੱਧ ਕੁ ਕਿਲੋ ਦੁੱਧ ਪਾਉਣ ਤੋਂ ਬਾਦ, ਕੱਲ ਨੂੰ ਫੇਰ ਉਸ ਵੇਲੇ ਆਉਣ ਦਾ ਵਾਅਦਾ ਕਰਕੇ ਚਲਾ ਗਿਆ ਸੀ। ਉਹ ਦੂਸਰੇ ਦਿਨ ਉਸ ਵੇਲੇ ਈ ਫੇਰ ਆ ਗਿਆ ਸੀ। ਉੱਦਣ ਉਹ ਦੁੱਧ ਦੀ ਢੋਲੀ 'ਚ ਪਲਾਸਟਿਕ ਦੇ ਬੰਦ ਲਿਫਾਫੇ ਅੰਦਰ, ਉਨ੍ਹਾਂ ਲੀਫਲੈੱਟ ਦੀ ਥਹੀ ਲੈ ਕੇ ਆਇਆ ਸੀ, ਜਿਹੜਾ ਲੀਫਲੈੱਟ ਪਾਰਟੀ ਨੇ ਇੰਦਰਾ ਕਾਂਗਰਸ ਦੀ ਕਾਲੀ ਕਰਤੂਤ, ਸਿਰਲੇਖ ਹੇਠ, ਫੌਰੀ ਤੌਰ ਤੇ ਕੱਢਿਆ ਸੀ। ਲੀਫਲੈੱਟ ਦੀਆਂ ਮੋਟੀਆਂ ਮੋਟੀਆਂ ਸੁਰਖੀਆਂ ਸਨ। 'ਇੰਦਰਾ ਕਾਂਗਰਸ ਦੀ ਫੁੱਟ ਪਾਊ ਤੇ ਰਾਜ ਕਰੋ ਨੀਤੀ ਕੇ ਸਿੱਟੇ ਵਜੋਂ, ਹਿੰਦੂ-ਸਿੱਖਾਂ 'ਚ ਫਿਰਕੂ ਤਣਾਅ' ਪੰਜਾਬ ਦੀ ਇਤਹਾਸਕ ਥਾਂ ਹਰਿਮੰਦਰ ਸਾਹਿਬ ਅਤੇ ਕਈ ਹੋਰ ਇਤਹਾਸਕ ਗੁਰਦੁਆਰੇ ਫੌਜੀ ਟੈਂਕਾਂ ਨਾਲ ਤਬਾਹ । 'ਹਜ਼ਾਰਾਂ ਦੀ ਗਿਣਤੀ 'ਚ ਸਿੱਖ ਅੱਤਵਾਦੀ ਅਤੇ ਨਿਰਦੋਸ਼ ਲੋਕ ਫੌਜੀ ਐਕਸ਼ਨ 'ਚ ਮਾਰੇ ਗਏ। ਸੈਂਕੜੇ ਫੌਜੀ ਮਾਰੇ ਗ ਏ।' 'ਸਾਰੇ ਪੰਜਾਬ 'ਚ ਦਹਿਸ਼ਤ ਦਾ ਰਾਜ' ਇੰਦਰਾ ਕਾਗਰਸ ਦੀ ਫੁੱਟ ਪਾਊ ਅਤੇ ਰਾਜ ਕਰੋ' ਨੀਤੀ ਦਾ ਪਰਦਾਫਾਸ਼ ਕਰਦੇ

ਹੋਏ ਭਾਈਚਾਰਕ ਸਾਂਝ ਬਣਾਈ ਰੱਖੋ ।' ਇਹ ਮੋਟੀਆਂ ਸੁਰਖੀਆਂ ਮੈਂ ਉਸ ਸਮੇਂ ਈ ਪੜ੍ਹ ਲਈਆਂ ਸਨ ਜਿਸ ਸਮੇਂ ਗੁਰਮੀਤ ਨੇ ਲੀਫ਼ਲੈਟਾਂ ਦੀ ਥਹੀ ਚੋਂ ਇਕ ਲੀਫ਼ਲੈਟ ਕੱਢ ਕੇ ਮੈਨੂੰ ਦਿੱਤਾ ਸੀ ਤੇ ਬਾਕੀ ਦੇ ਲੀਫ਼ਲੈਟਾਂ ਦੀ ਥਹੀ ਉਸਨੇ ਪਹਿਲਾਂ ਵਾਂਗ ਈ ਦੁੱਧ ਦੀ ਢੋਲੀ 'ਚ ਸਿੱਟ ਲਈ ਸੀ। ਮੈਂ ਉਸਨੂੰ ਹਰਪਾਲ ਦੀ ਫੋਟੋ ਲਿਆ ਕੇ ਦਿੱਤੀ ਸੀ। ਕਿਉਂਕਿ ਫੌਜੀ ਨੇ ਗੁਰਮੀਤ ਕੋਲੋਂ ਹਰਪਾਲ ਦੀ ਪਛਾਣ ਕਰਨ ਲਈ ਹਰਪਾਲ ਦੀ ਫੋਟੋ ਮੰਗੀ ਸੀ। ਗੁਰਮੀਤ ਦੁੱਧ ਪਾ ਕੇ ਅਤੇ ਫੋਟੋ ਲੈ ਕੇ, ਦੁੱਧ ਵਾਲੀ ਢੋਲੀ ਲਮਕਾਉਂਦਾ ਹੋਇਆ, ਚਲਿਆ ਗਿਆ ਸੀ। ਮੈਂ ਉਸ ਦਿਨ ਹੈਰਾਨ ਈ ਹੋ ਗਈ ਸਾਂ, ਜਿਸ ਦਿਨ ਰੇਡੀਓ ਤੋਂ ਸੁਣਿਆ ਸੀ ਕਿ ਸਿੱਖ ਫੌਜੀਆਂ ਦੀਆਂ ਕਈ ਬਟਾਲੀਅਨਾ ਬਾਗ਼ੀ ਹੋ ਗਈਆਂ ਹਨ। ਬਾਗ਼ੀ ਸਿੱਖ ਫੌਜੀਆਂ ਨੂੰ ਫੜਨ ਲਈ ਫੌਜ ਪੂਰੀ ਤਰ੍ਹਾਂ ਚੌਕਸੀ ਨਾਲ ਉਹਨਾਂ ਦਾ ਪਿੱਛਾ ਕਰ ਰਹੀ ਹੈ। ਇਹ ਖ਼ਬਰ ਸੁਣਦਿਆਂ ਈ ਮੇਰਾ ਮਨ ਆਖ ਗਿਆ ਸੀ।

'ਕਿੰਨਾ ਚੰਗਾ ਹੁੰਦਾ, ਜੇ ਹਿੰਦੂਆਂ ਤੇ ਸਿੱਖਾਂ ਦੀ ਲੜਾਈ ਦੀ ਥਾਂ ਗਰੀਬ ਅਤੇ ਅਮੀਰ ਵਿਚਲੀ ਲੜਾਈ, ਇੱਥੋਂ ਤੱਕ ਵੱਧੀ ਹੁੰਦੀ। ਫੇਰ ਇਕੱਲੇ ਸਿੱਖ ਫੌਜੀ ਈ ਬਗਾਵਤ ਨਾ ਕਰਦੇ, ਸਗੋਂ ਫੌਜ ਵਿਚਲੇ ਮਜ਼ਦੂਰ-ਕਿਸਾਨਾਂ ਦੇ ਸਾਰੇ ਪੁਤਰ ਬਗਾਵਤ ਕਰਦੇ।'

ਮੈਂ ਹਾਲੇ ਇਹੋ ਸੋਚੀ ਜਾ ਰਹੀ ਸਾਂ ਕਿ ਇੰਨੇ ਨੂੰ ਹਰਪਾਲ ਦੇ ਪਿਤਾ ਜੀ ਆ ਗਏ ਸਨ। ਉਨ੍ਹਾਂ ਦੇ ਚੌੜੇ ਮੱਥੇ 'ਤੇ, ਉਦਾਸੀ ਦੀਆਂ ਘਟਾਵਾਂ ਸਨ। ਮੋਟੀਆਂ ਮੋਟੀਆਂ ਅੱਖਾਂ ਸੇਜਲੀਆਂ ਸਨ। ਮੈਂ ਉਨ੍ਹਾਂ ਨੂੰ ਬੜੀ ਨਿਮਰਤਾ ਨਾਲ ਸਤਿ ਸ੍ਰੀ ਅਕਾਲ ਬੁਲਾਈ ਸੀ ਤੇ ਉਹਨਾਂ ਨੇ ਮੇਰੇ ਸਿਰ ਉਤੇ ਦੀ ਆਪਣਾ ਭਾਰਾ ਹੱਥ ਫੇਰਨ ਦੇ ਨਾਲ ਈ ਮੈਥੋਂ ਪੁੱਛਿਆ ਸੀ,

'ਕਿਉਂ ਭਾਈ! ਹਰਪਾਲ ਤਾਂ ਨਹੀਂ ਮੁੜਿਆ ਹੋਣਾ ਅੰਬਰਸਰ ਵੰਨਿਉਂ?'

'ਮੁੜਿਆ ਨਹੀਂ ਬਾਪੂ ਜੀ!' ਮੈਂ ਦੁੱਖ ਭਰੀ ਆਵਾਜ਼ 'ਚ ਜਵਾਬ ਦਿੱਤਾ ਸੀ। ਉਹਨਾਂ ਨੇ ਆਪਣੇ ਕੋਲ ਆ ਕੇ ਖੜ੍ਹੇ ਅਮਰਦੀਪ ਨੂੰ, ਮੋਹ ਨਾਲ ਬੁੱਕਲ 'ਚ ਲੈ ਕੇ ਮੈਨੂੰ ਆਖਿਆ ਸੀ,

'ਕਿਸੇ ਬੰਦੇ ਨੂੰ ਅੰਬਰਸਰ ਭੇਜ ਕੇ ਉਹਦਾ ਪਤਾ ਕਰਾਂਗੇ ਭਾਈ! ਖਬਰਾਂ ਵਾਲੇ ਦੱਸਦੇ ਐ ਕਿ ਅੰਬਰਸਰ ਤਾਂ, ਦੁਨੀਆਂ ਈ ਲੋਹੜੇ ਦੀ ਨੁਕਸਾਨੀ ਗਈ ਐਂ'...ਮਾਤਾ ਜੀ ਕੋਲੋਂ ਚਾਹ ਵਾਲਾ ਗਿਲਾਸ ਫੜਦਿਆਂ ਉਸਨੇ ਕਿਹਾ ਸੀ,

'...ਹੁਣ ਤੇਰਾ ਇਥੇ ਇਕੱਲੀ ਦਾ ਰਹਿਣਾ ਠੀਕ ਨਹੀਂ। ਤੂੰ ਮੁੰਡੇ ਨੂੰ ਲੈ ਕੇ ਆਪਣੇ ਘਰ ਚਲੀ ਚੱਲ। ਰੱਬ ਭਲੀ ਕਰੂਗਾ...' ਉਹਨਾਂ ਵੱਨੀਓਂ ਵਿਖਾਈ ਹਮਦਰਦੀ ਮੇਰੇ ਮਨ 'ਤੇ ਆਪਣਾ ਡੂੰਘਾ ਅਸਰ ਛੱਡ ਗਈ ਸੀ। ਮੈਂ ਸੋਚਣ ਲੱਗ ਪਈ ਸੀ ਕਿ ਉਹਨਾਂ ਨੂੰ ਜੁਆਬ ਦੇਵਾਂ ਤਾਂ ਕੀ ਦੇਵਾਂ? ਮੈਂ ਜਾਣੋਂ ਜਵਾਬ ਦੇ ਕੇ ਉਹਨਾਂ ਦਾ ਦਿਲ ਵੀ ਨਹੀਂ ਤੋੜਨਾ ਚਾਹੁੰਦੀ ਸਾਂ। ਪਰ ਮੈਂ ਗੁਰਮੀਤ ਨੂੰ ਮਿਲੇ ਬਗੈਰ ਜਾਣਾ ਵੀ ਨਹੀਂ ਚਾਹੁੰਦੀ ਸਾਂ। ਕੁਝ ਪਲ ਦੀ ਸੋਚ-ਵਿਚਾਰ ਬਾਦ ਮੈਂ ਉਸਨੂੰ ਦੱਸਿਆ ਸੀ,

'ਬਾਪੂ ਜੀ! ਉਹਨਾਂ ਦਾ ਪਤਾ ਕਰਨ ਲਈ ਬੰਦਾ ਗਿਆ ਹੋਇਐ। ਚੌਥੇ ਤੱਕ ਹੋ ਸਕਦੈ, ਉਹਨਾਂ ਦਾ ਪਤਾ ਲੱਗ ਜਾਵੇ। ਤੁਸੀਂ ਪੰਜਵੇਂ ਨੂੰ ਆ ਜਾਣਾ।'

'ਚੰਗਾ ਭਾਈ! ਰੱਬ ਭਲੀ ਕਰੇ। ਮੈਂ ਪੰਜਵੇਂ ਫੇਰ ਗੇੜਾ ਮਾਰੂੰਗਾ।' ਉਹ ਅਮਰਦੀਪ ਦਾ ਅਤੇ ਮੇਰਾ ਸਿਰ ਪਲੋਸ ਕੇ, ਵਾਪਿਸ ਮੁੜ ਗਏ ਸਨ। ਚੌਥੇ ਦਿਨ ਆ ਕੇ, ਗੁਰਮੀਤ ਨੇ ਮੈਨੂੰ ਉਹੀ ਖ਼ਬਰ ਸੁਣਾਈ ਸੀ, ਜਿਸ ਦਾ ਡਰ, ਮੇਰੀ ਚੈਨ ਨੂੰ ਪਹਿਲਾਂ ਤੋਂ ਈ ਹਲਾਲ ਕਰ ਰਿਹਾ ਸੀ। ਮਨਹੂਸ ਖਬਰ ਸੁਣਦਿਆਂ ਈ, ਮੈਨੂੰ ਇਉਂ ਜਾਪਣ ਲੱਗ ਪਿਆ ਸੀ, ਜਿਵੇਂ ਸਾਡੇ ਕਮਰੇ ਦੀ ਅੰਦਰਲੀ ਕੰਧ ਵਿਚਲੀ ਕਿੱਲੀ ਨਾਲ ਟੰਗੇ ਫੁੱਲਾਂ ਦੇ ਦੋਵੇਂ ਹਾਰ ਚੂਹਿਆਂ ਨੇ ਕੁਤਰਾ ਕੁਤਰਾ ਕਰ ਦਿੱਤੇ ਸਨ ਤੇ ਮੇਰੇ ਦਿਲ 'ਚੋਂ ਉਹੀ ਲਾਟ ਉੱਠ ਖੜੀ ਸੀ, ਜਿਹੜੀ ਹੁਣ ਵੀ ਉੱਠ ਰਹੀ ਏ।...

ਬਾਰਾਂ

ਹਰਪਾਲ ਦੀ ਮੌਤ ਨੇ ਮੈਨੂੰ ਇਕ ਤਰ੍ਹਾਂ ਝੰਜੋੜ ਕੇ ਈ ਸੁੱਟ ਦਿੱਤਾ ਸੀ। ਮੇਰਾ ਕਿਧਰੇ ਦਿਲ ਨਹੀਂ ਸੀ ਲੱਗਦਾ। ਮੈਨੂੰ ਅਮਰਦੀਪ ਦੇ ਸਾਹਾਂ ਵਿੱਚ ਦੀ ਸਾਹ ਆਉਣ ਲੱਗ ਪਏ ਸਨ—

ਪਰ—ਹਾਏ।...ਮੈਨੂੰ ਪਾਣੀ ਦੀ ਘੁੱਟ ਲੈਣ ਦਿਉ, ਮੇਰਾ ਦਿਲ ਫਟਣ ਲੱਗ ਪਿਆ ਏ। ਮੈਨੂੰ ਇਕ ਮਿੰਟ ਆਰਾਮ ਕਰ ਲੈਣ ਦਿਓ। ਮੇਰੇ ਲਈ

ਅਗਾਹਾਂ ਆਪਣੀ ਹੱਡ ਬੀਤੀ ਸੁਣਾਉਣੀ ਮੁਸ਼ਕਲ ਹੋ ਗਈ ਏ। ਨਹੀਂ, ਮੈਨੂੰ ਕੁਝ ਨਹੀਂ ਹੁੰਦਾ। ਤੁਸੀਂ ਆਪਣੀ ਬੀੜੀ ਪੀ ਲਵੋ। ਮੈਂ ਦੋ ਮਿੰਟ ਆਰਾਮ ਕਰਨ ਨਾਲ ਠੀਕ ਹੋ ਜਾਵਾਂਗੀ।

ਓ-ਹੋ-ਓ-ਹੋ ਕਿੰਨੀ ਜ਼ਾਲਮ ਏ ਇਹ ਲਹੂ-ਪੀਣੀ ਸਰਕਾਰ। ਕਿੰਨੇ ਨਿਰਦਈ ਨੇ ਫਿਰਕੂ ਜਨੂੰਨ 'ਚ ਅੰਨ੍ਹੇ ਹੋਏ ਦਰਿੰਦੇ...ਪਤਾ ਨਹੀਂ ਇਹਨਾਂ ਦੁਸ਼ਟਾਂ ਨੂੰ, ਫੁੱਲ ਟਾਹਣੀਆਂ ਨਾਲੋਂ ਤੋੜ ਕੇ ਕੀ ਮਿਲਦਾ ਏ ?...ਇਹਨਾਂ ਸ਼ੈਤਾਨਾਂ ਦੀਆਂ ਛਾਤੀਆਂ 'ਚ ਦਿਲ, ਲਹੂ-ਮਾਸ ਦਾ ਨਹੀਂ ਹੋਣਾ...ਪੱਥਰ ਦਾ ਦਿਲ ਹੋਵੇਗਾ. ਗੁਰੂ ਨਾਨਕ ! ਤੂੰ ਹੀ ਦੱਸ, ਕੀ ਅੱਜ ਸ਼ਰਮ ਅਤੇ ਧਰਮ ਛੁਪਕੇ ਨਹੀਂ ਖਲੋਏ,?...ਕੂੜ ਪ੍ਰਧਾਨ ਹੋਇਆ ਨਹੀਂ ਫਿਰਦਾ ?—ਸੂਰਜ ਭੱਜ ਕੇ ਬੱਦਲਾਂ 'ਚ ਨਹੀਂ ਜਾ ਵੜਿਆ ?...

...ਤੁਸੀਂ ਘਬਰਾਓ ਨਾ।...ਬਸ ਮੈਂ ਆਪਣੀ ਹੱਡ-ਬੀਤੇ ਦਾ ਅਗਲਾ ਹਿੱਸਾ, ਤੁਹਾਨੂੰ ਹੁਣੇ ਦਸਦੀ ਆਂ। ਮੇਰਾ ਦਿਲ ਕੁਝ ਨਾ ਕੁਝ ਹੌਲਾ ਹੁੰਦਾ ਜਾ ਰਿਹਾ ਏ।...ਬਸ ਤੁਹਾਨੂੰ ਕੁੱਝ ਮਿੰਟ ਹੋਰ ਉਡੀਕ ਕਰਨੀ ਪਵੇਗੀ। ਮੇਰਾ ਦਿਲ ਭਰੇ ਸਮੁੰਦਰ ਦੇ ਕੰਢਿਆਂ ਵਾਂਗ ਉੱਛਲ ਰਿਹਾ ਏ।...ਪਤਾ ਨਹੀਂ ਕਿਉਂ ਮੇਰੀਆਂ ਅੱਖਾਂ 'ਚੋਂ ਅੱਥਰੂ ਨਹੀਂ ਕਿਰਦੇ ?. .ਜੇ ਮੇਰੀਆਂ ਅੱਖਾਂ ਚ ਅੱਥਰੂ ਕਿਰ ਜਾਇਆ ਕਰਨ, ਤਾਂ ਸ਼ਾਇਦ ਮੇਰੇ ਦਿਲ 'ਚੋਂ ਲਾਟ ਜਿਹੀ ਨਿਕਲਣੋਂ ਹਟ ਜਾਵੇ। . ਪਰ ਅੱਥਰੂ ਤਾਂ, ਮੇਰੇ ਦਿਲ 'ਚ ਈ ਜ਼ਜਬ ਹੁੰਦੇ ਰਹਿੰਦੇ ਨੇ...।

...ਤੇ ਹਾਂ। ਮੈਂ ਹਰਪਾਲ ਦੇ ਪਿਤਾ ਜੀ ਦੀ, ਮੈਨੂੰ ਪਿੰਡ ਲੈ ਜਾਣ ਵਾਲੀ ਗੱਲ, ਗੁਰਮੀਤ ਨਾਲ ਸਾਂਝੀ ਕੀਤੀ ਸ਼ੀ। ਗੁਰਮੀਤ ਨੇ ਕੁਝ ਪਲ ਸੋਚ-ਵਿਚਾਰ ਕਰਨ ਬਾਅਦ ਮੈਨੂੰ ਇਹੋ ਸਲਾਹ ਦਿੱਤੀ ਸੀ,

'ਜਿੰਨੀ ਦੇਰ ਹਾਲਾਤ ਖਰਾਬ ਨੇ, ਮੇਰਾ ਖਿਆਲ ਐ ਤੈਨੂੰ ਅਮਰ-ਦੀਪ ਨੂੰ ਨਾਲ ਲੈ ਕੇ, ਉਨਾਂ ਚਿਰ ਪਿੰਡ ਈ ਚਲੀ ਜਾਣਾ ਚਾਹੀਦੈ। ਕੁੱਝ ਨਾ ਕੁੱਝ ਘਰ ਵਾਲਿਆਂ ਨਾਲ ਤੁਹਾਡੀ ਸਾਂਝ ਵੀ ਵਧੇਗੀ...'

ਗੁਰਮੀਤ ਦੀ ਰਾਇ ਮੰਨ ਕੇ ਮੈਂ ਹਰਪਾਲ ਦੇ ਪਿਤਾ ਜੀ ਨਾਲ ਪਿੰਡ ਚਲੀ ਗਈ ਸਾਂ। ਹਰਪਾਲ ਦੇ ਸਾਰੇ ਭਰਾ ਅੱਡੋ-ਅੱਡੀ ਈ ਸਨ। ਹਰਪਾਲ ਦੇ ਮਾਤਾ-ਪਿਤਾ ਜੀ ਦੋਵੇਂ ਇਕੱਲੇ ਹੀ ਰਹਿ ਰਹੇ ਸਨ। ਹਰਪਾਲ ਦੀ ਹਰਿਆਣੇ ਵਾਲੀ ਭੈਣ, ਸੁਖਪਾਲ ਵੀ ਆਈ ਹੋਈ ਦੀ। ਬਾਪੂ ਜੀ ਤਾਂ ਦਰਵਾਜ਼ੇ 'ਚ ਈ,

ਅਕਸਰ ਰਹਿੰਦੇ ਸਨ। ਉਹ ਰੋਟੀ ਵੀ ਉਥੇ ਈ ਮੰਗਵਾਕੇ ਖਾਂਦੇ ਸਨ, ਚਾਹ ਵੀ ਉਥੇ ਈ ਮੰਗਵਾਕੇ ਪੀਂਦੇ ਸਨ। ਆਥਣ-ਉੱਗਣ, ਉਹ ਬੈਠਕ 'ਚ ਡਹੇ ਮੰਜੇ ਤੇ ਪੰਥੀ ਮਾਰਕੇ, ਜਪੁਜੀ ਸਾਹਿਬ ਦਾ ਪਾਠ ਕਰਦੇ ਸਨ। ਪਿੰਡ ਦੇ ਤੇ ਆਸੇ-ਪਾਸੇ ਦੇ ਪਿੰਡਾਂ ਦੇ ਲੋਕਾਂ ਨੂੰ, ਜਿਉਂ ਜਿਉਂ ਹਰਪਾਲ ਦੇ ਮਾਰੇ ਜਾਣ ਦਾ ਪਤਾ ਲੱਗਦਾ ਜਾ ਰਿਹਾ ਸੀ, ਤਿਉਂ ਤਿਉਂ ਦਰਵਾਜ਼ੇ 'ਚ ਵਿਛੀਆਂ ਪੱਟੀਆਂ ਤੇ ਲੋਕ ਅਫਸੋਸ ਕਰਨ ਲਈ ਆ ਕੇ ਬੈਠਣ ਲੱਗ ਪਏ ਸਨ। ਅਕਾਲੀ ਪਾਰਟੀ ਦੇ ਵਰਕਰਾਂ ਨੇ, ਹਰਪਾਲ ਦੀ ਯਾਦ 'ਚ, ਪਿੰਡ ਦੇ ਗੁਰਦੁਆਰੇ, ਅਖੰਡ-ਪਾਠ ਖੁਲ੍ਹਵਾਅ ਦਿੱਤਾ ਸੀ। ਮੈਂ ਆਪਣੇ ਜ਼ਖ਼ਮੀ ਦਿਲ ਤੇ ਸਬਰ ਦਾ ਪੱਥਰ ਟਕਾਅ, ਸੰਭਰਨ ਦਾ ਸਾਰਾ ਕੰਮ ਕਰਨ ਲੱਗ ਪਈ ਸਾਂ। ਅਮਰਦੀਪ ਨੂੰ ਤਾਂ ਘਰ ਦੇ ਸਾਰੇ ਜੀ ਅੱਖ ਦੀ ਪੁਤਲੀ ਵਾਂਗ ਸੰਭਾਲਣ ਲੱਗ ਪਏ ਸੀ। ਪਰ ਮੈਨੂੰ ਸਿਰਫ਼ ਬਾਪੂ ਜੀ ਹੀ ਅਣਣੱਤ ਨਾਲ ਬੁਲਾਉਂਦੇ-ਚਲਾਉਂਦੇ ਸਨ। ਸੁਖਪਾਲ ਮੈਨੂੰ ਬੁਲਾਉਣ ਸਮੇਂ, ਤਕਰੀਬਨ ਓਪਰੇ ਜਿਹੇ ਅੰਦਾਜ਼ 'ਚ ਈ ਸੰਬੋਧਨ ਕਰਦੀ ਸੀ। ਮੇਰੀ ਸੱਸ ਨੇ ਮੈਨੂੰ ਉਦੱਣ ਤੋਂ ਈ ਨਹੀਂ ਸੀ ਬੁਲਾਇਆ, ਜਿੱਦਣ ਤੋਂ ਮੈਂ ਆਈ ਸਾਂ। ਪਰ ਉਹ, ਅਮਰਦੀਪ ਨੂੰ ਆਪਣੀ ਉਂਗਲੀ ਨਾਲੋਂ ਨਹੀਂ ਸੀ ਤੋੜਦੀ ਤੇ ਮੇਰੇ ਵੱਲ ਉਹ ਆਪਣੀਆਂ ਨਿੱਕੀਆਂ ਨਿੱਕੀਆਂ ਅੱਖਾਂ ਦੇ ਕੋਇਆਂ ਵਿਚ ਦੀ, ਭੂਸਰੀ ਗਊ ਵਾਂਗ ਝਾਕਦੀ ਰਹਿੰਦੀ ਸੀ। ਉਸਦੀ ਝਾਕਣੀ, ਮੇਰੇ ਦੁਖੀ ਦਿਲ ਨੂੰ ਹੋਰ ਦੁਖੀ ਕਰਦੀ। ਪਰ ਮੈਂ ਫੇਰ ਵੀ ਘਰ 'ਚ ਬਿਗਾਨਿਆਂ ਵਾਂਗੂ ਤੁਰੀ-ਫਿਰਦੀ। ਮੈਂ ਕਿਸੇ ਨਾ ਕਿਸੇ ਤਰ੍ਹਾਂ ਵੀ ਅਖੰਡ ਪਾਠ ਦੇ ਭੋਗ ਤੱਕ ਉਥੇ ਰਹਿਣਾ ਚਾਹੁੰਦੀ ਸਾਂ।

ਅਖੰਡ ਪਾਠ ਦੇ ਭੋਗ ਵਾਲਾ ਦਿਨ ਆ ਗਿਆ। ਮੈਂ, ਬਲਵੀਰ ਅਤੇ ਅਧਿਆਪਕਾਂ ਵੀ ਗੁਰਦੁਆਰੇ ਗਈਆਂ। ਅਮਰਦੀਪ, ਸੁਖਪਾਲ ਹੋਰਾਂ ਨਾਲ ਸਾਥੋਂ ਪਹਿਲਾਂ ਈ ਗੁਰਦੁਆਰੇ 'ਚ ਚਲਾ ਗਿਆ ਸੀ। ਗੁਰਦੁਆਰੇ 'ਚ ਲੱਗੇ ਸ਼ਾਮਿਆਨੇ ਹੇਠ ਕਿੰਨੇ ਈ ਲੋਕ ਬੈਠੇ ਸਨ। ਬੈਠੇ ਲੋਕਾਂ ਵਿੱਚੋਂ ਬਹੁਤੇ ਨੀਲੀਆਂ ਅਤੇ ਕਾਲੀਆਂ ਪੱਗਾਂ ਵਾਲੇ ਈ ਸਨ। ਪ੍ਰਕਾਸ਼ ਹੋਏ ਗੁਰੂ ਗ੍ਰੰਥ ਸਾਹਿਬ ਦੇ ਇਕ ਪਾਸੇ ਇਲਾਕੇ ਦਾ ਜੱਥੇਦਾਰ,ਸਪੀਕਰ ਦੇ ਮਾਇਕ ਮੂਹਰੇ ਖੜਾ, ਪਹਿਲਾਂ ਤਾਂ ਹਰਪਾਲ ਦੇ ਅਤੇ ਹਰਿਮੰਦਰ ਸਾਹਿਬ 'ਚ ਫੋਜ ਹੱਥੋਂ ਮਾਰਿਆਂ ਗਿਆਂ ਦੀ ਰੂਹ ਨੂੰ ਸ਼ਾਂਤੀ ਦਿਵਾਉਣ ਲਈ, ਅਰਦਾਸ ਕਰਦਾ ਰਿਹਾ ਸੀ ਤੇ ਫੇਰ ਉਹ

ਸਰਕਾਰ ਤੋਂ ਮੰਗ ਕਰਨ ਲੱਗ ਪਿਆ ਸੀ ਕਿ ਹਰਸਿੰਦਰ ਸਾਹਿਬ 'ਚੋਂ ਜਲਦੀ ਤੋਂ ਜਲਦੀ ਫੌਜ ਬਾਹਰ ਕੱਢੀ ਜਾਵੇ। ਹਰਿਮੰਦਰ ਸਾਹਿਬ ਦੀ ਜ਼ਿੰਮੇਵਾਰੀ ਪੰਜ-ਪਿਆਰਿਆਂ ਨੂੰ ਸੋਂਪੀ ਜਾਵੇ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਿੱਖ ਸੰਗਤਾਂ ਨੂੰ ਕਾਰ ਸੇਵਾ ਕਰਨ ਦੀ ਇਜਾਜ਼ਤ ਦਿੱਤੀ ਜਾਵੇ...।

ਉਹ ਜਥੇਦਾਰ ਬੋਲਣੋਂ ਹੱਟ ਈ ਨਹੀਂ ਸੀ ਰਿਹਾ। ਮੈਂ ਉਥੇ ਭੋਗ ਪੈਣ ਤੱਕ ਮਸਾਂ ਬੈਠ ਸਕੀ ਸੀ। ਅਖੰਡ-ਪਾਠ ਦੇ ਭੋਗ ਤੋਂ ਬਾਦ ਤਾਂ ਮੇਰੀ ਸੱਸ, ਇਕ ਤਰ੍ਹਾਂ ਮੈਨੂੰ ਘਰੋਂ ਕੱਢਣ 'ਤੇ ਈ ਤੁਲ ਗਈ। ਉਸਦੇ ਰਵੱਈਏ ਤੋਂ ਦੁਖੀ ਹੋਇਆ ਪਿਤਾ ਜੀ, ਉਸ ਨਾਲ ਲੜ ਈ ਪਿਆ। ਫੇਰ ਬੱਸ ਕੀ ਸੀ, ਮੇਰੀ ਸੱਸ ਮੇਰੇ ਤੇ ਸਾਉਣ ਦੇ ਛੜਾਕੇ ਵਾਗੂੰ ਵਰ੍ਹ ਪਈ ਸੀ,

'ਏਸ ਬੰਦੇ-ਖਾਣੀ ਨੇ, ਮੇਰੇ ਪਾਲੇ ਨੂੰ ਤਾਂ ਖਾ ਲਿਆ. .ਹੁਣ ਇਹ ਕਲੈਹਿਣੀ ਆਵਦੇ ਖਸਮ ਤੋਂ ਮੈਨੂੰ ,ਮਰਵਾਵੇਗੀ...।'

ਉਸਦੇ ਮੂੰਹੋਂ ਨਿਕਲਿਆ...'ਖਸਮ' ਸ਼ਬਦ ਮੇਰੀ ਜ਼ਮੀਰ ਨੂੰ ਬੱਸ ਇਕ ਤਰ੍ਹਾਂ ਤੇਲ ਦੇ ਤੜਕੇ ਚ ਭੁਜਦੇ ਪਿਆਜ਼ ਵਾਂਗ, ਭੁੰਨ ਈ ਗਿਆ ਸੀ। ਮੈਂ ਆਪਣੇ ਦਿਲ ਦੀ ਪੀੜ ਨੂੰ ਪਤਾ ਨਹੀਂ ਅੰਦਰੇ-ਅੰਦਰ ਕਿਵੇਂ ਪੀ ਗਈ ਸਾਂ। ਮੇਰੀ, ਉਸ ਘਰ 'ਚ ਪਲ ਵੀ ਰਹਿਣ ਨੂੰ ਵੱਢੀ ਰੂਹ ਨਹੀਂ ਸੀ ਕਰਦੀ। ਮੈਂ ਦਿਲ ਨੂੰ ਕਰੜਾ ਜਿਹਾ ਕਰਕੇ ਬਾਪੂ ਜੀ ਅਤੇ ਸੁਖਪਾਲ ਨੂੰ ਆਖ ਈ ਦਿੱਤਾ—

'ਮੈਨੂੰ ਅਤੇ ਅਮਰਦੀਪ ਨੂੰ ਹੁਣ ਸ਼ਹਿਰ ਚਲੇ ਈ ਜਾਣਾ ਚਾਹੀਦੈ, ਸਕੂਲ ਵੀ ਖੁੱਲ੍ਹ ਗਏ ਨੇ ਹੁਣ ਤਾਂ ?'

'ਨਾ ਭਾਈ ! ਨਾ, ਤੂੰ ਉਹਦੇ ਪਿਛੇ ਤਾਂ ਨਹੀਂ ਰਹਿਣਾ ਇਥੇ। ਤੇਰਾ ਆਵਦਾ ਘਰ ਐ। ਉਹਦੀ ਤਾਂ ਜ਼ਬਾਨ ਈ ਵੱਢਣ ਵਾਲੀ ਐ।...'

ਬਾਪੂ ਜੀ ਦੀ ਗੱਲ ਦੇ ਵਿਚਦੀ ਸੁਖਪਾਲ ਬੋਲ ਪਈ ਸੀ।

'ਨੀ ! ਤੂੰ ਬੇਸ਼ਕ ਸੌ ਵਾਰੀ ਵਗਜਾ ਸ਼ਹਿਰ, ਪਰ ਮੈਂ ਤਾਂ ਆਪਣੇ ਭਤੀਜੇ ਨੂੰ ਆਪਣੇ ਨਾਲ, ਪਿੰਡ ਲੈ ਕੇ ਜਾਊ...।'

ਖੈਰ ! ਮੈਂ ਬਾਪੂ ਜੀ ਨੂੰ ਇਸ ਦਲੀਲ ਨਾਲ ਮਨਾ ਲਿਆ ਸੀ ਕਿ ਬਾਪੂ ਜੀ ! ਸ਼ਹਿਰ ਕਿਹੜਾ ਦੂਰ ਏ। ਮੇਰੀ ਨੌਕਰੀ ਚਲੀ ਜਾਊ। ਮੈਂ ਮਹੀਨੇ-ਵੀਹੀਂ ਦਿਨ ਪਿੰਡ ਆ ਜਾਇਆ ਕਰੂ।...ਪਰ ਮੈਂ ਸੁਖਪਾਲ ਨੂੰ ਨਾ ਮਨਾਅ ਸਕੀ। ਖੈਰ ! ਮੈਂ ਅਮਰਦੀਪ ਨੂੰ ਭੇਜਣ ਵੱਲੋਂ ਹਰਪਾਲ ਨੂੰ ਤੋੜਕੇ ਜਵਾਬ ਦੇ ਦਿੰਦੀ,

ੇ ਬਾਪੂ ਜੀ ਮੋਹ ਅਤੇ ਅਪਣੱਤ ਭਰੇ ਅੰਦਾਜ਼ 'ਚ ਨਾ ਆਖਦੇ,

'ਚਲ ਭਾਈ, ਜੇ ਸੁਖੀ ਬਹੁਤੀ ਰਿਹਾੜ ਕਰਦੀ ਏ ਤਾਂ ਚਾਰ ਦਿਨ ਰੌ ਜਾਣ ਦੇ ਅਮਰਦੀਪ ਨੂੰ...ਸੁਖੀ ਨੂੰ ਮੈਂ ਛੱਡ ਕੇ ਆਊਂ ਤੇ ਅਮਰਦੀਪ ਨੇ ਜੇ ਨਾ ਜੀ ਲਾਇਆ ਤਾਂ ਮੈਂ ਇਸਨੂੰ ਨਾਲ ਈ ਮੋੜ ਲਿਆਊਂ।'

ਬਾਪੂ ਜੀ ਦੀ ਗੱਲ ਮੈਥੋਂ ਮੋੜੀ ਨਾ ਗਈ। ਮੈਂ ਅਮਰਦੀਪ ਨੂੰ ਉਸ ਕੋਲ, ਇਸ ਸ਼ਰਤ ਤੇ ਛੱਡ ਕੇ ਸ਼ਹਿਰ ਮੁੜ ਆਈ, ਕਿ ਸੁਖਪਾਲ, ਅਮਰਦੀਪ ਨੂੰ ਬਾਪੂ ਜੀ ਦੇ ਨਾਲ ਈ ਵਾਪਿਸ ਮੋੜ ਦੇਵੇ। ਖੈਰ ! ਸੁੱਖਪਾਲ ਨੇ ਮੇਰੀ ਸ਼ਰਤ ਮੰਨ ਵੀ ਲਈ ਸੀ...ਪਰ-ਊਏਂ-ਹੁਏ...

ਤੇ ਅਮਰਦੀਪ ਨੂੰ ਆਪਣੀਆਂ ਅੱਖਾਂ ਮੂਹਰਿਉਂ ਪਰ੍ਹਾਂ ਕਰਨ 'ਤੇ ਮੈਨੂੰ ਘਰ ਅਤੇ ਸਕੂਲ ਵੱਢ-ਵੱਢ ਖਾਣ ਲੱਗ ਪਏ ਸਨ। ਬਲਵੀਰ ਕੋਲੋਂ ਮੈਨੂੰ ਪਤਾ ਤਾਂ ਲੱਗ ਗਿਆ ਸੀ ਕਿ ਸੁਖਪਾਲ ਹੋਰੀਂ ਹਾਲੇ ਹਰਿਆਣੇ ਨੂੰ ਨਹੀਂ ਗਏ ਸਨ। ਮੇਰਾ ਦਿਲ ਕਰਦਾ ਸੀ ਕਿ ਮੈਂ ਜਾ ਕੇ ਅਮਰਦੀਪ ਨੂੰ ਲੈ ਆਵਾਂ। ਪਰ ਬਾਪੂ ਜੀ ਦਾ ਮੂੰਹ ਮੈਨੂੰ ਫੇਰ ਵਰਜ ਦਿੰਦਾ ਸੀ। ਅਮਰਦੀਪ 'ਤੇ ਮੈਨੂੰ ਵੱਖਰਾ ਗੁੱਸਾ ਆਉਂਦਾ ਸੀ ਕਿ ਉਹ ਦਾਦਕਿਆਂ 'ਚ ਜਾ ਕੇ, ਦਾਦੇ-ਦਾਦੀ ਅਤੇ ਭੂਆ ਦਾ ਈ ਬਣ ਗਿਆ। ਮੈਂ ਆਪਣੇ ਦਿਲ ਦੀ ਪੀੜ ਨੂੰ ਭੁਲਾਉਣ ਲਈ, ਆਪਣੇ ਆਪ ਨੂੰ ਸਕੂਲ 'ਚ ਅਖਬਾਰਾਂ 'ਚ ਰੁਝਾਈ ਰੱਖਦੀ। ਘਰ 'ਚ ਰੇਡੀਓ 'ਚ ਰੁਝਾਈ ਰੱਖਦੀ। ਅਖ਼ਬਾਰਾਂ ਅਤੇ ਰੇਡੀਓ 'ਚ ਬੱਸ ਇਹੋ ਖ਼ਬਰਾਂ ਆਉਂਦੀਆਂ ਰਹਿੰਦੀਆਂ ਸਨ :

ਸਰਕਾਰ ਨੇ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਆਪਣੇ ਪੱਖੀ, ਨਿਹੰਗ ਮੁਖੀ ਨੂੰ ਸੌਂਪ ਦਿੱਤੀ।...ਪੰਜ ਪਿਆਰਿਆਂ ਨੇ ਨਿਹੰਗ ਮੁਖੀ ਅਤੇ ਗਿਆਨੀ ਜ਼ੈਲ ਸਿੰਘ ਨੂੰ ਤਨਖਾਹੀਏ ਕਰਾਰ ਦੇ ਦਿੱਤਾ।. ਖਾਲਿਸਤਾਨੀ ਨੇਤਾ ਨੇ ਵਿਦੇਸ਼ 'ਚੋਂ ਐਲਾਨ ਕੀਤਾ ਹੈ ਕਿ ਸਿੱਖਾਂ ਦੀ ਦੁਸ਼ਮਣ ਇੰਦਰਾ ਗਾਂਧੀ ਨੂੰ ਮੁਆਫ ਨਹੀਂ ਕੀਤਾ ਜਾਵੇਗਾ। ਗਿਆਨੀ ਜ਼ੈਲ ਸਿੰਘ ਨੇ ਹਰਿਮੰਦਰ ਸਾਹਿਬ 'ਚ ਪੇਸ਼ ਹੋ ਕੇ ਪੰਜ-ਪਿਆਰਿਆਂ ਕੋਲੋਂ ਮੁਆਫ਼ੀ ਮੰਗ ਲਈ ਹੈ ਤੇ ਪੰਜ ਪਿਆਰਿਆਂ ਨੇ ਗਿਆਨੀ ਜ਼ੈਲ ਸਿੰਘ ਨੂੰ ਬਰੀ ਕਰ ਦਿੱਤਾ ਹੈ। ਭਾਰਤ ਦੀ ਪ੍ਰਧਾਨ ਮੰਤਰੀ ਨੇ ਹਰਿਮੰਦਰ ਸਾਹਿਬ ਦੀ ਹਾਲਤ, ਆਪ ਆ ਕੇ, ਆਪਣੀ-ਅੱਖੀਂ ਵੇਖੀਂ ਹੈ। ਹਰਮਿੰਦਰ ਸਾਹਿਬ ਦੀ ਕਾਰ ਸੇਵਾ ਮੁਕੰਮਲ ਹੋ ਗਈ

ਹੈ। ਨਿਹੰਗ ਮੁਖੀ ਫੂਲਾ ਸਿੰਘ ਬੁਰਜ 'ਚੋਂ ਚਲੇ ਗਏ ਹਨ। ਹਰਿਮੰਦਰ ਸਾਹਿਬ ਸਰਕਾਰ ਨੇ, ਪੰਜ-ਪਿਆਰਿਆਂ ਨੂੰ ਸੌਂਪ ਦਿੱਤਾ ਹੈ। ਗਰਮਦਲੀਏ ਸਿਖ, ਪੰਜ ਪਿਆਰਿਆਂ 'ਤੇ ਜ਼ੋਰ ਪਾ ਰਹੇ ਹਨ ਕਿ ਜ਼ਾਲਮ ਸਰਕਾਰ ਵਲੋਂ ਬਣਵਾਏ ਗਏ ਅਕਾਲ ਤਖ਼ਤ ਨੂੰ ਢਾਹ ਦਿੱਤਾ ਜਾਵੇ ਅਤੇ ਸਿਖ ਸੰਗਤਾਂ ਕੋਲੋਂ ਕਾਰ-ਸੇਵਾ ਕਰਵਾਅ ਕੇ ਇਹ ਮੁੜ ਬਣਵਾਇਆ ਜਾਵੇ। ਪੰਜ-ਪਿਆਰਿਆਂ ਦੀ ਅਗਵਾਈ 'ਚ ਸੰਸਾਰ ਸਿਖ ਸੰਮੇਲਨ ਹੋ ਰਿਹਾ ਹੈ।...ਸਰਕਾਰ, ਸੰਸਾਰ ਸਿਖ ਸੰਮੇਲਨ 'ਚ ਕੋਈ ਦਖ਼ਲ ਨਹੀਂ ਦੇਵੇਗੀ।

ਇਹੋ-ਜਿਹੀਆਂ ਖ਼ਬਰਾਂ ਸੁਣਦੀ ਸੁਣਦੀ ਨੇ ਮੈਂ ਇਕ ਦਿਨ ਖ਼ਬਰ ਸੁਣੀ ਕਿ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ-ਗਾਂਧੀ ਆਪਣੇ ਹੀ ਅੰਗ ਰੱਖਿਅਕਾਂ ਦੇ ਹੱਥੋਂ ਗੰਭੀਰ ਰੂਪ 'ਚ ਹਲਾਕ।...ਕਾਤਲ ਸਿੱਖ...ਬੇਅੰਤ ਸਿੰਘ ਨੂੰ ਗੋਲੀ ਮਾਰ ਕੇ ਮੌਕੇ 'ਤੇ ਹੀ ਮਾਰ ਦਿੱਤਾ ਗਿਆ। ਦੂਸਰਾ ਹਤਿਆਰਾ ਸਤਵੰਤ ਸਿੰਘ ਗੰਭੀਰ ਰੂਪ 'ਚ ਫੱਟੜ। ਦਿੱਲੀ ਅਤੇ ਦੂਸਰੇ ਪ੍ਰਾਂਤਾਂ 'ਚ ਹਲਾਤ ਕਾਬੂ ਹੇਠ ਹਨ...'

ਰੇਡੀਓ ਖਬਰ ਦੱਸੀ ਜਾ ਰਿਹਾ ਸੀ। ਮੈਂ ਖਬਰ ਪੂਰੇ ਧਿਆਨ ਨਾਲ ਸੁਣੀ ਜਾ ਰਹੀ ਸਾਂ। ਖਬਰ ਬੰਦ ਹੋ ਗਈ ਸੀ। ਇੰਦਰਾ ਗਾਂਧੀ ਦੇ ਕਤਲ ਦੀ ਖਬਰ ਸੁਣਦਿਆਂ, ਮੇਰੇ ਦਿਲ 'ਚ ਇੱਕ ਪਲ ਖੁਸ਼ੀ ਦੀ ਲਹਿਰ-ਦੌੜੀ ਅਤੇ ਮੈਨੂੰ, ਉਹ ਦੋਵੇਂ ਸਿੱਖ ਨੌਜਵਾਨ ਊਧਮ ਸਿੰਘ ਵਰਗੇ...ਪਰ ਦੂਸਰੇ ਪਲ ਜਦ ਗੰਭੀਰਤਾ ਨੇ ਮੇਰੇ ਜਜ਼ਬਾਤ ਨੂੰ ਕਾਬੂ ਕਰਨਾ ਸ਼ੁਰੂ ਕੀਤਾ ਤਾਂ ਮੈਂ ਖਬਰ ਸੁਣਦੀ-ਸੁਣਦੀ ਸੋਚਣ ਲੱਗੀ—'ਖੈਰ! ਇੰਦਰਾ ਦਾ ਅੰਤ ਤਾਂ ਉਵੇਂ ਈ ਹੋਇਐ, ਜਿਵੇਂ ਪਹਿਲਾਂ ਇਤਿਹਾਸ 'ਚ ਤਾਨਾਸ਼ਾਹਾਂ ਦਾ ਅੰਤ ਹੁੰਦਾ ਰਿਹੈ...ਪਰ ਹੈਰਾਨੀ ਤਾਂ ਇਸ ਗੱਲ ਦੀ ਏ ਕਿ ਇੰਦਰਾ, ਉਹਨਾਂ ਈ ਅੰਗ-ਰੱਖਿਅਕਾਂ ਦੇ ਹੱਥੋਂ ਕਤਲ ਹੋਈ ਏ, ਜਿਹਨਾਂ ਨੂੰ ਉਸ ਨੇ ਆਪਣੀ ਰੱਖਿਆ ਲਈ ਤਾਇਨਾਤ ਕੀਤਾ ਹੋਇਆ ਸੀ।... ਚਲੋ। ਆਪਾਂ ਨੂੰ ਕੀ, ਕਿਸੇ ਹੱਥੋਂ ਕਤਲ ਹੋਈ ਹੋਵੇ ਜਾਂ ਨਾ ਹੋਈ ਹੋਵੇ...।' ਇੱਥੇ ਪਹੁੰਚਕੇ, ਮੇਰੀ ਸੋਚ ਪਰਵੇਕ ਜਿਹੀ ਹੋਈ...ਤੇ ਮੇਰੀ ਸੋਚ ਦਾ ਇਹ ਹਿੱਸਾ—'...ਚਲੋ! ਆਪਾਂ ਨੂੰ ਕੀ...।' ਇਸ-ਤਰ੍ਹਾਂ ਮੇਰੇ ਦਿਮਾਗ 'ਤੇ, ਵਧਾਣ ਉੱਤਲੇ ਤਪੇ ਫਾਲ੍ਹੇ 'ਤੇ ਵੱਜਦੇ ਹਥੌੜੇ ਵਾਂਗ ਵੱਜਣ ਲੱਗਾ...ਤੇ ਮੈਂ ਆਪਣੀ ਪਰਵੇਕ ਸੋਚ 'ਤੇ ਖਿੱਝਦੇ ਆਪਣੇ ਆਪ ਨੂੰ ਆਖਣ ਲੱਗੀ—

'ਚਲੋ ! ਆਪਾਂ ਨੂੰ ਕੀ...ਵੀ ਕੋਈ ਗੱਲ ਏ...ਜੇ ਤੈਨੂੰ, ਇੱਕ ਕਮਿਊਨਿਸਟ ਪਾਰਟੀ ਦੀ ਵਰਕਰ ਹੋਣ ਦੇ ਨਾਤੇ, ਇੰਦਰਾ ਦੇ ਕਤਲ ਨਾਲ ਕੁਝ ਨਹੀਂ ਤਾਂ ਹੋਰ ਕਿਸ ਨੂੰ ਏ।...ਇਹ ਕਿਵੇਂ ਹੋ ਸਕਦਾ ਏ ਕਿ ਇੰਦਰਾ ਦਾ ਕਤਲ, ਕਮਿਊਨਿਸਟ ਲਹਿਰ ਦੇ ਫ਼ਾਇਦੇ ਜਾਂ ਨੁਕਸਾਨ 'ਚ ਨਾ ਗਿਆ ਹੋਵੇ...। ਮੈਂ ਬੋਲਣੋਂ ਹਟੀ ਪਹਿਲਾਂ ਨਾਲੋਂ ਵੱਧ ਗੰਭੀਰ ਹੁੰਦੀ ਸੋਚਣ ਲੱਗ ਪਈ ਸਾਂ। ਮੇਰੇ ਦਿਮਾਗ 'ਚ ਇਹ ਸੋਚ ਉਭਰੀ '...ਠੀਕ ਏ, ਇੱਕ ਤਾਨਾਸ਼ਾਹ ਦਾ ਕਤਲ ਹੋਇਐ...ਪਰ ਇੱਕ ਤਾਨਾਸ਼ਾਹ ਦੇ ਕਤਲ ਨਾਲ ਇਹ ਲੋਟੂ ਅਤੇ ਬੁੱਚੜ ਢਾਂਚਾ ਕਤਲ ਤਾਂ ਨਹੀਂ ਹੋਣ ਲੱਗਿਆ ਮਤਲਬ ਕਿ ਤਾਨਾਸ਼ਾਹ ਦੇ ਕਤਲ ਨਹੀਂ ਹੋਣੇ ਚਾਹੀਦੇ ? ਉਨ੍ਹਾਂ ਦੇ ਕਤਲ ਹੋਣੇਂ ਕਿਉਂ ਨਹੀਂ ਚਾਹੀਦੇ...ਹੋਣੇਂ ਚਾਹੀਦੇ ਨੇ ...ਪਰ ਇਹ ਕਤਲ ਲੋਕਾਂ ਦੀ ਓਸ ਲਹਿਰ ਨੂੰ ਜੋ ਪਰਚੰਡ ਕਰਨ 'ਚ ਸਹਾਈ ਹੁੰਦੇ ਨੇ,ਤਾਂਹੀ ਠੀਕ ਏ, ਜਿਹੜੀ ਲਹਿਰ ਲੋਟੂ ਅਤੇ ਬੁਚੜ ਢਾਂਚੇ ਦੀਆਂ ਜੜ੍ਹਾਂ ਪੁੱਟਣ ਵਾਲੀ ਹੋਵੇ ..ਪਰ ਇੰਦਰਾ ਗਾਂਧੀ ਦੇ ਕਤਲ ਨਾਲ ਇਹ ਕੁਝ ਨਹੀਂ ਹੋਣ ਲੱਗਿਆ। ਕਿਉਂਕਿ ਇਹ ਕਤਲ ਫਿਰਕੂ ਮਨਸ਼ਿਆਂ ਅਨੁਸਾਰ ਹੋਇਆ ਏ... ਇਸ ਕਤਲ ਨਾਲ ਤਾਂ ਸਗੋਂ ਫਿਰਕਾਪ੍ਰਸਤੀ ਦੀ ਜ਼ਹਿਰ ਹੋਰ ਫੈਲੇਗੀ...ਤੇ ਟੋਟੇ-ਪੱਟੇ ਜਾ ਰਹੇ ਲੋਕਾਂ ਦੀ ਏਕਤਾ ਅਤੇ ਲਹਿਰ ਨੂੰ ਹੋਰ ਧੱਕਾ ਲੱਗੇਗਾ... ਇਸ ਲਈ ਸਾਨੂੰ ਕਮਿਊਨਿਸਟਾਂ ਨੂੰ ਬਿਗਾਨਿਆਂ ਦੀ ਮਾਰ 'ਤੇ ਕੱਛਾਂ ਨਹੀਂ ਵਜਾਉਣੀਆਂ ਚਾਹੀਦੀਆਂ...।'

ਮੇਰੀ ਸੋਚ ਦੀ ਲੜੀ ਉਦੋਂ ਈ ਟੁੱਟੀ, ਜਦੋਂ ਰੇਡੀਉ ਨੇ ਸੋਗੀ ਧੁਨ ਵਜਾਉਣੀ ਸ਼ੁਰੂ ਕੀਤੀ। ਇੰਦਰਾ-ਗਾਂਧੀ ਦੇ ਕਤਲ ਹੋਣ ਨਾਲ ਈ ਸਕੂਲ-ਕਾਲਜ ਬੰਦ ਹੋ ਗਏ ਸਨ। ਸਾਰੇ ਪੰਜਾਬ 'ਚ ਕਰਫੀਊ ਲਾ ਦਿੱਤਾ ਗਿਆ ਸੀ। ਰੇਡੀਉ ਤੋਂ, ਦਿੱਲੀ, ਹਰਿਆਣੇ, ਕਾਨਪੁਰ, ਜੱਬਲਪੁਰ ਅਤੇ ਪੱਛਮੀ ਬੰਗਾਲ 'ਚ ਹੋਣ ਲੱਗੇ ਫਿਰਕੂ-ਦੰਗਿਆਂ-ਫਸਾਦਾਂ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਇਹ ਖ਼ਬਰਾਂ ਸੁਣਦਿਆਂ ਮੇਰਾ ਦਿਲ ਧੜਕਣ ਲੱਗ ਪਿਆ ਸੀ... ਕਿਉਂਕਿ ਉਹਨੀਂ ਦਿਨੀਂ ਮੇਰਾ ਅਮਰਦੀਪ ਵੀ ਹਰਿਆਣੇ 'ਚ ਈ ਸੀ। ਸੁਖਪਾਲ ਨਾਲ ਗਿਆ ਹੋਇਆ ਸੀ ਨਾ ਉਹ।...ਹਏ...ਹਏ...ਤੇ ਹਾਂ ! ਉਸ ਦਿਨ ਤਾਂ ਮੇਰੇ ਦਿਲ ਨੂੰ ਡੋਬ ਪਏ, ਜਿਸ ਦਿਨ ਮੈਂ ਸਾਡੇ ਗੁਆਂਢ 'ਚ ਰਹਿੰਦੇ ਉਸ ਰਿਕਸ਼ੇ ਵਾਲੇ ਦੀ ਲਾਸ਼ ਤੱਕੀ, ਜਿਹੜਾ ਆਪਣੇ ਬਾਪ ਦੇ ਫੁੱਲ ਪਾਉਣ ਲਈ ਹਰਦਵਾਰ ਗਿਆ ਸੀ। ਹੋਰ ਸਿੱਖ ਮੁਸਾਫ਼ਰਾਂ ਦੇ ਨਾਲ ਈ ਉਸ

ਵਿਚਾਰੇ ਰਿਕਸ਼ੇ ਵਾਲੇ ਨੂੰ ਵੀ ਫਿਰਕੂ-ਜਨੂੰਨੀਆਂ ਨੇ ਗੱਡੀ 'ਚੋਂ ਲਾਹ ਕੇ ਕਤਲ ਕੀਤਾ ਸੀ ਤੇ ਦੂਸਰੀਆਂ ਲਾਸ਼ਾਂ ਦੇ ਨਾਲ ਈ ਉਸ ਦੀ ਲਾਸ਼ ਗੱਡੀ ਦੇ ਡੱਬੇ 'ਚ ਬੰਦ ਕਰ ਦਿੱਤੀ ਸੀ।.. ਤੇ ਹਾਂ! ਉਸ ਰਿਕਸ਼ੇ ਵਾਲੇ ਦੀ ਲਾਸ਼ ਨੂੰ ਮਿਲਟਰੀ ਵਾਲੇ ਛੱਡ ਕੇ ਗਏ ਸਨ। ਲਾਸ਼ ਦੇ ਕੋਲ ਖੜੀ, ਰਿਕਸ਼ੇ ਵਾਲੇ ਦੀ ਮੁਟਿਆਰ ਪਤਨੀ ਦੀਆਂ ਧਾਹਾਂ, ਮੈਥੋਂ ਸੁਣੀਆਂ ਨਹੀਂ ਸਨ ਗਈਆਂ।...ਤੇ ਮੇਰੇ ਮਨ 'ਚ ਸਵਾਲ ਪੈਦਾ ਹੋ ਗਿਆ ਸੀ,

—ਮੇਰਾ ਅਮਰਦੀਪ ਪਤਾ ਨਹੀਂ ਕਿਵੇਂ ਹੋਵੇਗਾ ?'

ਸਕਿੰਟ-ਮਿੰਟ ਗੁਜ਼ਰਨ ਦੇ ਨਾਲ-ਨਾਲ ਈ ਮੇਰੇ ਦਿਲ ਅਤੇ ਦਿਮਾਗ ਨੂੰ ਇਸ ਸਵਾਲ ਨੇ ਆਪਣੇ ਘੇਰੇ 'ਚ ਲੈ ਲਿਆ। ਮੇਰਾ ਮਨ ਅਮਰਦੀਪ ਨੂੰ ਵੇਖਣ ਲਈ ਵਿਆਕੁਲ ਹੋ ਉਠਿਆ। ਮੈਂ ਸੋਚਿਆ,

—'ਮੈਨੂੰ ਪਹਿਲਾਂ ਪਿੰਡ ਜਾ ਕੇ ਪਤਾ ਕਰਨਾ ਚਾਹੀਦੈ...ਕੀਐ ਬਾਪੂ ਜੀ ਉਸ ਨੂੰ ਹਰਿਆਣੇ 'ਚੋਂ ਪਿੰਡ ਈ ਨਾ ਲੈ ਆਏ ਹੋਣ।...'

ਮੈਂ ਇਸ ਸੋਚ 'ਚ ਡੁੱਬੀ ਆਪਣੇਂ ਸਹੁਰੇ ਪਿੰਡ ਨੂੰ ਤੁਰ ਪਈ। ਮੈਂ ਜਿਉਂ-ਜਿਉਂ ਪਿੰਡ ਦੇ ਨੇੜੇ ਜਾ ਰਹੀ ਸੀ, ਤਿਉਂ-ਤਿਉਂ ਮੈਂ ਇਸ ਦੁਚਿੱਤੀ 'ਚ ਫੱਸਦੀ ਜਾ ਰਹੀ ਸਾਂ,

—'ਸਿੱਧੀ ਜਾ ਕੇ ਆਪਣੀ ਸੱਸ ਦੇ ਮੱਥੇ ਲੱਗਾਂ ਜਾਂ ਬਲਵੀਰ ਕੇ ਘਰ ਜਾਵਾਂ...'

ਪਿੰਡ ਦੀ ਫਿਰਨੀ 'ਤੇ ਪਹੁੰਚਦਿਆਂ ਈ ਮੈਂ ਆਪ-ਮੁਹਾਰੀ ਬਲਵੀਰ ਕੇ ਘਰ ਵੱਲ ਨੂੰ ਹੋ ਤੁਰੀ। ਬਲਵੀਰ ਕੇ ਘਰ ਪਹੁੰਚ ਕੇ ਮੈਂ, ਉਸ ਨੂੰ ਅਮਰਦੀਪ ਦਾ ਪਤਾ ਕਰਨ ਲਈ ਆਪਣੇ ਸਹੁਰੇ ਘਰ ਭੇਜਿਆ। ਵਾਪਿਸ ਆਈ ਬਲਵੀਰ ਨੇ ਮੈਨੂੰ ਦੱਸਿਆ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਦੋ ਦਿਨ ਪਹਿਲਾਂ ਦਾ ਤਾਇਆ ਜਾਨੀ ਕੇ ਬਲਵੀਰ ਦਾ ਤਾਇਆ ਅਤੇ ਮੇਰਾ ਸਹੁਰਾ, ਅਮਰਦੀਪ ਨੂੰ ਲੈਣ ਲਈ ਗਿਆ ਹੋਇਐ, ਪਰ ਹਾਲੇ ਤੱਕ ਮੁੜਿਆ ਨਹੀਂ। ਬਲਵੀਰ ਦੀ ਇਹ ਗੱਲ ਸੁਣਕੇ ਤਾਂ ਮੇਰਾ ਮਨ ਪਹਿਲਾਂ ਨਾਲੋਂ ਵੀ ਵੱਧ ਵਿਆਕੁਲ ਹੋ ਉੱਠਿਆ। ਮੈਂ ਉੱਡ ਕੇ ਅਮਰਦੀਪ ਕੋਲ ਜਾਣਾ ਚਾਹੁੰਦੀ ਸਾਂ। ਬਲਵੀਰ ਦੇ ਮਾਤਾ ਜੀ ਦੀ ਲਿਆਕੇ ਫੜਾਈ ਚਾਹ ਵੀ ਮੈਂ ਮਸਾਂ ਸੰਘੋਂ ਹੇਠਾਂ ਕੀਤੀ ਤੇ ਉਹਨੀਂ ਪੈਰੀਂ ਈ ਵਾਪਿਸ ਮੁੜੀ। ਮੈਂ ਮੁੜਦੀ ਆਉਂਦੀ ਨੇ ਆਪਣੇ ਆਖ

ਨੂੰ ਆਖਿਆ,

'ਸੁਖਪਾਲ ਦੇ ਪਿੰਡ, ਇਕੱਲੀ ਨੂੰ ਨਹੀਂ ਜਾਣਾ ਚਾਹੀਦਾ। ਬਾਈ ਗੁਰਮੀਤ ਨੂੰ ਨਾਲ ਲਿਜਾਣਾ ਚਾਹੀਦੈ।...ਪਰ ਕੀ ਪਤੈ, ਉਹ ਘਰ ਮਿਲੂ ਜਾਂ ਨਹੀਂ ਮਿਲੂ।...ਪਤਾ ਤਾਂ ਕਰਨਾ ਈ ਚਾਹੀਦੈ। ਜੇ ਉਹ ਘਰ ਨਾ ਮਿਲਿਆ ਤਾਂ ਫੇਰ ਇਕੱਲੀ ਈ ਸਹੀ...ਪਤਾ ਤਾਂ ਕਰਾਂ...'

ਮੈਂ ਜਦ ਗੁਰਮੀਤ ਦੇ ਘਰ ਗਈ ਤਾਂ ਅਗਾਹਾਂ ਉਹ ਮੰਜੇ ਤੇ ਬੈਠਾ ਅਖਬਾਰ ਪੜ੍ਹੀ ਜਾ ਰਿਹਾ ਸੀ। ਉਸ ਨੂੰ ਤੱਕ; ਮੈਨੂੰ ਕੁਝ ਨਾ ਕੁਝ ਧਰਵਾਸ ਹੋਇਆ। ਗੁਰਮੀਤ ਅਤੇ ਮਾਤਾ ਜੀ ਕੋਲੋਂ ਮੇਰੇ ਚਿਹਰੇ ਉਤਲਾ ਫਿਕਰ ਛੁਪਿਆ ਨਾ ਰਿਹਾ। ਮਾਤਾ ਜੀ ਨੇ ਤਾਂ ਹੈਰਾਨੀ ਭਰੇ ਅੰਦਾਜ਼ 'ਚ ਮੈਥੋਂ ਮੇਰੇ ਫਿਕਰ ਬਾਰੇ ਪੁੱਛ ਈ ਲਿਆ। ਮੈਂ ਕੁਝ ਈ ਪਲਾਂ 'ਚ ਆਪਣੇ ਫਿਕਰ ਬਾਰੇ ਉਹਨਾਂ ਨੂੰ ਦੱਸਣ ਬਾਦ, ਗੁਰਮੀਤ ਨੂੰ ਕਿਹਾ,

—'ਚਲੋ, ਉੱਠੋ! ਬਾਈ!! ਦੇਰ ਨਾ ਲਾਉ। ਆਪਾਂ ਚੱਲਕੇ ਅਮਰਦੀਪ ਦਾ ਪਤਾ ਕਰੀਏ।...ਮੇਰਾ ਤਾਂ ਓਨੀ ਦੇਰ ਉੱਕਾ ਦਿਲ ਨਹੀਂ ਟਿਕਦਾ, ਜਿੰਨੀ ਦੇਰ ਤੱਕ ਮੈਂ ਅਮਰਦੀਪ ਨੂੰ ਆਪਣੀ ਛਾਤੀ ਨਾਲ ਲਾ ਨਹੀਂ ਲੈਂਦੀ।...'

'ਭੈਣ! ਪਤਾ ਤਾਂ ਆਪਾਂ ਨੂੰ ਅਮਰਦੀਪ ਦਾ ਜ਼ਰੂਰ ਕਰਨਾ ਚਾਹੀਦੈ—ਪਰ ਪੰਜਾਬ ਤੋਂ ਬਾਹਰਲੇ ਸੂਬਿਆਂ ਨੂੰ ਹਾਲੇ ਬੱਸਾਂ-ਗੱਡੀਆਂ ਚੱਲਣ ਨਹੀਂ ਲੱਗੀਆਂ...' ਫਿਕਰ 'ਚ ਡੁੱਬੇ ਗੁਰਮੀਤ ਨੇ ਇਕ ਪਲ ਸੋਚਣ ਬਾਦ ਫੇਰ ਕਿਹਾ, '...ਖੈਰ,ਕੋਈ ਨਾ ਕੋਈ ਕਾਰ-ਜੀਪ ਦਾ ਇੰਤਜ਼ਾਮ ਤਾਂ ਹੋ ਈ ਸਕਦੈ...।'

'ਫੇਰ ਬੈਠਾ ਕੀ ਸੋਚਦੈਂ ਮੀਤਿਆ! ਉੱਠ ਕੇ ਕਿਸੇ ਸਵਾਰੀ ਦਾ ਬੰਨ੍ਹ-ਸੁਬਾ ਕਰ...' ਮੇਰੇ ਬੋਲਣ ਤੋਂ ਪਹਿਲਾਂ ਈ ਬੇਬੇ ਕਾਹਲੀ ਭਰੇ ਅੰਦਾਜ਼ 'ਚ ਬੋਲ ਪਈ ਸੀ।

ਗੁਰਮੀਤ ਟੈਕਸੀ ਸਟੈਂਡ ਵੱਲ ਤੁਰ ਗਿਆ। ਮੈਂ ਅਤੇ ਬੇਬੇ ਫਿਕਰ ਭਰੀਆਂ ਗੱਲਾਂ ਕਰਦੀਆਂ ਰਹੀਆਂ। ਅੱਧੇ-ਪੌਣੇਂ ਘੰਟੇ ਬਾਦ ਉਹ, ਇਕ ਹਿੰਦੂ ਡਰਾਇਵਰ ਦੀ ਕਾਰ, ਕਰਾਏ 'ਤੇ ਕਰ ਕੇ ਲੈ ਆਇਆ। ਮੈਂ ਗੁਰਮੀਤ ਨੂੰ ਘਰ ਦੀ ਇਕ ਨੁੱਕਰ ਕਰਕੇ ਆਖਿਆ,

'ਰੱਖਿਆ ਲਈ ਆਪਾਂ ਨੂੰ ਨਾਲ ਹਥਿਆਰ ਲੈ ਚੱਲਣੇਂ ਚਾਹੀਦੇ ਏ...।'

'ਅੱਜ ਦੀ ਹਾਲਤ 'ਚ ਹਥਿਆਰ ਚੱਕਣੇਂ ਕਿਰਣ! ਰੱਖਿਆ ਦੀ ਥਾਂ

ਫ਼ਸਾਉਣ ਦਾ ਕਾਰਨ ਬਣ ਸਕਦੇ ਨੇ . ਕਿਉਂਕਿ ਮਿਲਟਰੀ ਪੈਰ-ਪੈਰ 'ਤੇ ਤਲਾਸ਼ੀ ਕਰ ਰਹੀ ਐ...।'

ਉਸ ਦਾ ਜਵਾਬ ਮੈਨੂੰ ਚੁਭਿਆ। ਪਰ ਚੋਭ ਮੈਂ, ਮਨ ਈ ਮਨ 'ਚ ਜਰ ਗਈ। ਉਹ, ਡਰਾਇਵਰ ਨਾਲ ਦੀ ਸੀਟ 'ਤੇ ਬੈਠਾ। ਮੈਂ ਪਿਛਲੀ ਸੀਟ 'ਤੇ ਬੈਠੀ। ਬੇਬੇ, ਬੂਹੇ 'ਚ ਖੜੀ ਕਾਰ ਵੱਲ ਉਦੋਂ ਤੱਕ ਤੱਕਦੀ ਰਹੀ, ਜਦੋਂ ਤੱਕ ਕਾਰ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋਈ। ਕਾਰ ਜਦ ਸ਼ਹਿਰ ਤੋਂ ਬਾਹਰ ਨਿਕਲੀ ਤਾਂ ਉਦੋਂ ਸਾਨੂੰ, ਸ਼ਹਿਰ ਵਿਚਲੀ ਧਾਰਾ-ਫੈਕਟਰੀ ਦੇ, ਚਾਰ ਵਜੇ, ਵੱਜਣ ਵਾਲੇ ਘੁੱਗੂ ਦੀ ਆਵਾਜ਼ ਸੁਣਾਈ ਦਿੱਤੀ। ਡਰਾਇਵਰ ਦੇ ਸਾਹਮਣੇ, ਕਾਰ 'ਚ ਲੱਗੇ ਸ਼ੀਸ਼ੇ ਨੂੰ ਆਪਣੇ ਵੱਲ ਕਰਦੇ ਗੁਰਮੀਤ ਨੇ, ਪੈਂਟ ਦੀ ਪਿਛਲੀ ਜੇਬ 'ਚੋਂ ਕੱਢਿਆ ਕੰਘਾ, ਆਪਣੀਆਂ ਸਿਰ ਦੀਆਂ ਬੋਦੀਆਂ ਵਿਚ ਫੇਰਦਿਆਂ ਕਿਹਾ :

'ਸਾਥੀਆ ! ਬਸ ਅੱਜ ਤਾਂ ਤੂੰ ਜਮ੍ਹਾਂ ਫਸਿਆ ਗੱਡਾ ਈ ਕੱਢਿਐ—ਹੋਰ ਕਿਸੇ ਕਾਰ-ਟੈਕਸੀ ਵਾਲੇ ਨੇ ਹਾਂ ਨਹੀਂ ਕੀਤੀ।'

'ਮੈਂ ਵੀ ਕਾਮਰੇਡਾ ! ਤੈਨੂੰ ਬਸ ਜਵਾਬ ਨਹੀਂ ਦੇ ਸਕਿਆ।'

'ਖੈਰ ਹੁਣ ਹੈ ਤਾਂ ਟਿਕ-ਟਿਕਾਅ...ਘਬਰਾਉਣ ਵਾਲੀ ਗੱਲ ਨਹੀਂ।'

'ਗੱਲ ਘਬਰਾਉਣ ਦੀ ਨਹੀਂ ਕਾਮਰੇਡਾ ! ਜਿੱਦਣ ਦੀ ਇੰਦਰਾ ਮਾਰੀ ਐ, ਮੈਂ ਉੱਦਣ ਕੁਦਰਤੀ ਦਿੱਲੀ ਗਿਆ ਹੋਇਆ ਸੀ, ਰਿਸ਼ਤੇਦਾਰੀ 'ਚ ਮਿਲਣ। ਜੇ ਕਿਤੇ ਮੇਰੇ ਕੇਸ-ਦਾੜ੍ਹੀ ਹੁੰਦੀ, ਤਾਂ ਨਾ ਮੇਰੀ ਖੈਰ ਸੀ ਤੇ ਨਾ ਈ ਗੱਡੀ ਬਚਣੀ ਸੀ...।'

'ਤਾਂ ਤੇ ਸਾਥੀਆ ! ਫੇਰ ਤੈਨੂੰ ਤਾਂ ਦਿੱਲੀ 'ਚ ਹੋਏ ਦੰਗਿਆਂ ਬਾਰੇ ਸਹੀ-ਸਹੀ ਪਤਾ ਹੋਊ ?' ਗੁਰਮੀਤ ਨੇ ਹੱਥਲਾ ਕੰਘਾ ਮੁੜ ਪੈਂਟ ਦੀ ਪਿਛਲੀ ਜੇਬ 'ਚ ਪਾਉਂਦਿਆਂ ਸਵਾਲ ਕੀਤਾ।

'ਹਾਂ, ਕਾਮਰੇਡਾ ! ਬਹੁਤੇ ਦੰਗੇ ਤਾਂ ਮੈਂ ਆਪ ਆਪਣੀ ਅੱਖੀਂ ਵੇਖੇ ਸਨ।' ਡਰਾਇਵਰ ਨੇ ਸ਼ੀਸ਼ਾ ਘੁੰਮਾ ਕੇ ਮੁੜ ਆਪਣੇ ਸਾਹਮਣੇ ਕੀਤਾ। ਗੁਰਮੀਤ ਦੇ ਦੰਗਿਆਂ ਬਾਰੇ ਪੁੱਛਣ ਤੇ ਉਹ, ਕਾਰ ਦੇ ਸਟੇਰਿੰਗ ਨੂੰ ਖੱਬੇ-ਸੱਜੇ ਘੁੰਮਾਉਂਦਾ, ਦੰਗਿਆਂ ਬਾਰੇ ਦੱਸਣ ਲੱਗਿਆ। ਗੁਰਮੀਤ ਦੇ ਨਾਲ ਮੈਂ ਵੀ ਉਸ ਦੀ ਗੱਲ ਧਿਆਨ ਨਾਲ ਸੁਣਨ ਲੱਗ ਪਈ ਸਾਂ। ਉਹ ਦੱਸਣ ਲੱਗ ਪਿਆ ਸੀ ਕਿ ਇੰਦਰਾ

ਦੇ ਕਤਲ ਤੋਂ ਕੁਝ ਘੰਟੇ ਬਾਦ ਈ ਦਿੱਲੀ ਕਤਲਗਾਹ 'ਚ ਵਟ ਗਈ ਸੀ। ਕਈ ਕਾਂਗਰਸੀ ਲੀਡਰਾਂ ਦੇ ਇਸ਼ਾਰਿਆਂ 'ਤੇ ਜਨੂੰਨੀ ਟੋਲਿਆਂ ਅਤੇ ਲੁੱਟ-ਮਾਰ ਕਰਨ ਵਾਲੇ ਧਾੜਵੀਆਂ ਨੇ ਖੂਬ, ਸਿੱਖਾਂ ਦੀਆਂ ਦੁਕਾਨਾਂ ਅਤੇ ਘਰਾਂ ਦੀ ਲੁੱਟ-ਮਾਰ ਕੀਤੀ, ਅੱਗਾਂ ਲਾਈਆਂ। ਤੇ ਸਿੱਖ ਫਿਰਕੇ ਦੇ ਲੋਕਾਂ ਦੇ ਕਤਲੇਆਮ ਬਾਰੇ ਦੱਸਦੇ-ਦੱਸਦੇ ਕਾਰ ਡਰਾਇਵਰ ਨੇ ਜਦ ਦਸ-ਬਾਰਾਂ ਸਾਲ ਦੀ ਉਮਰ ਦੇ, ਸਿੱਖ ਫਿਰਕੇ ਦੇ ਇਕ ਬੱਚੇ ਦੀ ਦਰਦ-ਨਾਕ ਘਟਨਾਂ ਬਾਰੇ ਦੱਸਣਾ ਸ਼ੁਰੂ ਕੀਤਾ ਸੀ ਤਾਂ ਉਦੋਂ ਉਸ ਡਰਾਇਵਰ ਦੀ ਆਵਾਜ਼ ਪਹਿਲਾਂ ਨਾਲੋਂ ਵੱਧ ਦਰਦਮਈ ਹੋ ਗਈ ਸੀ ਤੇ ਮੇਰੀਆਂ ਸੋਚਾਂ 'ਚ ਅਮਰਦੀਪ ਦਾ ਸਾਕਾਰ ਹੋਇਆ ਆਕਾਰ ਪਹਿਲਾਂ ਨਾਲੋਂ ਹੋਰ ਵੱਧ ਸਪੱਸ਼ਟ ਹੋ ਗਿਆ ਸੀ। ਡਰਾਇਵਰ ਦਸ ਰਿਹਾ ਸੀ ਕਿ ਜਨੂੰਨੀ ਟੋਲਿਆਂ ਅਤੇ ਲੁੱਟੇਰੇ ਧਾੜਵੀਆਂ ਨੇ ਪਹਿਲਾਂ ਕਾਰ ਦੇ ਟਾਇਰ 'ਤੇ ਪਟਰੋਲ ਛਿੜਕਿਆ। ਫੇਰ ਟਾਇਰ ਨੂੰ, ਉਸ ਮਾਸੂਮ ਦੇ ਗਲ 'ਚ ਪਾਇਆ, ਫੇਰ ਸੀਖ ਘਸਾਕੇ ਟਾਇਰ ਨੂੰ ਲਾਈ ਅੱਗ ਦੀਆਂ ਲਾਟਾਂ ਦੀ ਲਪੇਟ 'ਚ ਆਏ ਮਾਸੂਮ ਦੀਆਂ ਚੀਕਾਂ ਅਸਮਾਨ 'ਚ ਗਲੀਆਂ ਕਰਦੀਆਂ ਰਹੀਆਂ। ਪਰ ਉਹਨਾਂ ਦਰਿੰਦਿਆਂ ਦੇ ਪੱਥਰ ਮਨਾਂ 'ਤੇ ਮੁੰਡੇ ਦੀਆਂ ਚੀਕਾਂ ਦਾ ਕੋਈ ਅਸਰ ਨਾ ਹੋਇਆ। ਮੁੰਡੇ ਦੀਆਂ ਚੀਕਾਂ ਉਦੋਂ ਬੰਦ ਹੋਈਆਂ, ਜਦੋਂ ਉਹ ਭੁੜਥਾ ਬਣ ਕੇ ਮੱਛੀ ਵਾਂਗ ਤੜ੍ਹਪਣ ਲੱਗ ਪਿਆ ਸੀ।...

ਮਾਸੂਮ ਦੀ ਮੌਤ ਦੀ ਦਰਦਨਾਕ ਘਟਨਾ, ਇਕ-ਤਰ੍ਹਾਂ ਮੇਰੇ ਦਿਲ ਨੂੰ ਛਾਣਨੀ ਈ ਕਰ ਗਈ ਸੀ। ਮੈਂ ਆਪਣੇ ਫੜ੍ਹਕ-ਫੜ੍ਹਕ ਵੱਜਦੇ ਦਿਲ 'ਤੇ ਹੱਥ ਰੱਖੀ ਬੱਸ ਇਹੋ ਈ ਸੋਚੀ ਜਾ ਰਹੀ ਸਾਂ—'ਮੇਰਾ ਅਮਰਦੀਪ, ਜਿਸ ਘੜੀ ਮੇਰੀ ਛਾਤੀ ਨਾਲ ਲੱਗੇਗਾ, ਉਹ ਘੜੀ ਕਿੰਨੀਂ ਸੁਭਾਗੀ ਹੋਵੇਗੀ।' ਮੈਨੂੰ, ਇਸ ਸੋਚ 'ਚ ਗੁੰਮ-ਸੁੰਮ ਹੋ ਕੇ ਬੈਠੀ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਕਾਰ, ਹਰਿਆਣੇ ਦੇ ਕਿੰਨੇ ਪਿੰਡ ਪਿੱਛੇ ਛੱਡ ਆਈ ਸੀ। ਸੂਰਜ, ਗਹਿਰੀ ਲਾਲੀ ਬਖੇਰ ਰਿਹਾ ਸੀ। ਮੈਂ, ਆਪਣੀ ਸੋਚ 'ਚ ਡੁੱਬੀ ਨੇ ਕਿਹਾ,

'ਵੀਰਾ! ਕਾਰ ਦੀ ਸਪੀਡ ਹੋਰ ਤੇਜ਼ ਕਰ ਦੇ...ਉਪਰੋਂ ਸੂਰਜ ਵੀ ਛਿਪਦਾ ਜਾ ਰਿਹੈ...' ਡਰਾਇਵਰ ਦੇ ਜਵਾਬ ਦੇਣ ਤੋਂ ਪਹਿਲਾਂ ਈ ਗੁਰਮੀਤ ਬੋਲ ਪਿਆ ਸੀ;

'ਕਾਰ ਤਾਂ ਪਹਿਲਾਂ ਈ ਫੁਲ ਸਪੀਡ 'ਤੇ ਜਾ ਰਹੀ ਐ ਕਿਰਣ...'

ਕਾਰ ਸੱਚੀਓਂ ਫੁਲ ਸਪੀਡ 'ਤੇ ਜਾ ਰਹੀ ਸੀ। ਪਰ, ਅਮਰਦੀਪ ਨੂੰ ਛਾਤੀ ਨਾਲ ਲਾਉਣ ਲਈ ਮੇਰੇ ਮਨ ਦੀ ਤੇਜ਼ ਸਪੀਡ ਨਾਲੋਂ ਕਾਰ ਦੀ ਫੁੱਲ ਸਪੀਡ ਬਹੁਤ ਈ ਘੱਟ ਸੀ। ਮੈਂ ਕਾਰ 'ਚ ਬੈਠੀ, ਚਿੜੀ-ਪਰਿੰਦਾ ਬਣ ਕੇ ਅਮਰਦੀਪ ਕੋਲ ਪਹੁੰਚ ਜਾਣਾ ਚਾਹੁੰਦੀ ਸਾਂ। ਸੂਰਜ ਦੀ ਬਿਖਰੀ ਲਾਲੀ ਪਲੋ-ਪਲ, ਮੂੰਹ-ਹਨ੍ਹੇਰੇ 'ਚ ਵੱਟਦੀ ਜਾ ਰਹੀ ਸੀ।...

ਮੂੰਹ-ਹਨ੍ਹੇਰੇ ਦੇ ਸੰਘਣੇਂ ਹਨ੍ਹੇਰੇ 'ਚ ਵਟ ਜਾਣ ਕਾਰਨ, ਸਾਨੂੰ ਸੜਕ ਦੇ ਖੱਬੇ ਹੱਥ ਖੜੇ ਦੋ ਫੌਜੀ ਟਰੱਕਾਂ ਦਾ ਪਤਾ ਸਿਰਫ ਪੰਦਰਾਂ-ਵੀਹ ਕਰਮਾਂ ਦੀ ਦੂਰੀ ਰਹਿ ਜਾਣ ਤੇ ਈ ਲੱਗਿਆ। ਫੌਜੀ ਟੈਂਕਾਂ ਕੋਲ, ਹਥਿਆਰ ਚੁੱਕੀ ਖੜੇ, ਫੌਜੀ ਦੇ ਹੱਥ ਦਾ ਇਸ਼ਾਰਾ ਤੱਕ,ਸਾਡੀ ਕਾਰ ਦੇ ਡਰਾਇਵਰ ਨੇ ਕਾਰ ਰੋਕੀ। ਉਸ ਫੌਜੀ ਵਲੋਂ ਕੀਤੇ ਗਏ ਹੁਕਮ ਦੀ ਆਵਾਜ਼ ਨੂੰ ਸੁਣਦਿਆਂ ਈ ਅਸੀਂ ਤਿੰਨੇ ਜਾਣੇਂ ਕਾਰ 'ਚੋਂ ਹੇਠਾਂ ਉੱਤਰ ਆਏ। ਹਥਿਆਰਾਂ ਨਾਲ ਲੈਸ ਫੌਜੀਆਂ ਦੀ ਟੋਲੀ ਨੇ ਸਾਨੂੰ ਚਾਰਾਂ-ਪਾਸਿਆਂ ਤੋਂ ਇਉਂ ਘੇਰਾ ਘੱਤ ਲਿਆ, ਜਿਵੇਂ ਅਸੀਂ ਮੁਜਰਮ ਸਾਂ। ਫੌਜੀਆਂ ਦੀ ਟੋਲੀ ਵਿੱਚਲੇ, ਗੋਰਖੇ-ਫੌਜੀ ਆਫਿਸਰ ਨੇ, ਆਪਣੇ ਹੱਥ ਵਿੱਚਲੀ ਬੈਟਰੀ ਦੀ ਰੌਸ਼ਨੀ, ਸਾਡੇ ਉੱਪਰ ਸੁੱਟਣ ਦੇ ਨਾਲ-ਨਾਲ, ਸਾਨੂੰ ਪੈਰਾਂ ਤੋਂ ਲੈ ਕੇ ਸਿਰ ਤੱਕ ਘੋਖਵੀਂ ਨਜ਼ਰ ਨਾਲ ਤੱਕਦਿਆਂ ਸਵਾਲ ਕੀਤਾ,

'ਕੌਨ ਹੋ ਤੁਮ ਲੋਗ ?'

'ਪੰਜਾਬ ਸੇ ਆ ਰਹੇ ਹੈ, ਹਮ ਲੋਗ ਸਰ ?' ਫੌਜੀ ਆਫਿਸਰ ਦੇ ਸਵਾਲ ਦਾ ਜਵਾਬ, ਗੁਰਮੀਤ ਨੇ ਹਿੰਦੀ ਭਾਸ਼ਾ 'ਚ ਈ ਦਿੱਤਾ। ਫੌਜੀ ਆਫਿਸਰ, ਸਾਨੂੰ ਪਹਿਲਾਂ ਨਾਲ ਹੋਰ ਵੱਧ ਘੋਖਵੀਂ ਨਜ਼ਰ ਨਾਲ ਤੱਕਦਾ, ਵਿਅੰਗ ਮਈ ਲਹਿਜ਼ੇ 'ਚ ਬੋਲਿਆ,

'ਅੱਛਾ ! ਅੱਛਾ !! ..ਯੇਹ ਬਾਤ ਹੈ, ਭੇਸ ਬਦਲ ਕਰ, ਇੱਧਰ, ਕੋਈ ਉਗਰਵਾਦੀ ਕਾਰਵਾਈ ਕਰਨੇ ਕੇ ਲਿਏ ਆਏ ਹੋ ?'

'ਯੇਹ ਬਾਤ ਨਹੀਂ ਸਰ !...' ਗੁਰਮੀਤ ਦੇ ਬੋਲਣ ਤੋਂ ਪਹਿਲਾਂ ਮੈਂ, ਫੌਜੀ ਅਫਸਰ ਦੇ ਵਿਅੰਗਮਈ ਸਵਾਲ ਦਾ ਜਵਾਬ, ਰੜਕਵੇਂ ਅੰਦਾਜ਼ 'ਚ ਦੇਣਾ ਸ਼ੁਰੂ ਕਰ ਦਿੱਤਾ ਸੀ...'ਹਮ ਲੋਗ ਤੋ ਯੇਹ ਪਤਾ ਕਰਨੇ ਆਏ ਹੈਂ ਕਿ ਇਸ ਤਰਫ ਹੂਏ ਫਿਰਕੂ-ਦੰਗੋਂ ਸੇ, ਹਮਾਰਾ ਅਮਰਦੀਪ ਸੁਰੱਖਿਅਤ ਹੈ ਜਾਂ ਨਹੀਂ ?'

'ਕੌਨ, ਅਮਰਦੀਪ ?' ਮੇਰੇ ਵੱਲੋਂ ਦਿੱਤੇ ਗਏ ਜਵਾਬ ਤੋਂ ਪੀੜਤ ਹੋਏ,

ਫੌਜੀ ਆਫਿਸਰ ਦੀ ਆਵਾਜ਼ ਪਹਿਲਾਂ ਨਾਲੋਂ ਵੱਧ ਕੁਰੱਖਤ ਸੀ।

'ਯੇਹ ਬਹਿਨ ਕਾ ਬੇਟਾ ਹੈ ਸਰ ! ਅਮਰਦੀਪ...' ਫੌਜੀ ਆਫਿਸਰ ਦੇ ਵਿਗੜੇ ਮੂਡ ਨੂੰ ਤੱਕ ਕੇ ਗੁਰਮੀਤ ਨਰਮ ਅੰਦਾਜ਼ 'ਚ ਬੋਲਣ ਲੱਗ ਪਿਆ ਸੀ। ਉਸ ਨੇ, ਬੋਲਦੇ-ਬੋਲਦੇ ਨੇ, ਸਾਡੇ ਹਰਿਆਣੇ 'ਚ ਆਉਣ ਦਾ ਕਾਰਨ ਫੌਜੀ ਅਫਸਰ ਨੂੰ ਦੱਸ ਦਿੱਤਾ ਸੀ। ਗੁਰਮੀਤ ਦੀ ਗੱਲ ਸੁਣਕੇ ਹਟੇ, ਫੌਜੀ ਅਫਸਰ ਨੇ, ਫੌਜੀ ਟੋਲੀ ਵਿਚਲੇ, ਲੈਂਸ-ਨੈਕ ਨੂੰ, ਹੁਕਮਰਾਨ ਲਹਿਜ਼ੇ 'ਚ ਸੰਬੋਧਨ ਕਰਦਿਆਂ, ਬੋਲਣਾ ਸ਼ੁਰੂ ਕਰ ਦਿੱਤਾ ਸੀ,

'ਲੈਂਸ-ਨੈਕ ! ਸਵੇਰ ਕੇ ਦੰਗੋਂ ਮੇਂ ਜੋ ਛੋਹਰਾ ਯਹਾਂ ਸੇ ਮਾਰਾ ਗਿਆ ਥਾ, ਉਸ ਛੋਹਰੇ ਕੀ ਸ਼ਵ, ਤੁਮ, ਇਨ ਲੋਗੋਂ ਸੇ ਦਿਖਲਾਅ ਕਰ ਲਾਓ। ਹੋ ਸਕਤਾ ਹੈ, ਵੋਹ, ਇਨ ਕਾ ਛੋਹਰਾ ਹੋ...'

ਫੌਜੀ ਆਫਿਸਰ ਦੀ ਗੱਲ, ਮੇਰੇ ਦਿਲ 'ਚ,ਸੇਲੇ ਵਾਂਗ ਜਾ ਖੁਭੀ। ਮੈਂ ਆਪਣੇ-ਆਪ 'ਤੇ ਕਾਬੂ ਪਾਉਂਦੀ, ਲੈਂਸ-ਨੈਕ ਨਾਲ ਤੁਰੇ ਗੁਰਮੀਤ ਦੇ ਮਗਰ ਹੋ ਤੁਰੀ। ਲੈਂਸ-ਨੈਕ, ਸਾਨੂੰ, ਫੌਜੀ ਟੈਂਕਾਂ ਦੇ ਪਿਛਲੇ ਪਾਸੇ, ਉੱਥੇ ਲੈ ਗਿਆ, ਜਿੱਥੇ ਚਾਦਰਾਂ ਨਾਲ ਢਕੀਆਂ ਪੰਜ ਲਾਸ਼ਾਂ, ਬਰਾ-ਬਰਾਬਰ ਪਈਆਂ ਸਨ। ਲੈਂਸ-ਨੈਕ ਨੇ ਹੱਥਲੀ ਬੈਟਰੀ ਦੀ ਰੌਸ਼ਨੀ, ਉਹਨਾਂ ਲਾਸ਼ਾਂ 'ਤੇ ਮਾਰਦਿਆਂ ਆਖਿਆ—'ਅਰੇ ਭਾਈ ! ਇਨ ਸੇ ਕਪੜਾ ਉਤਾਰ ਕਰ ਪਹਿਚਾਨ ਲੋ...।'

ਗੁਰਮੀਤ ਨੇ ਜਦ ਲਾਸ਼ਾਂ ਦੇ ਮੂੰਹਾਂ 'ਤੋਂ ਵਾਰੀ-ਵਾਰੀ ਚਾਦਰਾਂ ਲਾਹੁਣੀਆਂ ਸ਼ੁਰੂ ਕੀਤੀਆਂ ਸਨ ਤਾਂ ਉਸ ਸਮੇਂ ਮੇਰਾ ਦਿਲ ਧੱਕ-ਧੱਕ ਵੱਜਣ ਲੱਗ ਪਿਆ ਸੀ ਤੇ ਨਾਲ ਦੀ ਨਾਲ ਮੈਂ ਆਪੇ ਤੋਂ ਬਾਹਰ ਹੋ ਰਹੇ ਦਿਲ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਜਾਰੀ ਰੱਖ ਰਹੀ ਸੀ।...ਪਰ ਉਸ ਸਮੇਂ ਤਾਂ ਮੇਰਾ ਦਿਲ ਮੈਥੋਂ ਬਾਹਰ ਈ ਹੋ ਗਿਆ, ਜਿਸ ਸਮੇਂ ਮੈਂ, ਆਪਣੇ ਅਮਰਦੀਪ ਅਤੇ ਸੋਹਰੇ ਦੀ, ਲਹੂ-ਲੁਹਾਨ ਹੋਈਆਂ ਲਾਸ਼ਾਂ ਨੂੰ ਤੱਕਿਆ। ਲੈਂਸ-ਨੈਕ ਦੀ ਬੈਟਰੀ ਦੀ ਰੌਸ਼ਨੀ ਮੈਨੂੰ ਇਕ-ਦਮ ਕਾਲੇ-ਸ਼ਾਹ ਹਨ੍ਹੇਰੇ 'ਚ ਵਟੀ ਜਾਪੀ ਤੇ ਮੈਂ ਪਾਗਲਾਂ ਵਾਂਗ ਆਪ-ਮੁਹਾਰੀ ਉੱਚੀ-ਉੱਚੀ ਬੋਲਣ ਲੱਗ ਪਈ,

'ਬੁਚੜੋ ! ਜ਼ਾਲਮੋ !! ਹਤਿਆਰਿਓ !!! ਮੇਰੇ ਦਿਲ ਦੀ ਕੋਰ ਨੂੰ ਟੁਕੜੇ-ਟੁਕੜੇ ਕਰਕੇ ਤਾਂ ਹੁਣ ਥੋਡੇ ਧਰਮਾਂ ਦੇ ਦੈਂਤ ਨੂੰ ਸਬਰ ਆ ਗਿਆ...।' ਮੈਨੂੰ, ਬੋਲਦੀ ਨੂੰ ਚੁੱਪ ਕਰਾਉਣ ਲਈ, ਗੁਰਮੀਤ, ਦੁੱਖ ਭਰੀ ਆਵਾਜ਼ 'ਚ ਬਾਰ-ਬਾਰ

ਆਖ ਰਿਹ ਸੀ। ਫੌਜੀਆਂ ਦੀ ਟੋਲੀ ਸੋਗ 'ਚ ਡੁੱਬੀ ਖੜੀ ਸੀ। ਫੌਜੀ ਆਫਿਸਰ ਨੇ ਗੁਰਮੀਤ ਕੋਲੋਂ ਉਕੇਵੇਂ ਭਰੀ ਅਵਾਜ਼ 'ਚ ਪੁੱਛਿਆ ਸੀ,

'ਇਸ ਛੋਹਰੇ ਕੇ ਬਾਪ ਕਾ ਕਿਆ ਨਾਮ ਹੈ ?'

'ਸਰ ! ਹਰਪਾਲ ਇੰਘ ?'

'ਕਾਤਲੋ ! ਤੁਸੀਂ ਤਾਂ ਹਰਪਾਲ ਨੂੰ ਵੀ ਨਹੀਂ ਛੱਡਿਆ ? ਅਮਰਦੀਪ ਵੀ ਨਹੀਂ ਛੱਡਿਆ ...? ਇਹੋ ਹੈ ਥੋਡਾ ਲੋਕ-ਰਾਜ ? ਇਹੋ ਹੈ ਥੋਡਾ ਅਮਨ ? ...' ਮੈਂ ਆਪ-ਮੁਹਾਰੀ ਬੋਲੀ ਜਾ ਰਹੀ ਸੀ। ਮੇਰੇ ਵਲੋਂ ਲਾਪ੍ਰਵਾਹ ਹੋਇਆ ਫੌਜੀ ਆਫਿਸਰ, ਗੁਹਮੀਤ ਵਲੋਂ ਦਿੱਤੇ ਜਾ ਰਹੇ ਜਵਾਬਾਂ ਨੂੰ ਆਪਣੀ ਨੋਟ-ਬੁੱਕ 'ਤੇ ਨੋਟ ਕਰੀ ਜਾ ਰਿਹਾ ਸੀ। ਨੋਟ ਕਰ ਰਹੇ ਫੌਜੀ ਆਫਿਸਰ ਨੂੰ ਜਦ, ਗੁਰਮੀਤ ਵਲੋਂ ਦਿੱਤੇ ਗਏ ਜਵਾਬਾਂ ਤੋਂ ਇਹ ਪਤਾ ਲੱਗਿਆ ਸੀ ਕਿ ਮੋਏ ਪਏ ਅਮਰ-ਦੀਪ ਦਾ ਪਿਤਾ ਸਿੱਖ ਫਿਰਕੇ ਦਾ ਹੈ ਅਤੇ ਮਾਂ ਹਿੰਦੂ ਫਿਰਕੇ 'ਚੋਂ ਹੈ ਤਾਂ ਉਦੋਂ ਉਹ ਖਿੱਝੇ ਅੰਦਾਜ਼ 'ਚ ਬੋਲਿਆ ਸੀ,

—'ਇਸ ਛੋਹਰੇ ਕੋ ਮੈਂ ਕਿਸ ਫਿਰਕੇ ਦਾ ਨੋਟ ਕਰੂੰ ?'

'ਅਕਲ ਦਿਉ ਅੰਨ੍ਹਿਓ ! ਇਸ ਛੋਹਰੇ ਨੂੰ ਤੁਸੀਂ ਕਾਤਲ ਕਾਨੂੰਨੀਆਂ ਦੇ ਕਿਸੇ ਵੀ ਫਿਰਕੇ 'ਚ ਹਰਗਿਜ਼ ਨੋਟ ਨਾ ਕਰਨਾ।...ਇਹ ਸ਼ੈਤਾਨਾਂ ਦਾ ਛੋਹਰਾ ਨਹੀਂ...ਇਨਸਾਨਾਂ ਦਾ ਅਮਰਦੀਪ ਏ...ਇਸ ਦਾ ਫਿਰਕਾ ਵੀ ਇਨਸਾਨੀਅਤ ਐ ..' ਮੈਥੋਂ ਹੋਰ ਬਹੁਤਾ ਨਾ ਬੋਲਿਆ ਗਿਆ। ਮੈਂ, ਹਾਲੋਂ-ਬੇਹਾਲ ਹੋਈ, ਗੁਰਮੀਤ ਦੀਆਂ ਬਾਹਵਾਂ 'ਚ ਲੁਟਕ ਗਈ।...ਮੈਂ ਹੁਣ ਵੀ ਢੇਰੀ ਹੋ ਰਹੀ ਆਂ। ਮੈਨੂੰ ਕੁੱਝ ਪਲ ਆਰਾਮ ਕਰ ਲੈਣ ਦੇਵੋ। ਮੈਂ, ਆਪਣੀ ਹੱਡ-ਬੀਤੀ ਦਾ ਆਖਰੀ ਹਿੱਸਾ, ਤੁਹਾਨੂੰ, ਕੁਝ ਅਰਾਮ ਕਰਨ ਤੋਂ ਬਾਦ ਈ ਸੁਣਾ ਸਕਦੀ ਹਾਂ।

ਤੇਰਾਂ

ਮੇਰੇ ਸੈਹਰੇ ਅਤੇ ਅਮਰਦੀਪ ਹੋਰਾਂ ਦੀਆਂ ਲਾਸ਼ਾਂ ਕਦੋਂ ਗੱਡੀ 'ਚ ਚੜ੍ਹਾਈਆਂ ਗਈਆਂ ? ਮੈਨੂੰ, ਬੇਹੋਸ਼ੀ 'ਚ ਵਿਰਲਾਪ ਕਰਦੀ ਨੂੰ ਚੁੱਕ ਕੇ ਕਦੋਂ

ਕਾਰ 'ਚ ਲਿਟਾਇਆ ਗਿਆ ? ਅਮਰਦੀਪ ਅਤੇ ਮੇਰੇ ਸੌਹਰੇ ਦੀਆਂ ਲਾਸ਼ਾਂ ਨੂੰ, ਮੇਰੇ ਸੌਹਰੇ ਪਿੰਡ ਲੈ ਜਾ ਕੇ, ਉਹਨਾਂ ਦਾ ਸੰਸਕਾਰ ਕਦੋਂ ਕੀਤਾ ਗਿਆ ? ਮੈਨੂੰ ਬਠਿੰਡੇ ਦੇ ਹਸਪਤਾਲ 'ਚ ਕਦੋਂ ਦਾਖਲ ਕਰਵਾਇਆ ਗਿਆ ? ਅਮਰਦੀਪ ਅਤੇ ਮੇਰੇ ਸੌਹਰੇ ਦੀ ਮੌਤ ਤੇ, ਮੇਰੀ ਸੱਸ ਨੇ ਮੇਰੇ ਵਿਰੁੱਧ ਕਿਹੋ-ਜਿਹਾ ਕੁੱਝ ਉਗਲੱਛਿਆ ?... ਇਹਨਾਂ ਸਾਰੀਆਂ ਗੱਲਾਂ ਬਾਰੇ ਮੈਨੂੰ ਕੋਈ ਪਤਾ ਨਹੀਂ। ਕਿਉਂਕਿ ਮੈਂ ਪੂਰੇ ਤਿੰਨ-ਦਿਨ ਅਤੇ ਤਿੰਨ ਰਾਤਾਂ, ਬੇਹੋਸ਼ੀ ਦੀ ਹਾਲਤ 'ਚ ਹਸਪਤਾਲ 'ਚ ਪਈ ਰਹੀ ਸਾਂ। ਮੈਨੂੰ ਤਾਂ ਚੌਥੇ ਦਿਨ ਦੀ ਸਵੇਰ ਨੂੰ ਈ ਕੁੱਝ ਸੁਰਤ ਆਈ ਸੀ। ਬੇਹੋਸ਼ ਹੋਣ ਤੋਂ ਬਾਦ, ਜਦ ਮੈਂ ਪਹਿਲੀ ਵਾਰ ਅੱਖਾਂ ਪੁੱਟੀਆਂ ਸਨ ਤਾਂ ਮੈਂ ਆਪਣੇ ਸਰ੍ਹਾਣੇ ਖੜੇ ਡਾਕਟਰ, ਆਪਣੇ ਮੰਜੇ ਤੇ ਬੈਠੀ ਮਾਤਾ ਜੀ ਅਤੇ ਡਾਕਟਰ ਕੋਲ ਖੜੇ ਗੁਰਮੀਤ ਨੂੰ ਤੱਕ ਹੈਰਾਨ ਰਹਿ ਗਈ ਸਾਂ। ਮੈਨੂੰ ਇਉਂ ਜਾਪਿਆ ਸੀ, ਜਿਵੇਂ ਮੈਂ ਕੋਈ ਸੁਪਨਾ ਵੇਖ ਰਹੀ ਸਾਂ। ਪਰ, ਛੇਤੀ ਈ, ਮੇਰੇ ਅਚੇਤ ਮਨ 'ਚੋਂ ਅਮਰਦੀਪ ਹੋਰਾਂ ਦੀ ਮੌਤ ਦਾ ਖਿਆਲ ਮੇਰੇ ਸੁਚੇਤ ਮਨ 'ਚ ਆ ਗਿਆ ਸੀ ਤੇ ਮੇਰੇ ਦਿਲ ਨੂੰ ਫੇਰ ਡੋਬ ਪੈਣ ਲੱਗ ਪਏ ਸਨ। ਪਰ ਡਾਕਟਰ ਦੀ ਫੁਰਤੀ ਨੇ ਮੈਨੂੰ ਬੇਹੋਸ਼ ਹੋਣੋਂ ਬਚਾ ਲਿਆ ਸੀ।

ਪੂਰ ਅਠ ਦਿਨ ਹਸਪਤਾਲ 'ਚ ਰਹਿਣ 'ਤੇ ਮੇਰੀ ਹਾਲਤ ਕੁਝ ਨਾ ਕੁੱਝ ਸੁਧਰੀ। ਮੈਂ ਆਪਣੀ ਮਾਨਸਿਕ ਹਾਲਤ 'ਤੇ ਕਾਬੂ ਪਾਉਣਾ ਸ਼ੁਰੂ ਕੀਤਾ। ਗੁਰਮੀਤ ਅਤੇ ਮਾਤਾ ਜੀ ਮੈਨੂੰ ਹਸਪਤਾਲ 'ਚੋਂ ਸਿੱਧੀ, ਆਪਣੇ ਘਰ ਲੈ ਜਾਣਾ ਚਾਹੁੰਦੇ ਸਨ। ਪਰ ਮੈਂ ਸਿੱਧੀ ਆਪਣੇ ਘਰ ਜਾਣਾ ਚਾਹੁੰਦੀ ਸਾਂ। ਮੇਰੀ ਹਿੰਡ ਨੂੰ ਮੁੱਖ ਰੱਖਦਿਆਂ, ਗੁਰਮੀਤ ਅਤੇ ਮਾਤਾ ਜੀ ਮੈਨੂੰ ਮੇਰੇ ਘਰ ਵੱਲ ਲੈ ਤੁਰੇ। ਅਮਰਦੀਪ ਦੀ ਮੌਤ 'ਤੇ ਦੁੱਖ ਪਰਗਟ ਕਰਨ ਲਈ ਕਈ ਦਿਨ, ਆਂਢੀ ਗੁਆਂਢੀ ਅਤੇ ਸਕੂਲ ਦੇ ਸਟਾਫ ਦੇ ਮੈਂਬਰ ਆਉਂਦੇ ਰਹੇ। ਆਉਣ-ਜਾਣ ਵਾਲਿਆਂ ਦਾ ਜਦ ਆਉਣਾ-ਜਾਣਾ ਘਟਣਾ ਸ਼ੁਰੂ ਹੋਇਆ ਤਾਂ ਗੁਰਮੀਤ ਚਲਾ ਗਿਆ। ਪਰ, ਮਾਤਾ ਜੀ ਮੇਰੇ ਕੋਲ ਈ ਰਹੀ।

ਮੇਰੇ ਬੈਠੀ-ਬੈਠੀ ਦੇ ਦਿਮਾਗ 'ਚ ਅਮਰਦੀਪ ਦੇ ਬਾਰੇ 'ਚ ਖਿਆਲ ਤਾਂ ਚਲਦੇ ਰਹਿੰਦੇ, ਪਰ ਮੈਨੂੰ ਬੇਹੋਸ਼ੀ ਦਾ ਦੌਰਾ ਪੈਣੋਂ ਕੁਝ ਘਟ ਗਿਆ। ਜਿਸ ਦਿਨ ਮਾਤਾ ਜੀ ਸ਼ਹਿਰ 'ਚੋਂ ਆਟਾ ਅਤੇ ਖੰਡ ਲੈਣ ਗਏ ਹੋਏ ਸਨ, ਮੈਂ ਉਸ ਦਿਨ ਵਿਹੜੇ 'ਚ ਡਹੇ ਮੰਜੇ 'ਤੇ ਸੋਚਾਂ 'ਚ ਡੁੱਬੀ ਬੈਠੀ ਸੋਚੀ ਜਾ

ਰਹੀ ਸਾਂ,

'...ਪਤਾ ਨਹੀਂ ਬਾਈ ਹੋਰਾਂ ਦੀ ਪਾਰਟੀ ਕੀ ਕਰ ਰਹੀ ਏ ? ਲੁੱਟੇਰੀ-ਬੁੱਚੜ ਹਕੂਮਤ ਅਤੇ ਫਿਰਕੂ-ਦਰਿੰਦੇ ਨਿੱਤ-ਨਵੇਂ ਦਿਨ ਸਾਡੇ 'ਤੇ ਨਵਾਂ ਹਮਲਾ ਕਰ ਰਹੇ ਨੇ . ਇਹਨਾਂ, ਬੰਦੇ ਖਾਣਿਆਂ ਦੇ ਹਮਲਿਆਂ ਦੇ ਸ਼ਿਕਾਰ, ਅਸੀਂ ਕਦੋਂ ਤੱਕ ਹੁੰਦੇ ਰਹਾਂਗੇ...?...ਬਾਈ ਹੋਰਾਂ ਦੀ ਪਾਰਟੀ ਦੇ ਹਥਿਆਰ, ਕਦੋਂ ਕੁ ਤੱਕ ਹੁੰਦੇ ਰਹਿਣਗੇ ?... ਸੰਭਾਲਕੇ ਰੱਖੇ ਹਥਿਆਰਾਂ ਨੂੰ ਉਹ ਚੁਕਦੇ ਕਿਉਂ ਨਹੀਂ ? ਦੁਸ਼ਮਣਾਂ ਦੇ ਹਥਿਆਰਾਂ ਦਾ ਸ਼ਿਕਾਰ ਹੋਣ ਨਾਲੋਂ ਮੈਨੂੰ ਆਪਣੇ ਆਪ ਈ ਮਰ ਜਾਣਾ ਚਾਹੀਦੇ...ਮੈਂ, ਹੁਣ ਇਸ ਦੁਨੀਆਂ 'ਚ ਜਿਊਕੇ ਵੀ ਕੀ ਲੈਣਾ ਏ... ਉਦੋਂ ਖੁਦ ਈ ਮਰ ਜਾਣਾ ਚੰਗਾ ਹੁੰਦਾ ਏ, ਜਦੋਂ ਰੱਖਿਆ ਕਰਨ ਵਾਲੇ ਹਥਿਆਰਾਂ ਨੂੰ ਜ਼ਰ ਖਾ ਰਹੀ ਹੋਵੇ...'

ਮੈਂ, ਇਹਨਾਂ ਸੋਚਾਂ 'ਚ ਗੋਤੇ ਖਾਂਦੀ ਉੱਠ ਕੇ ਕਮਰੇ ਨੂੰ ਤੁਰੀ। ਕੱਪੜਿਆਂ ਵਾਲਾ ਟਰੰਕ ਖੋਲ੍ਹਿਆ। ਅਮਰਦੀਪ ਦੀ ਪੈਂਟ ਬੁਸ਼ਰਟ ਵੱਲ ਤੱਕਦਿਆਂ, ਮੈਨੂੰ ਹੌਲ ਜਿਹਾ ਪੈ ਗਿਆ। ਮੈਂ ਪੈਂਟ ਬੁਰਸ਼ਟ ਨੂੰ ਛਾਤੀ ਨਾਲ ਘੁੱਟ ਕੇ ਕੁੱਝ ਮਿੰਟ ਬੈਠੀ ਰਹੀ। ਜਦ ਮੇਰਾ ਦਿਲ ਕੁੱਝ ਨਾ ਕੁੱਝ ਸੰਭਲਿਆ ਤਾਂ ਮੈਂ ਪੈਂਟ-ਬੁਸ਼ਰਟ ਨੂੰ ਆਪਣੀ ਬੁੱਕਲ 'ਚ ਲੈ ਕੇ, ਟਰੰਕ 'ਚ ਪਏ ਦੂਸਰੇ ਕੱਪੜਿਆਂ ਦੀਆਂ ਤਹਿਆਂ ਹੇਠੋਂ, ਪਲਾਸਟਿਕ ਦਾ, ਸਿੱਕੇ ਵਰਗਾ ਭਾਰਾ, ਉਹ ਲਿਫਾਫਾ ਕੱਢਿਆ, ਜਿਹੜਾ, ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੇ ਦਿਨਾਂ 'ਚ ਗੁਰਮੀਤ ਮੈਨੂੰ ਅਮਾਨਤ ਵਜੋਂ ਸਾਂਭਣ ਲਈ ਫੜਾਕੇ ਗਿਆ ਸੀ। ਮੈਂ, ਉਸ ਲਿਫਾਫੇ ਦਾ ਬੰਨ੍ਹਿਆਂ ਮੂੰਹ ਖੋਲ੍ਹਿਆ। ਉਸ ਲਿਫਾਫੇ 'ਚ ਦੋ ਪਸਤੌਲ ਸਨ। ...ਪਰ ਕਾਰਤੂਸ ਕੋਈ ਨਹੀਂ ਸੀ। ਕਾਰਤੂਸਾਂ ਦੇ ਨਾ ਹੋਣ ਨੇ ਉਸ ਸਮੇਂ ਮੇਰੇ ਮਨ ਨੂੰ ਬੜਾ ਦੁਖੀ ਕੀਤਾ ਤੇ ਮੈਂ ਹੱਥ 'ਚ ਫੜੇ ਪਸਤੌਲਾਂ ਵੱਲ ਤੱਕਦੀ ਆਪ-ਮੁਹਾਰੀ ਬੋਲਣ ਲੱਗ ਪਈ,

'...ਬਾਈ ਹੋਰਾਂ ਦੀ ਪਾਰਟੀ ਦੇ ਪਸਤੌਲ ਵੀ ਕਾਰਤੂਸਾਂ ਤੋਂ ਸੱਖਣੇ ਈ ਹਨ . ਇਹਨਾਂ ਨੇ ਤਾਂ ਮੈਨੂੰ ਵੀ ਨਹੀਂ ਮਾਰਨਾ . ਕਾਰਤੂਸਾਂ ਤੋਂ ਖਾਲੀ ਪਸਤੌਲਾਂ ਨੇ ਦੁਸ਼ਮਣਾਂ ਨੂੰ ਕੀ ਮਾਰਨਾ ਐ ..ਇਹਨਾਂ ਪਸਤੌਲਾਂ ਨੂੰ ਤਾਂ ਜ਼ਰ ਖਾਈ ਜਾ ਰਹੀ ਏ...।'

ਪਸਤੌਲਾਂ ਦੀਆਂ ਨਾਲੀਆਂ 'ਤੇ ਜੰਮੀਂ ਗੇਰੂ-ਰੰਗੀ ਜ਼ਰ ਨੂੰ ਨੌਹਾਂ ਨਾਲ

ਖੁਰਚਦੀ ਮੈਂ ਟੁੱਟੇ ਜਿਹੇ ਦਿਲ ਨਾਲ ਬੈਠੀ ਸੋਚਦੀ ਰਹੀ,

'...ਬਸ, ਇਹੋ ਕਾਰਨ ਹੈ ਕਿ ਬਾਈ ਹੋਰਾਂ ਦੀ ਪਾਰਟੀ ਦੇ ਹਥਿਆਰਾਂ ਨੂੰ ਜੇ ਜ਼ਰ ਖਾ ਰਹੀ ਏ ਤੇ ਤਾਹੀਓਂ, ਅਸੀਂ ਲੋਕ ਦੁਸ਼ਮਣ ਦੇ ਨਿਸ਼ਾਨਿਆਂ ਦਾ ਸ਼ਿਕਾਰ ਹੋ ਰਹੇ ਹਾਂ...' ਮੇਰੀ ਸੋਚ 'ਚ ਡੁੱਬੀ ਦੀ ਨਜ਼ਰ, ਕਮਰੇ ਦੀ ਕੰਧ ਨਾਲ ਲਮਕ ਰਹੀ ਸਵਰਨ ਦੀ ਫੋਟੋ ਨਾਲ ਜਾ ਟਕਰਾਈ ਸੀ ਤੇ ਸਵਰਨ ਦੀ ਫੋਟੋ ਮੈਨੂੰ ਕਹਿੰਦੀ ਜਾਪੀ ਸੀ,

'ਕਮਲੀਏ ! ਕਿਰਣੀਏ !! . ਇਹ ਹਥਿਆਰ ਆਪਣੇ ਮਾਰਨ ਲਈ ਨਹੀਂ। ਦੁਸ਼ਮਣਾਂ ਦਾ ਸਫਾਇਆ ਕਰਨ ਖਾਤਰ ਨੇ ਤੈਨੂੰ ਮੁਸ਼ਕਲਾਂ ਦੇ ਪਹਾੜਾਂ ਸਾਹਮਣੇ ਦਿਲ ਨਹੀਂ ਛੱਡਣਾ ਚਾਹੀਦਾ...ਆਤਮ-ਹੱਤਿਆ ਕਰਨੀ ਬੁਜ਼ਦਿਲੀ ਹੁੰਦੀ ਐ...ਜੇ ਅੱਜ ਇਹਨਾਂ ਹਥਿਆਰਾਂ ਨੂੰ ਜ਼ੰਗ ਲੱਗ ਰਹੀ ਐ ਤਾਂ ਕੱਲ੍ਹ ਨੂੰ ਇਹਨਾਂ ਹਥਿਆਰਾਂ 'ਤੇ ਲੋਕ ਰੇਗਮਾਰ ਵੀ ਮਾਰ ਸਕਦੇ ਨੇ...।'

ਮੇਰੀਆਂ ਸੋਚਾਂ ਦੀ ਲੜੀ ਉਸ ਸਮੇਂ ਟੁੱਟੀ ਜਿਸ ਸਮੇਂ ਮੈਨੂੰ ਆਪਣੇ ਪਿਛਲੇ ਪਾਸੇ ਆ ਕੇ ਖੜੇ ਗੁਰਮੀਤ ਦੀ ਆਵਾਜ਼ ਸੁਣਾਈ ਦਿੱਤੀ,

'ਕਿਵੇਂ, ਕਿਰਣ ! ਪਸਤੌਲਾਂ ਤੋਂ ਜ਼ੰਗ ਲਾਹ ਰਹੀ ਐ ?'

'ਹਾਂ।...' ਮੈਂ ਰਤਾ ਵੀ ਘਬਰਾਏ ਤੋਂ ਬਿਨਾਂ ਉਸ ਨੂੰ ਜਵਾਬ ਦੇਣਾ ਸ਼ੁਰੂ ਕੀਤਾ।

'...ਜਦ ਪਏ-ਪਏ ਹਥਿਆਰਾਂ ਨੂੰ ਜ਼ਰ ਲੱਗ ਰਹੀ ਹੋਵੇ ਤਾਂ ਜ਼ਰ ਲਾਹੁਣੀ ਈ ਚਾਹੀਦੀ ਐ ..'

ਗੰਭੀਰਤਾ ਭਰੇ ਅੰਦਾਜ਼ 'ਚ ਗੁਰਮੀਤ ਨੇ ਮੇਰੀ ਹਾਂ 'ਚ ਹਾਂ ਮਿਲਾਈ,

'ਤੇਰੀ ਗੱਲ ਬਿਲਕੁਲ ਠੀਕ ਐ ਕਿਰਣ !...' ਬੋਲਦੇ-ਬੋਲਦੇ ਗੁਰਮੀਤ ਨੇ ਆਪਣੀ ਜੇਬ ਚੋਂ ਤਹਿ ਕੀਤੀ ਚਿੱਠੀ ਕੱਢ ਕੇ, ਮੈਨੂੰ ਫੜਾਉਂਦਿਆਂ ਆਖਿਆ ਸੀ,

'...ਆਹ ਖ਼ਤ ਕਿਰਣ, ਤੈਨੂੰ ਪਾਰਟੀ ਵਾਲਿਆਂ ਨੇ ਭੇਜਿਐ...'

ਉਹ ਖਤ ਹੁਣ ਵੀ ਮੇਰੇ ਕੋਲ ਏ। ਉਹ ਖਤ ਕਿਸਦਾ ਸੀ ? ਅਤੇ ਉਸ ਖਤ 'ਚ ਕੀ ਲਿਖਿਆ ਸੀ ? ਇਸ ਬਾਰੇ ਮੈਂ ਤੁਹਾਨੂੰ ਹੁਣੇ ਖਤ ਪੜ੍ਹ ਕੇ ਦੱਸਦੀ ਆਂ।

ਲਉ, ਸੁਣੋ ! ਖਤ...।

ਸਤਿਕਾਰਤ ਕਿਰਣ

ਕਾਸ਼ !!!.....

ਅਸੀਂ ਤੇਰੇ ਦੁੱਖਾਂ ਦੇ ਡੂੰਘੇ ਸਮੁੰਦਰ ਨੂੰ ਪੀ ਸਕਦੇ। ਪਰ ਅਸੀਂ ਇਉਂ ਨਹੀਂ ਕਰ ਸਕੇ। ਅਸੀਂ ਤਾਂ, ਤੁਹਾਡੇ ਪਿਤਾ, ਮਾਤਾ, ਸਵਰਨ, ਹਰਪਾਲ ਅਤੇ ਅਮਰਦੀਪ ਹੋਰਾਂ ਦੇ ਅੰਤਮ-ਸੰਸਕਾਰਾਂ ਸਮੇਂ ਵੀ ਪਹੁੰਚ ਨਹੀਂ ਸਕੇ। ਸਾਨੂੰ ਇਸ 'ਤੇ ਕਿਰਣ ! ਬੇਹੱਦ ਦੁੱਖ ਹੈ। ਅਸੀਂ ਬੇਸ਼ੱਕ ਤੁਹਾਡੇ ਕੋਲ ਨਹੀਂ ਪਹੁੰਚ ਸਕੇ... ਪਰ ਅਸੀਂ ਤੇਰੇ ਦੁੱਖਾਂ 'ਚ ਤਹਿ ਦਿਲੋਂ ਸ਼ਰੀਕ ਹਾਂ।

ਕਿਰਣ ! ਇਹ ਸੁਭਾਵਿਕ ਹੀ ਹੈ ਕਿ ਮਾਂ ਨੂੰ ਆਪਣੇ ਜੰਮੇ-ਜਾਏ ਅਤੇ ਲਾਡਾਂ ਨਾਲ ਪਾਲੇ ਪੁੱਤਰ ਦੀ ਬੇਵਕਤੀ ਮੌਤ ਉਤੇ ਭਾਰੀ ਸਦਮਾ ਪਹੁੰਚਦਾ ਹੈ। ਅਜਿਹਾ ਸਦਮਾ ਕੌਮਾਂਤਰੀ ਪ੍ਰੋਲੇਤਾਰੀਆਂ ਦੇ ਮਹਾਨ ਆਗੂ ਅਤੇ ਮਹਾਨ ਚਿੰਤਕ ਮਾਰਕਸ ਨੂੰ ਵੀ ਕਈ ਵਾਰ ਪਹੁੰਚਿਆ ਸੀ। ਪਹਿਲਾਂ, ਜਦੋਂ ਮਹਾਨ ਮਾਰਕਸ ਦੇ ਦੋ ਬੱਚਿਆਂ ਦੀ ਬੇਵਕਤੀ ਮੌਤ ਹੋ ਗਈ ਸੀ...ਫੇਰ ਪਿਆਰੀ ਪਤਨੀ ਜੈਨੀ ਦੇ ਚਲਾਣੇ ਸਮੇਂ, ਮਹਾਨ ਚਿੰਤਕ ਮਾਰਕਸ ਨੇ ਕਈ ਦਿਨ ਚੁੱਪ ਨਹੀਂ ਸੀ ਤੋੜੀ। ਇਸੇ ਤਰ੍ਹਾਂ ਉਸ ਦੇ ਗੂੜ੍ਹੇ ਮਿੱਤਰ ਏਂਗਲਜ਼ ਨੂੰ ਬੇਵਕਤੀ ਚੋਟ ਨੇ ਝੰਜੋੜਿਆ, ਜਦੋਂ ਉਸ ਦੀ ਨੌਜਵਾਨ ਪਤਨੀ ਨੂੰ ਬੇਵਕਤੀ ਮੌਤ ਨੇ ਨਿਗਲ ਲਿਆ ਸੀ।

ਪਰੰਤੂ ਪਰੋਲੇਤਾਰੀਆਂ ਦੇ ਮਹਾਨ ਚਿੰਤਕ, ਇਹਨਾਂ ਵਕਤੀ ਦਾ ਕਦਾਚਿਤ, ਸਦੀਵੀ ਸ਼ਿਕਾਰ ਨਾ ਹੋਏ। ਸਗੋਂ ਪ੍ਰੋਲੇਤਾਰੀ ਕਾਜ 'ਚ ਓੜਕਾਂ ਦੀ ਲਗਨ ਰੱਖਦੇ ਹੋਏ ਅਥਾਹ ਜੋਸ਼-ਖਰੋਸ਼, ਦ੍ਰਿੜਤਾ-ਦਲੇਰੀ ਤੇ ਅਡੋਲ ਨਿਸਚੇ ਨਾਲ ਭਰਪੂਰ ਜ਼ਿੰਦਗੀ ਜਿਊਂਦੇ ਰਹੇ। ਉਹਨਾਂ ਅਡੋਲ ਨਿਸ਼ਚੇ ਨਾਲ ਆਪਣੇ ਕਾਰਜ ਨੂੰ ਸਫਲਤਾ ਪੂਰਵ ਸਿਰੇ ਚਾੜ੍ਹਿਆ।

ਇਹਨਾਂ ਹਿਰਦੇ-ਵੇਦਕ ਘਟਨਾਵਾਂ ਨੂੰ ਉਹਨਾਂ ਮਹਾਨ ਰਹਿਨੁਮਾਵਾਂ ਨੇ ਜਮਾਤੀ-ਸਮਾਜ ਦੀਆਂ ਅਲਾਮਤਾਵਾਂ ਦਾ ਪਰਗਟਾਵਾ ਦਸਿਆ ਹੈ, ਜਿਨ੍ਹਾਂ ਦਾ ਸ਼ਿਕਾਰ ਕਿਸੇ ਨਾ ਕਿਸੇ ਰੂਪ ਵਿਚ ਪ੍ਰੋਲੇਤਾਰੀਆਂ ਤੇ ਮਿਹਨਤਕਸ਼ ਲੋਕਾਂ ਨੂੰ ਹੋਣਾ ਪੈ ਰਿਹਾ ਹੈ।

ਕਿਰਣ ! ਤੇਰੀ ਜ਼ਿੰਦਗੀ ਦੀਆਂ ਅਤੇ ਬਾਕੀ ਦੇ ਸਾਰੇ ਪ੍ਰੋਲੇਤਾਰੀਆਂ ਅਤੇ ਮਿਹਨਤਕਸ਼ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਦੁਖਦਾਇਕ ਘਟਨਾਵਾਂ ਦੀਆਂ

ਜੜ੍ਹਾਂ ਅੱਜ ਦਾ ਜਮਾਤੀ ਸਮਾਜਿਕ ਪ੍ਰਬੰਧ ਹੈ । ਇਸ ਪ੍ਰਬੰਧ ਨੂੰ ਜੜੋਂ ਉਖੇ[illegible] ਤਹਿਸ਼-ਨਹਿਸ਼ ਕਰਨ ਨਾਲ ਈ ਇਹਨਾਂ ਦੁਖਦਾਇਕ ਘਟਨਾਵਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ । ਫਿਰਕੂ-ਜਨੂੰਨ ਦੀ ਨਾਮੁਰਾਦ ਬੀਮਾਰੀ ਕੋਲੋਂ ਛੁਟਕਾਰਾ ਪਾਇਆ ਜਾ ਸਕਦਾ ਹੈ ।

ਕਿਰਣ ! ਤੁਸੀਂ, ਮਹਾਨ ਚਿੰਤਕ ਮਾਰਕਸ-ਏਗਲਜ਼ ਹੋਰਾਂ ਦੀਆਂ ਸਿਖਿਆਵਾਂ ਤੋਂ ਸਿਖਿਆ ਲੈ ਕੇ ਆਪਣੇ-ਆਪ ਨੂੰ ਚੜ੍ਹਦੀ ਕਲਾ 'ਚ ਰੱਖਣਾ। ਅਸੀਂ ਤੈਨੂੰ ਜਲਦੀ ਈ ਮਿਲਣ ਦੀ ਕੋਸ਼ਿਸ਼ ਕਰਾਂਗੇ ।

ਤੁਹਾਡੇ ਦੁੱਖਾਂ 'ਚ ਸ਼ਰੀਕ-ਮਜ਼ਦੂਰਾਂ ਅਤੇ ਮਿਹਨਤਕਸ਼ਾਂ ਦੀ ਪਾਰਟੀ ਸੱਚ ਨਾਲ ਈ ਇਸ ਖ਼ਤ ਨੇ ਮੇਰੇ ਦਿਲ ਨੂੰ ਬਹੁਤ ਸਹਾਰਾ ਦਿੱਤਾ । ਇਸ ਖਤ ਨੇ ਮੇਰੇ ਦਿਮਾਗ 'ਚੋਂ, ਆਤਮ-ਹੱਤਿਆ ਕਰਨ ਦਾ ਸਵਾਲ ਧੋ ਦਿੱਤਾ ਅਤੇ ਆਪਣੀ ਰਹਿੰਦੀ ਜ਼ਿੰਦਗੀ ਦਾ ਪਲ-ਪਲ ਇਸ ਸਮਾਜਿਕ ਪਰਬੰਧ ਨੂੰ ਤਹਿਸ਼-ਨਹਿਸ਼ ਕਰਨ ਖਾਤਰ ਅਰਪਣ ਕਰਨ ਦੀ ਤਾਂਘ ਮੇਰੇ ਮਨ 'ਚ ਇਸੇ ਖਤ ਨੇ ਈ ਪੈਦਾ ਕੀਤੀ। ਮੈਂ ਵੀਰ ਸਵਰਨੇ ਹੋਰਾਂ ਦੀ ਪਾਰਟੀ ਦੇ ਸਿਰਲੱਥ ਬਾਈਆਂ ਨੂੰ ਉਡੀਕਦੀ ਰਹੀ—ਤੇ ਅੱਜ ਵੀ ਉਡੀਕ ਰਹੀ ਹਾਂ ।...ਉਹਨਾਂ ਦੀ ਉਡੀਕ ਲੰਮੀਂ ਈ ਲੰਮੀਂ ਹੁੰਦੀ ਜਾ ਰਹੀ ਏ ਵੇਖੋਗਾਂ ! ਔਹ ਸਾਹਮਣੇ, ਪੂਰਬ ਦੀ ਗੋਦ 'ਚੋਂ ਉਹੀ ਸੂਰਜ ਉੱਭਰ ਰਿਹਾ ਏ, ਜਿਹੜਾ ਕੱਲ੍ਹ ਸ਼ਾਮੀਂ ਪੱਛਮ ਨੇਂ ਨਿਗਲਿਆ ਸੀ ।...ਫੇਰ, ਮੇਰੇ ਸਵਰਨੇ ਵੀਰ ਹੋਰਾਂ ਦੀ ਪਾਰਟੀ ਦੇ ਬਾਈ ਕਿਉਂ ਨਹੀਂ ਆਉਣਗੇ ?... ਉਹ ਜ਼ਰੂਰ ਆਉਣਗੇ । ਮੈਨੂੰ ਪੱਕਾ ਵਿਸ਼ਵਾਸ ਐ—ਉਹ ਜ਼ਰੂਰ ਆਉਣਗੇ...

o